# ਆਪਣੇ ਲੋਕ

ਇਸੇ ਕਲਮ ਤੋਂ

| | | | |
|---|---|---|---|
| 1. | ਬਨੇਰੇ ਖਾਮੋਸ਼ ਹਨ | 2006 | ( ਕਾਵਿ-ਸੰਗ੍ਰਹਿ ) |
| 2. | ਹਨੇਰੀ ਰਾਤ ਦੇ ਜੁਗਨੂੰ | 2011 | ( ਨਾਵਲ ) |
| 3. | ਕੇਹੀ ਵਗੇ ਹਵਾ | 2014 | ( ਨਾਵਲ ) |

# ਆਪਣੇ ਲੋਕ

**ਅਜ਼ੀਜ਼ ਸਰੋਏ**

**Aapne Lok**
(Novel)
By
© **Aziz Sroay**
Art Teacher
V.p.o:- Reond Kalan
Teh:- Budhlada
Dist:- Mansa (151503)
Cont:- 8968970888, 9779123262(whatsapp)
Email:-azizsroay@gmail.com

1st Edtion Aug 2018
Type & Setting:- Raj 23pur

*Published by*
Caliber Publications
Patiala
Cont:- 9815448958, 9646784678(whatsapp)
Email:- caliberpublication@gmail.com

Printed & Bound at:
Shaheed-E-Azam Press, Patiala

*All rights reserved*

ਸਮਰਪਿਤ

**ਪੰਜਾਬ ਅਤੇ ਰਫ਼ੀਕ ਦੀ ਦੋਸਤੀ ਨੂੰ**

**ਨਾਵਲ ਦੇ ਪਹਿਲੇ ਪਾਠਕ ਲਈ**

**ਜੁਝਾਰੂ ਸਾਥੀ ਤੇ ਵੀਰ ਮਾ. ਗੁਰਬਖ਼ਸ਼ ਸਿੰਘ ਲਈ**

# ਇਹ ਭੂਮਿਕਾ ਨਹੀਂ, ਆਪਣੇ ਲੋਕਾਂ ਨਾਲ਼ ਦਰਦ ਦੀ ਸਾਂਝ ਹੈ ਮੇਰੀ

'ਆਪਣੇ ਲੋਕ' ਦੀ ਸਿਰਜਣ ਪ੍ਰਕਿਰਿਆ ਤੋਂ ਪਹਿਲਾਂ, ਮੇਰਾ ਮਨ ਕਿੰਨੀਆਂ ਹੀ ਦਿਸ਼ਾਵਾਂ ਦੀ ਗਤੀ ਕਰਨ ਚਲਾ ਗਿਆ ਸੀ। ਅਜਿਹੇ ਨਾਵਲ ਦੀ ਸਿਰਜਣਾ ਕਰਨਾ, ਮੇਰੇ ਲਈ ਚੁਣੌਤੀ ਭਰਿਆ ਕਾਰਜ ਸੀ, ਕਿਉਂਕਿ 1947 ਦੇ ਆਸ-ਪਾਸ ਦੇ ਸਮੇਂ, ਸਥਾਨ ਅਤੇ ਘਟਨਾਵਾਂ ਨੂੰ ਫੜਨਾ ਤੇ ਫਿਰ ਉਹਨਾਂ ਨੂੰ ਸਾਰਥਕ ਰੂਪ ਵਿੱਚ ਹੂ-ਬ-ਹੂ ਪੇਸ਼ ਕਰਨਾ ਸੁਖਾਲ਼ਾ ਕਾਰਜ ਨਹੀਂ ਸੀ। ਮੇਰੇ ਜਿਹੇ ਪਛੇਤੀ ਉਮਰ ਦੇ ਨਾਵਲਕਾਰ ਲਈ ਤਾਂ ਇਹ ਕਾਰਜ ਹੋਰ ਵੀ ਚੁਣੌਤੀ ਭਰਪੂਰ ਸੀ।

ਨਾਵਲ ਲਿਖਦਿਆਂ ਕਈ ਵਾਰ ਮਨ 'ਤੇ, ਉਦਾਸੀ ਦੇ ਬੱਦਲ਼ ਵੀ ਛਾਏ, ਕਿੰਨਾ ਸਮਾਂ ਸ਼ਬਦ ਗੂੰਗੇ ਬਣ, ਮੇਰੇ ਅੰਦਰਲੇ ਚੇਤਨ ਮਨ ਨੂੰ ਹੁੱਜਾਂ ਮਾਰਦੇ ਰਹੇ। ਨਵਾਂ ਵਰ੍ਹਾ 2017 ਇਸ ਕਾਰਜ ਲਈ ਸ਼ੁਭ-ਸੰਕੇਤ ਹੋ ਨਿਬੜਿਆ। ਸਾਹਿਤਿਕ ਮਿਲਣੀਆਂ ਅਤੇ ਸਮਾਗਮਾਂ ਤੋਂ ਊਰਜਾ ਲੈ ਕੇ ਮੇਰੀ ਰਚਨਾ ਰਾਵੀ ਦੇ ਵਹਾਅ ਵਾਂਗ ਆਪਣਾ ਰਸਤਾ ਆਪ ਬਣਾਉਂਦੀ, ਅੱਗੇ ਹੀ ਅੱਗੇ ਵਧਦੀ ਗਈ।

ਮੇਰਾ ਖ਼ੁਦ ਦਾ ਇਹ ਮੰਨਣਾ ਹੈ ਕਿ ਮੈਂ ਨਾਵਲ ਨੂੰ ਅੱਗੇ ਨਹੀਂ ਤੋਰਿਆ, ਸਗੋਂ ਨਾਵਲ ਮੈਨੂੰ ਉਂਗਲ ਫੜ, ਆਪਣੇ ਨਾਲ਼-ਨਾਲ਼ ਤੋਰਦਾ ਗਿਆ। ਨਾਵਲ ਲਿਖਦਿਆਂ ਮੈਂ ਕਦੇ ਚੜ੍ਹਦੇ ਪੰਜਾਬ ਦੇ ਪਿੰਡਾਂ- ਕਾਲੀਆ, ਕਾਹਨਗੜ੍ਹ, ਪੀਰਾਂਵਾਲੀ, ਡਸਕਾ ਅਤੇ ਕਦੇ ਲਹਿੰਦੇ ਪੰਜਾਬ ਦੇ ਪਿੰਡਾਂ- ਭੱਟੀ ਭੰਗੋ, ਚੱਕ ਖਲੀਲ, ਗਲੋਟੀਆਂ, ਅਲੀਪੁਰ ਸੱਯਦਾਂ ਦੇ ਨਾਲ਼-ਨਾਲ਼ ਲਾਹੌਰ, ਪਸਰੂਰ ਅਤੇ ਸਮੁੱਚੇ ਪਾਕਿਸਤਾਨ ਵਿੱਚ ਚੇਤੰਨ ਰੂਪ ਵਿੱਚ ਤੁਰਿਆ ਫਿਰਦਾ ਸੀ।

ਨਾਵਲ ਤਾਂ ਮੈਂ 1947 ਸਮੇਂ ਦੀ ਮੁਜਾਰਾ ਲਹਿਰ ਤੋਂ ਸ਼ੁਰੂ ਕਰ ਕੇ, 20 ਵੀਂ ਸਦੀ ਦੇ ਅੰਤਲੇ ਸਮੇਂ ਤਕ, ਪੰਜਾਬ ਅੰਦਰ ਉੱਠੀਆਂ ਲੋਕ-ਪੱਖੀ ਲਹਿਰਾਂ, ਉਨ੍ਹਾਂ ਦੇ ਕਾਰਨਾਂ ਅਤੇ ਬਹੁ-ਪਰਤੀ ਪ੍ਰਭਾਵਾਂ ਬਾਰੇ ਲਿਖਣਾ ਚਾਹੁੰਦਾ ਸੀ। ਮੁਜਾਰਾ ਲਹਿਰ ਦੇ ਡੂੰਘੇਰੇ ਅਧਿਐਨ ਤੋਂ ਬਾਅਦ, ਮੈਂ ਨਾਵਲ ਲਿਖਣਾ ਸ਼ੁਰੂ ਕੀਤਾ ਪਰ 1947 ਦਾ ਕਾਲ਼ਾ ਦੌਰ ਸਫਿਆ 'ਤੇ ਲਿਖਣ ਕੀ ਲੱਗਿਆ। ਨਾਵਲ ਲਗਾਤਾਰ ਵਿਸਥਾਰ ਲੈਣ ਲੱਗਾ। ਧਰਮ ਅਧਾਰ 'ਤੇ ਹੋਈ ਅਨੈਤਿਕ ਵੰਡ ਨੂੰ ਮਹਿਸੂਸਦਿਆਂ, ਮੈਂ ਨਾਵਲ ਨੂੰ ਵਿਸ਼ਾ-ਪੱਖ ਤੋਂ 47 ਤਕ ਹੀ ਸੀਮਤ ਰੱਖਣ ਦਾ ਫੈਸਲਾ ਕੀਤਾ।

ਬਰੇਟਾ ਨੇੜਲੇ ਪਿੰਡਾਂ- ਕਿਸ਼ਨਗੜ੍ਹ ਸੇਢਾ ਸਿੰਘ ਵਾਲ਼ਾ, ਰੰਘੜਿਆਲ, ਡਸਕਾ, ਖੱਤਰੀਵਾਲਾ ਨੂੰ ਮੈਂ ਕਥਾਨਕ ਵਜੋਂ ਵਰਤਣਾ ਚਾਹੁੰਦਾ ਸੀ ਕਿਉਂਕਿ ਜਿੱਥੇ ਕਿਸ਼ਨਗੜ੍ਹ ਮੁਜਾਰਾ ਲਹਿਰ ਦਾ ਕੇਂਦਰ ਬਿੰਦੂ ਸੀ, ਉੱਥੇ ਹੀ ਡਸਕਾ ਮੁਸਲਮਾਨਾਂ ਦਾ ਪਿੰਡ ਸੀ। ਪਰ ਇੱਕ ਦਿਨ ਸਬੱਬੀਂ, ਸਾਥੀ ਅਧਿਆਪਕ ਅਤੇ ਅਜ਼ੀਜ਼ ਮਿੱਤਰ ਮਨਦੀਪ ਸਿੰਘ ਦੇ ਪਿੰਡ ਕਾਲੀਆ ਜਾਣ ਦਾ ਮੌਕਾ ਬਣਿਆ। ਗੱਲੀਂ-ਬਾਤੀਂ ਪਤਾ ਲੱਗਿਆ ਕਿ ਉਹ ਪਸਰੂਰ ਲਾਗਿਓਂ ਭੱਟੀ ਭੰਗੋ ਤੋਂ ਆ ਕੇ ਵਸੇ ਹਨ। ਕਾਲੀਆ ਮੁਸਲਮਾਨਾਂ ਅਤੇ ਪਖੀਰਾਂ ਦਾ ਪਿੰਡ ਸੀ ਜਦ ਕਿ ਗੁਆਂਢੀ ਪਿੰਡ ਕਾਹਨਗੜ੍ਹ ( ਬਰੇਟਾ ਨੇੜਲਾ ) ਮੁਜਾਰਿਆਂ ਦਾ ਪਿੰਡ।

ਇਸ ਦੋਸਤਾਨਾ ਮੁਲਾਕਾਤ ਦਾ ਅਸਰ ਇਹ ਹੋਇਆ ਕਿ ਮੈਂ ਆਪਣੇ

ਨਾਵਲ ਦਾ ਕਥਾਨਕ ਬਦਲ ਕੇ, ਕਾਲੀਆ ਅਤੇ ਕਾਹਨਗੜ੍ਹ ਪਿੰਡਾਂ ਨੂੰ ਚੁਣ ਲਿਆ। ਗੁਰਦੇਵ ਗੁੱਜਰ ਅਤੇ ਚੱਕ ਖਲੀਲ ਦੇ ਦਲੀਪ ਸਿੰਘ ਪੁੱਤਰ ਇੰਦਰ ਸਿੰਘ ਨਾਲ ਲੰਮੀਆਂ ਮੁਲਾਕਾਤਾਂ ਕੀਤੀਆਂ।

ਨਾਵਲ ਵਿਚਲੇ ਪਾਤਰ ਨਵਾਬ, ਸਤੀਆ ਰਾਮ ਗੁੱਜਰ, ਗੱਜੂ ਅਸਲ ਪਾਤਰ ਹਨ। ਗੁਰਦੇਵ ਨਾਵਲ ਵਿਚਲੇ ਪਾਤਰ, ਸਤੀਆ ਰਾਮ ਦਾ ਹੀ ਪੁੱਤਰ ਹੈ। ਅਸਲ ਰੂਪ ਵਿੱਚ ਜੇ ਨਜ਼ਰ ਨਹੀਂ ਆ ਰਹੇ ਤਾਂ ਉਹ ਹਨ-ਕਾਲੀ, ਰਫੀਕ, ਬਸੀਰਾਂ, ਨਵਾਬ, ਸੁਲਤਾਨਾਂ ਤੇ ਹੋਰ।

ਭੱਟੀ ਭੰਗੋ ਅਤੇ ਚੱਕ ਖਲੀਲ ਦੇ ਬੂਟਾ ਸਿੰਘ, ਇੰਦਰ ਸਿੰਘ, ਧਰਮ ਸਿੰਘ, ਭਾਗ ਸਿੰਘ, ਅਨੋਖਾ ਸਿੰਘ, ਬਹਾਦਰ ਸਿੰਘ, ਈਸ਼ਰ ਤੇ ਸਰੂਪ ਸਿੰਘ ਦੀ ਪੀੜਾ ਅਜੇ ਵੀ ਨਹੀਂ ਘਟੀ। ਮੈਨੂੰ ਉਨ੍ਹਾਂ ਦੀ ਪੀੜਾ ਦਾ ਅਹਿਸਾਸ ਹੈ। ਅੱਜ ਵੀ ਲਹਿੰਦੇ ਪੰਜਾਬ ਵੱਲ ਮੂੰਹ ਕਰਦਿਆਂ ਹੀ, ਉਨ੍ਹਾਂ ਅੰਦਰ ਭੱਟੀ ਭੰਗੋ ਜਾਂ ਚੱਕ ਖਲੀਲ ਵੱਲ ਜਾਣ ਦੀ ਇੱਛਾ, ਤਾਂਘ ਅਤੇ ਖਿੱਚ ਪੈਦਾ ਹੁੰਦੀ ਹੈ।

ਮੈਂ ਅਤੇ ਮਨਦੀਪ ਸਿੰਘ ਨੇ ਜਦ ਦਲੀਪ ਸਿੰਘ ਨਾਲ਼ ਮੁਲਾਕਾਤ ਕੀਤੀ, ਤਾਂ ਵੰਡ ਸਮੇਂ 15 ਕੁ ਸਾਲ ਦਾ ਦਲੀਪ ਸਿੰਘ ਵੀ ਕਿੰਨਾ ਭਾਵੁਕ ਹੋ ਗਿਆ ਸੀ। ਬੀਤੇ ਸਮੇਂ ਨੂੰ ਯਾਦ ਕਰਕੇ ਉਸਦਾ ਗੱਚ ਭਰ ਆਇਆ ਤੇ ਉਹਦੀ ਅੱਖ ਨਮ ਹੋ ਗਈ। ਦਲੀਪ ਸਿੰਘ ਦੀ ਅੱਖ ਵੀ ਨਮ ਕਿਉਂ ਨਾ ਹੁੰਦੀ ! ਮੈਂ ਵੀ ਤਾਂ ਉਸ ਨੂੰ ਪਿਛਾਂਹ ਤੋਰ ਕੇ, ਚੱਕ ਖਲੀਲ ਤਕ ਲੈ ਗਿਆ ਸੀ।

ਮੈਂ ਖ਼ੁਦ ਵੀ ਲਿਖਣ ਵਕਤ ਕਿੰਨੀ ਵਾਰ ਭਾਵੁਕ ਹੋਇਆ। ਕਈ ਵਾਰ ਤਾਂ ਨਾਵਲ ਲਿਖਣਾ ਛੱਡ, ਮੈਂ ਖੁੱਲ੍ਹ ਕੇ ਰੋਇਆ ਵੀ। ਮੈਂ ਨਾਵਲ ਦੇ ਆਰੰਭ ਤੋਂ ਅੰਤ ਤਕ ਦਰਦ, ਦੁੱਖ, ਵਿਛੜਨ ਤੋਂ ਬਾਅਦ ਮਿਲਾਪ ਦੀ ਤਾਂਘ, ਵੇਦਨਾ, ਪੀੜਾ ਭਰਨ ਦਾ ਯਤਨ ਕੀਤਾ। ਇਹੀ ਕਾਰਨ ਹੈ ਕਿ ਮੈਂ 'ਆਪਣੇ ਲੋਕ' ਦੀ ਰਚਨਾ ਤੋਂ ਬਾਅਦ ਆਪਣੇ-ਆਪ ਨੂੰ ਬੋਝ-ਮੁਕਤ ਮੰਨਦਾ ਹਾਂ। ਮੈਂ ਸਮੁੱਚੀ ਲੋਕਾਈ ਦਾ ਦਰਦ ਸਫ਼ਿਆਂ ਵਿੱਚ ਸਮੋਇਆ ਹੈ। ਮੈਂ ਜਿੰਨੀ ਇਕਾਗਰਤਾ ਅਤੇ ਰੂਹ ਨਾਲ਼ ਨਾਵਲ ਸਿਰਜਿਆ ਹੈ, ਪਾਠਕ ਤੇ ਆਲੋਚਕ ਵੀ ਰੂਹ ਨਾਲ਼ ਨਾਵਲ ਪੜ੍ਹਨ।

ਆਉ ਸਾਰੇ ਪ੍ਰਾਰਥਨਾ ਕਰੀਏ ਕਿ ਭਵਿੱਖ ਵਿੱਚ ਧਰਮ ਅਤੇ ਜਾਤ ਆਧਾਰਤ ਮਾਰ-ਧਾੜ, ਲੁੱਟ-ਖੋਹ, ਬਲਾਤਕਾਰ, ਦੰਗੇ-ਫਸਾਦ ਨਾ ਹੋਣ। ਰਫੀਕ ਕਦੇ ਵੀ ਪੰਜਾਬ ਤੋਂ ਨਾ ਵਿਛੜੇ। ਅਜਿਹੀ ਸਾਂਝੀ ਧਰਤੀ ਹੋਵੇ, ਜਿੱਥੇ ਰਫੀਕ ਅਤੇ ਪੰਜਾਬ ਮਿਲ ਕੇ, ਬਿਨਾਂ ਰੋਕ-ਟੋਕ ਗੁੱਲੀ-ਡੰਡਾ ਖੇਡਣ। ਮੇਲੇ ਅਤੇ ਤਿੱਥ-ਤਿਉਹਾਰ ਸਾਂਝੇ ਹੋਣ। ਗੱਜੂ ਵਰਗੇ ਬਦਮਾਸ਼, ਧੀਆਂ ਅਤੇ ਤੀਆਂ ਦੀ ਪਵਿੱਤਰਤਾ ਭੰਗ ਨਾ ਕਰਨ।

ਅੰਤ ਵਿੱਚ ਮੈਂ ਇਹੋ ਦੁਆ ਕਰਦਾ ਹਾਂ -

ਚੇ ਚੜ੍ਹ ਚੰਦਾ ਤੂੰ ਕਰ ਰੁਸ਼ਨਾਈ ਤਾਰੇ ਜਿਕਰ ਕਰੇਂਦੇ ਤੇਰਾ ਹੂ,  
ਤੇਰੇ ਜੇਹੇ ਚੰਦ ਸੈ ਚੜ੍ਹਦੇ ਸਾਨੂੰ ਸੱਜਣਾਂ ਬਾਝ ਹਨੇਰਾ ਹੂ,  
ਜਿਥੇ ਚੰਨ ਅਸਾਡਾ ਚੜ੍ਹਦਾ ਉੱਥੇ ਕਦਰ ਨਹੀਂ ਕੁਝ ਤੇਰਾ ਹੂ,  
ਜਿਸ ਦੀ ਖਾਤਰ ਅਸਾਂ ਜਨਮ ਗਵਾਇਆ ਬਾਹੂ ਮੇਲੀਂ ਇੱਕ ਵੇਰਾ ਹੂ।

(ਕਲਾਮ ਸੁਲਤਾਨ ਬਾਹੂ ਜੀ)

**-ਅਜ਼ੀਜ਼ ਸਰੋਏ**

# ਆਪਣੇ ਲੋਕ

ਸ਼ਾਮ ਅਜੇ ਢਲ਼ੀ ਨਹੀਂ ਸੀ। ਅਸਮਾਨ ਘਸਮੈਲ਼ਾ ਜਿਹਾ ਹੋ ਵੀ ਗਿਆ ਤੇ ਬੱਦਲ਼ ਘੁਲ਼ ਗਏ। ਗੁਰਮੁਖ ਨੇ ਆਲ਼ੇ-ਦੁਆਲ਼ੇ ਦੇ ਖੇਤਾਂ ਵੱਲ ਨਜ਼ਰ ਮਾਰੀ। ਜਿੱਥੇ ਤਕ ਨਜ਼ਰ ਗਈ, ਹਾਲ਼ੀ ਤੇ ਕੰਮੀ ਮੌਸਮ ਦਾ ਰੁਖ ਵੇਖ ਘਰਾਂ ਨੂੰ ਚੱਲ ਪਏ। ਗੁਰਮੁਖ ਨੇ ਜੋੜਿਆਂ ਨਾਲ਼ ਚਿੰਬੜੀ ਮਿੱਟੀ ਨੂੰ ਹੱਥ ਫੜੀ ਪਰਾਣੀ ਨਾਲ਼ ਝਾੜਿਆ। ਟਾਹਲੀ ਨੇੜਲੀ ਵੱਟ 'ਤੇ ਪਏ ਪਰਨੇ ਨੂੰ ਮੋਢੇ 'ਤੇ ਰੱਖ ਲਿਆ।

"ਚਲੋ ਬਈ ਸ਼ੇਰ ਬੱਗਿਓ, ਪਾਈਏ ਆਪਾਂ ਵੀ ਘਰਾਂ ਨੂੰ ਚਾਲੇ।"

ਉਸਨੇ ਦੋਹਾਂ ਬਲ਼ਦਾਂ ਨੂੰ ਹੱਕਿਆ ਹੀ ਸੀ, ਪਹਿਲਾਂ ਨਾਲ਼ੋਂ ਵੀ ਹੋਰ ਜ਼ੋਰ ਦੀ ਹਵਾ ਚੱਲ ਪਈ। ਹਵਾ ਦੇ ਤੇਜ਼ ਬੁੱਲੇ ਨਾਲ਼ ਟਾਹਲੀ ਦੇ ਪੱਤੇ ਨਾਲ਼ ਵਾਲ਼ੇ ਵਾਹਣ ਤਕ ਜਾ ਖਿੰਡੇ। ਬੱਦਲ਼ਾਂ ਨੇ ਅਸਮਾਨ ਨੂੰ ਢਕ ਲਿਆ ਤਾਂ ਅਚਾਨਕ ਹੀ ਹਨੇਰਾ ਹੋ ਗਿਆ। ਮੋਟੀ ਕਣੀ ਦਾ ਮੀਂਹ ਸ਼ੁਰੂ ਹੋਇਆ, ਗੁਰਮੁਖ ਨੇ ਚਾਦਰੇ ਨਾਲ਼ ਸਿਰ ਨੂੰ ਓਟ ਕੀਤੀ। ਮੋਟੀਆਂ ਕਣੀਆਂ ਵੀ ਤਿੱਖੀਆਂ ਸੂਲ਼ਾਂ ਵਾਂਗੂ ਚੁਭਣ ਲੱਗੀਆਂ। ਚਾਰ ਕਣੀਆਂ ਕੀ ਡਿੱਗੀਆਂ ! ਜੋੜੇ ਵੀ 'ਗੜੱਪ-ਗੜੱਪ' ਕਰਨ ਲੱਗ ਪਏ। ਗਿੱਲੀ ਮਿੱਟੀ ਚਿੰਬੜ ਜਾਣ ਕਾਰਨ ਜੋੜੇ ਕਿੰਨੇ ਹੀ ਭਾਰੇ ਹੋ ਗਏ ਸੀ। ਚੀਕਣੀ ਮਿੱਟੀ ਅੱਗੇ ਪੈਰ ਹੀ ਨਹੀਂ ਸੀ ਪੁੱਟਣ ਦੇ ਰਹੀ।

ਕੱਚੇ ਪਹੇ ਦੇ ਦੋਵੇਂ ਪਾਸੇ ਦਾ ਸਰਕੜਾ 'ਸਾਂ-ਸਾਂ' ਕਰਨ ਲੱਗਾ ਤੇ ਲਿਫ ਕੇ ਧਰਤੀ ਨਾਲ਼ ਲੱਗਣ ਵਾਲ਼ਾ ਹੋਇਆ ਪਿਆ ਸੀ। ਪਿੰਡੇ 'ਤੇ ਕਣੀਆਂ ਲੱਗਣ ਕਾਰਨ ਬਲ਼ਦਾਂ ਨੇ ਧੁੜਧੁੜੀ ਜਿਹੀ ਲਈ।

ਉਹ ਅਜੇ ਪਿੰਡ ਵੜਿਆ ਹੀ ਸੀ, ਜਾਖਲ ਵਾਲ਼ੇ ਪਾਸਿਓਂ ਕੂਕਾਂ ਮਾਰਦੀ ਗੱਡੀ ਹਵਾ ਨੂੰ ਚੀਰਦੀ ਆ ਰਹੀ ਸੀ। ਗੱਡੀ ਆਉਂਦੀ ਵੇਖ ਉਸਨੇ ਬਲ਼ਦਾਂ ਨੂੰ ਪਟੜੀ ਦੇ ਉਰਲੇ ਪਾਸੇ ਹੀ ਰੋਕ ਲਿਆ।

ਸਾਰੇ ਦਿਨ ਵਿੱਚ ਤਿੰਨ-ਚਾਰ ਗੱਡੀਆਂ ਹੀ ਕਾਹਨਗੜ੍ਹ ਰੁਕਦੀਆਂ ਹਨ।

ਕਾਹਨਗੜ੍ਹੀਆਂ ਦਾ ਨਿੱਤ ਦਾ ਕਾਰ-ਵਿਹਾਰ, ਉੱਠਣਾ-ਸੌਣਾ, ਖੇਤ-ਬੰਨੇ ਜਾਣਾ ਤੇ ਹੋਰ ਅਨੇਕ ਕੰਮ-ਧੰਦੇ ਗੱਡੀ ਦੀ ਕੂਕ ਨਾਲ਼ ਜੁੜੇ ਹਨ।

ਗੁਰਮੁਖ ਨੇ ਵੇਖਿਆ, ਹੁਣੇ-ਹੁਣੇ ਲੰਘੀ ਮਾਲ ਗੱਡੀ ਨਜ਼ਰੋਂ ਦੂਰ ਹੋ ਗਈ। ਉਸਨੇ ਸੱਜੇ-ਖੱਬੇ ਵੇਖ ਬਲ਼ਦਾਂ ਨੂੰ ਫਿਰ ਹੱਕ ਲਿਆ। ਰੇਲ ਦੀ ਪਟੜੀ ਲੰਘਦਿਆਂ ਸਾਰ ਉਹ ਪਿੰਡ 'ਚ ਵੜ ਗਿਆ। ਪਿੰਡ ਦੇ ਚੜ੍ਹਦੇ ਵੱਲ ਗੁਰੂਦੁਆਰੇ ਕੋਲ਼ ਪਹੁੰਚਿਆ ਤਾਂ ਉਹ ਆਪ-ਮੁਹਾਰੇ ਹੀ ਸ਼ਰਧਾ ਵਜੋਂ ਨਤਮਸਤਕ ਹੋਇਆ। ਗੁਰੂ-ਘਰ ਬਣੇ ਨੂੰ ਵੀ ਜ਼ਿਆਦਾ ਸਮਾਂ ਨਹੀਂ ਹੋਇਆ, ਪੰਜ ਕੁ ਸਾਲ ਹੀ ਹੋਏ ਹਨ। ਜਦ ਵੀ ਗੁਰੂਦੁਆਰਾ ਉਸਾਰਨ ਦੀ ਗੱਲ ਚੱਲਦੀ, ਵਿਸਵੇਦਾਰ ਦਬਾਅ ਪਾਉਣਾ ਸ਼ੁਰੂ ਕਰ ਦਿੰਦੇ। ਹਾਕਮ ਲੋਕ ਤੇ ਸ਼ਾਤਰ ਵਿਸਵੇਦਾਰ ਸੋਚਦੇ –

"ਮੁਜਾਰਿਆਂ ਨੇ ਗੁਰੂ-ਘਰ ਬਣਾ ਲਿਆ ਤਾਂ 'ਕੱਠੇ ਹੋ ਜਾਇਆ ਕਰਨਗੇ, ਜੇ ਇਕਜੁੱਟ ਹੋ ਗਏ ਤਾਂ ਸਾਡੀ ਹੋਂਦ ਨੂੰ ਖਤਰਾ ਹੋ ਸਕਦੈ।"

ਅੰਤ ਮੁਜਾਰਿਆਂ ਦੀ ਜੱਦੋ-ਜਹਿਦ ਅਤੇ ਵਿਸਵੇਦਾਰਾਂ ਦੇ ਗੁੰਡਿਆਂ ਨਾਲ਼ ਹੋਈਆਂ ਖ਼ੂਨੀ ਝੜੱਪਾਂ ਤੋਂ ਬਾਅਦ ਗੁਰੂ-ਘਰ ਦਾ ਨੀਂਹ ਪੱਥਰ ਰੱਖਿਆ ਗਿਆ।

ਗੁਰੂ-ਘਰ ਲੰਘ ਕੇ ਉਹ ਘਰ ਵਾਲ਼ੀ ਨੀਵੀਂ ਬੀਹੀ ਪੈ ਗਿਆ। ਸੋਚਣ ਲੱਗਾ- "ਚਾਰ ਕਣੀਆਂ ਕੀ ਪਈਆਂ ! ਸਾਰੇ ਪਿੰਡ 'ਚ ਈ ਚਿੱਕੜੀ ਹੋ ਗਈ। ਨੀਵੀਂ ਬੀਹੀ 'ਚ ਵੀ ਤਿਲ੍ਹਕਣ ਹੋ ਗਈ।"

ਸਿਆਣੇ ਬਲ਼ਦ ਨਿੱਤ ਦੀ ਤਰ੍ਹਾਂ ਆਪਣੀ ਬੀਹੀ ਤੋਂ ਅੰਦਰ ਨੂੰ ਮੁੜ ਗਏ।

ਬਲ਼ਦਾਂ ਨੂੰ ਬਾਗਲ਼ 'ਚ ਬੰਨ੍ਹ ਗੁਰਮੁਖ ਨੇ ਲੱਕੜ ਦਾ, ਬਿਰਲਾਂ ਵਾਲਾ ਤਖਤਾ ਖੋਲ੍ਹਿਆ ਹੀ ਸੀ, ਗੱਡੀ ਦੀ 'ਛੂਕ-ਛੂਕ' ਦੀ ਆਵਾਜ਼ ਅਜੇ ਤਾਈਂ ਉਹਨੂੰ ਸੁਣ ਰਹੀ ਸੀ। ਘਰ ਦੀ ਦੇਹਲ਼ੀ ਟੱਪਦਿਆਂ ਤਕ ਮੀਂਹ ਰੁਕ ਗਿਆ। ਚਾਦਰਾ ਤਾਂ ਅੱਧ ਗਿੱਲਾ ਜਿਹਾ ਹੋ ਗਿਆ ਪਰ ਬਾਕੀ ਕੱਪੜਿਆਂ ਨੂੰ ਟਾਂਵੀ-ਟਾਂਵੀ ਕਣੀਂ ਹੀ ਲੱਗੀ ਸੀ। ਅੰਦਰ ਵੜਨ ਤੋਂ ਪਹਿਲਾਂ ਉਸਨੇ ਮਿੱਟੀ ਨਾਲ਼ ਲਿਬੜੇ ਜੋੜੇ ਬਾਹਰ ਹੀ ਕੱਢ ਦਿੱਤੇ। ਸਿਰ 'ਤੇ ਲਏ ਚਾਦਰੇ ਨੂੰ ਉਤਾਰ ਕੇ ਜ਼ੋਰ ਦੀ ਛੰਡਿਆ ਤੇ ਫਿਰ ਝਲਾਨੀ 'ਚ ਪਈਆਂ ਬੂਈਆਂ 'ਤੇ ਵਿਛਾ ਦਿੱਤਾ।

"ਆ ਗਿਆ ਪੰਜਾਬ ਦੇ ਬਾਪੂ !" ਆਪਣੇ ਆਹਰ ਲੱਗੀ ਛੰਨੋ ਨੇ ਜ਼ੁਬਾਨ ਸਾਂਝੀ ਕੀਤੀ।

"ਹੂੰ ...।" ਗੁਰਮੁਖ ਦੁਧੀਆ ਕੁੜਤੇ ਨੂੰ ਵੀ ਛੰਡਣ ਲੱਗਾ।

"ਪੰਜਾਬਾ ਦੀਂਹਦਾ ਹੀ ਨੀਂ !" ਕੁੜਤੇ ਨੂੰ ਮੰਜੇ ਦੀ ਪੈਂਦ 'ਤੇ ਰੱਖਦਿਆਂ ਤੇ ਉਲਝੇ ਹੋਏ ਵਾਲ਼ਾਂ 'ਚ ਹੱਥ ਫੇਰਦਿਆਂ ਗੁਰਮੁਖ ਨੇ ਪੰਜਾਬ ਬਾਰੇ ਪੁੱਛਣਾ ਜ਼ਰੂਰੀ ਸਮਝਿਆ।

"ਰਫੀਕ ਨਾਲ਼ ਗਿਆ ਹੋਣਾ।" ਛੰਨੋ ਨੇ ਧੁਖੀ ਹੋਈ ਪਾਥੀ ਨੂੰ ਚਿਮਟੇ ਨਾਲ਼ ਭੰਨ ਕੇ ਅੱਗ ਨੂੰ ਫਰੋਲਿਆ।

"ਕਿੱਧਰ ਛਿੜੇ ਨੇ ਐਸ ਵੇਲ਼ੇ ! ਖੌਂਸੜਿਆਂ ਦੀ ਘਾਟ ਐ। ਬਸ ! ਹੋਰ ਕੋਈ ਗੱਲ ਨੀਂ।"

"ਡੇਰੇ ਆਲ਼ੇ ਪਾਸੇ ਕੁੱਤੀ ਸੂਈ ਐ, ਕੈਂਅ੍ਹਦੇ ਰੋਟੀ ਪਾ ਕੇ ਆਉਨੇ ਆਂ।"

"ਹੈ ਕਮਲ਼ੇ ! ਸੂਈ ਕੁੱਤੀ ਊਂ ਮਾਰੂ ਬੁਰਕਾ। ਰਫੀਕ ਕਰਦੈ ਸਾਰੀਆਂ ਘਤਿੱਤਾਂ।"

"ਘੱਟ ਆਪਣੇ ਆਲ਼ਾ ਵੀ ਨੀਂ। ਅੱਜ ਦਿਨੇ ਵੀ ਗਏ ਸੀ, ਕੁੱਤੀ ਦੇ ਘੋਰਨੇ 'ਚ ....ਪੰਜਾਬ ਮਿੰਨਤਾਂ ਜੀਆਂ ਕਰਦਾ ਸੀ, ਕੈਂਅ੍ਹਦਾ, ਬੇਬੇ ! ਮੈਂ ਕਤੂਰਾ ਲੈ ਆਮਾਂ ?"

"ਫਿਰ ਤੂੰ ਕੀ ਕਿਹਾ ?"

"ਮੈਂ ਕੀ ਕੈਅ੍ਹਣਾ ਸੀ ! ਮਖਾਂ ਪੁੱਤ, ਕੁੱਤੀ ਨੇ ਨੀ ਹਲੇ ਚੱਕਣ ਦੇਣੇ। ਕੁਛ ਵੱਡੇ ਹੋ ਜਾਅਣ ਦੋ।"

ਛੰਨੋ ਅਤੇ ਗੁਰਮੁਖ ਗੱਲਾਂ ਕਰ ਹੀ ਰਹੇ ਸੀ ਕਿ ਅਚਾਨਕ ਤਖਤਾ ਖੜਕਿਆ। ਪੰਜਾਬਾ ਤੇ ਰਫੀਕ ਲਿੱਬੜੇ-ਤਿੱਬੜੇ ਆਉਂਦੇ ਸੀ।

"ਲੈ ਆਹ ਆ ਗੇ, ਰਾਮ-ਲਛਮਣ।" ਆਖਦਿਆਂ ਛੰਨੋ ਨੇ ਇੱਕ ਹੋਰ ਪਾਥੀ ਭੰਨ ਕੇ ਚੁੱਲ੍ਹੇ 'ਚ ਲਾਈ ਤੇ ਵਾਧੂ ਰਾਖ ਬਾਹਰ ਕੱਢ ਦਿੱਤੀ।

"ਜਦ ਕੁੱਤੀ ਨੇ ਲੱਤਾਂ ਪਾੜੀਆਂ, ਫੇਰ ਪਤਾ ਲੱਗੂ ਮੇਰੇ ਸਾਲਕੜਿਓ।" ਗੁਰਮੁਖ ਬੱਚਿਆਂ ਨੂੰ ਆਉਂਦਿਆਂ ਨੂੰ ਹੂੜੀ ਕਰਕੇ ਪੈ ਗਿਆ।

"ਐਂ ਕਿਮੇ ਪਾੜੂ ਟੰਗਾਂ ! ਅਸੀਂ ਰੋਜ ਰੋਟੀ ਪਾ ਕੇ ਆਉਨੇ ਆਂ।" ਪੰਜਾਬਾ ਢਾਕਾਂ 'ਤੇ ਹੱਥ ਰੱਖੀ ਖੜ੍ਹਾ ਸੀ।

"ਨਿੱਕੇ-ਨਿੱਕੇ ਕਤੂਰੇ ਦੁੱਧ ਚੁੰਘੀ ਜਾਂਦੇ ਸੀ.... ਮੈਂ ਤਾਂ ਡੱਬ-ਖੜੱਬਾ ਜਾ ਲੈ ਕੇ ਆਊਂ।" ਰਫੀਕ ਬੋਲਿਆ।

"ਉਹ ਤਾਂ ਮੈਂ ਲੈ ਕੇ ਆਊਂ ਬਈ...." ਪੰਜਾਬੇ ਨੇ ਉਸ ਕਤੂਰੇ 'ਤੇ ਆਪਣਾ ਹੱਕ ਜਤਾਇਆ।

"ਚੰਗਾ ਬਈ, ਮੈਂ ਤਾਂ ਘਰੇਂ ਜਾਨੈ ਯਰ.... ਬਾਪੂ ਵੀ ਨਾ ਕੁੱਟੇ ਕਿਤੇ !" ਰਫੀਕ ਨੂੰ ਕਾਲੀ ਦੀ ਝਿੜਕ ਤੋਂ ਵੀ ਡਰ ਲੱਗ ਰਿਹਾ ਸੀ।

"ਜਾ ਪੁੱਤ ਘਰੇਂ.... ਕਵੇਲ਼ਾ ਹੋਗਿਆ .... ਜੇ ਏਥੇ ਪੈਣੈ ਤਾਂ ਦੱਸ ਕੇ ਆਇਆ ਕਰ।" ਛੰਨੋ ਨੇ ਵੇਖਿਆ, ਬਾਹਰ ਗੂੜ੍ਹਾ ਹਨੇਰਾ ਪਸਰ ਆਇਆ ਸੀ।

"ਚੰਗਾ ਆੜੀਆ ... ਤੜਕੇ ਮਿਲਾਂਗੇ ਫੇਰ।" ਅਗਲੇ ਦਿਨ ਮਿਲਣ ਦਾ ਵਾਅਦਾ ਕਰਕੇ ਰਫੀਕ ਘਰ ਨੂੰ ਚੱਲ ਪਿਆ।

———

ਛੰਨੋ ਕੰਧੋਲੀ ਤੋਂ ਕੜਛੀ ਚੁੱਕਣ ਲੱਗੀ ਤਾਂ ਨਾਲ਼ ਪਏ ਛੰਨੇ ਨੂੰ ਥੋੜ੍ਹਾ ਜਿਹਾ ਹੱਥ ਲੱਗਿਆ, ਹੇਠਾਂ ਡਿੱਗ ਪਿਆ। ਮਾਮੂਲੀ ਜਿਹਾ ਖੜਾਕ ਹੋਣ ਤੋਂ ਬਾਅਦ ਛੰਨਾ ਵੀ ਚੁੱਪ ਹੋ ਗਿਆ।

"ਬਲ਼ਦ ਵੀ ਲਿੱਸੇ ਹੋਗੇ।" ਗੁਰਮੁਖ ਦੇ ਲਫ਼ਜ਼ਾਂ ਨੇ ਅਸਥਾਈ ਚੁੱਪ ਨੂੰ ਤੋੜਿਆ।

"ਹੂੰ ... ਸੇਵਾ ਘੱਟ ਹੋਈ ਐ ਐਤਕੀ ... ਗਊ ਜਾਇਆਂ ਦੀ।" ਪਾਥੀਆਂ ਦੇ ਨਾਲ਼ ਕੁਝ ਕੁ ਕਪਾਹ ਦੀਆਂ ਛਿਟੀਆਂ, ਚੁੱਲ੍ਹੇ 'ਚ ਅਗਾਂਹ ਕਰਦੀ ਛੰਨੋ ਬੋਲੀ। ਮੋਠਾਂ ਦੀ ਦਾਲ ਵੀ ਰਿੱਝਣ ਵਾਲ਼ੀ ਸੀ।

ਸਵੇਰ ਦਾ ਘਰੋਂ ਚੱਲਿਆ ਤੇ ਸ਼ਾਮ ਨੂੰ ਪਰਤਿਆ ਗੁਰਮੁਖ, ਰੋਟੀ ਦੀ ਉਡੀਕ 'ਚ ਸੀ। ਉਹ ਕਦੋਂ ਦਾ ਚੁੱਲ੍ਹੇ ਵੱਲ ਝਾਕ ਰਿਹਾ ਸੀ।

"ਨਵਾਬ ਆਇਆ ਸੀ ..।" ਨਿੰਮ ਦੇ ਘੋਟਣੇ ਨਾਲ਼, ਦਾਲ ਘੋਟਦੀ ਛੰਨੋ ਗੁਰਮੁਖ ਵੱਲ ਮੂੰਹ ਕਰਦੀ ਬੋਲੀ।

"ਕਿਮੇ ਸੁੱਖ ਨਾਲ਼ ਹੀ ਆਇਆ ਸੀ ?" ਗੁਰਮੁਖ ਨੇ ਪੁੱਛਿਆ।

"ਮੈਸ ਲੈਣੀ ਐ .... ਕੈਂਅ੍ਹਦਾ, ਬਾਈ ਨੂੰ ਨਾਲ਼ ਲੈ ਕੇ ਜਾਊਂ, ਤੁਰ-ਫਿਰ ਕੇ ਕੋਈ ਚੰਗੀ ਜੀ ਦਵਾ ਦੂ ਆਪੇ।"

"ਨਵਾਬ ਨਾਲ਼ ਤਾਂ ਫੇਰ ਜਾਣਾ ਹੀ ਪਊ, ਪੱਗ ਵਟ ਭਾਈ ਜੁ ਹੋਇਆ।"

ਨਵਾਬ ਕਾਲੀਏ ਪਿੰਡ ਦਾ ਵਸਨੀਕ ਹੈ। ਕਾਹਨਗੜ੍ਹ ਤੇ ਕਾਲੀਏ ਦੀ ਕੋਈ ਜ਼ਿਆਦਾ ਵਿੱਥ ਨਹੀਂ। ਦੋਵੇਂ ਪਿੰਡਾਂ ਦਾ ਮਾਂ-ਧੀ ਵਾਲ਼ਾ ਰਿਸ਼ਤਾ ਹੈ। ਸਿਆਣੇ ਬੰਦੇ ਤਾਂ ਕਾਲੀਏ ਪਿੰਡ ਨੂੰ, ਕਾਹਨਗੜ੍ਹ ਦੀ ਕੁੱਖ 'ਚੋਂ ਜੰਮਿਆ ਹੀ ਮੰਨਦੇ ਹਨ। ਜੇ ਕਾਹਨਗੜ੍ਹ ਅਣਖੀਲੇ ਮੁਜਾਰਿਆਂ ਦਾ ਪਿੰਡ ਹੈ ਤਾਂ ਕਾਲੀਆ ਮੁਸਲਮਾਨਾਂ ਤੇ ਪਖੀਰਾਂ ਦਾ ਪਿੰਡ। ਦੋਵੇਂ ਪਿੰਡਾਂ ਦੇ ਰੇਤਲੇ ਟਿੱਬੇ ਸਾਂਝੇ ਹਨ। ਇੱਜੜਾਂ ਦੀਆਂ ਧੂੜਾਂ, ਆਜੜੀਆਂ ਦੀਆਂ ਟਿਚਕਾਰੀਆਂ, ਫਰਮਾਂਹ ਅਤੇ ਸਰਕੜੇ ਦੀਆਂ ਸ਼ੂਕਦੀਆਂ ਟਾਹਣੀਆਂ ਦੋਵੇਂ ਪਿੰਡਾਂ ਦੇ ਵਿਚਕਾਰ ਸ਼ੋਭਾ ਵਧਾਉਂਦੀਆਂ ਹਨ।

ਰਜਵਾੜਾਸ਼ਾਹੀ ਦੇ ਤਪਾਏ ਕਾਹਨਗੜ੍ਹੀਏ ਕਿਸਾਨ ਚੇਤੰਨ ਅਤੇ ਜਾਗਰੁਕ ਹਨ। ਹੁਣ ਤਾਂ ਮੁਜਾਰਿਆਂ ਦੀਆਂ ਔਰਤਾਂ ਤੇ ਨਿੱਕੇ-ਨਿੱਕੇ ਬੱਚੇ ਵੀ ਪੂਰੇ ਸੁਚੇਤ ਹੋ ਗਏ ਹਨ। ਉਨ੍ਹਾਂ ਦੇ ਵਿਰੋਧ ਵਿੱਚ ਜਦ ਵੀ ਕੋਈ ਫਤਵਾ ਜਾਰੀ ਹੁੰਦਾ ਹੈ ਤਾਂ ਸਾਰੇ ਉਸੇ ਵਕਤ ਇੱਕ ਝੰਡੇ ਹੇਠ ਇਕੱਠੇ ਹੋ ਜਾਂਦੇ ਹਨ। ਧਰਮ ਸਿੰਘ ਫੱਕਰ ਵਰਗੇ ਯੋਧੇ ਵੀ ਗਾਹੇ-ਬਗਾਹੇ ਗੇੜਾ ਮਾਰਦੇ ਹਨ। ਸਾਰੇ ਪਿੰਡ 'ਚ ਖ਼ਬਰ ਫੈਲ ਜਾਂਦੀ ਹੈ -"ਫੱਕਰ ਆ ਗਿਆ ... ਬਈ .. ਫੱਕਰ ਆ ਗਿਆ।"

ਫਿਰ ਕੀ ! ਸਾਰਾ ਪਿੰਡ ਆਉ-ਭਗਤ ਲਈ, ਉੱਡਿਆ ਰਹਿੰਦਾ ਹੈ। ਲੋਕ ਧਰਮ ਸਿੰਘ ਨੂੰ ਖਿੱਚ-ਖਿੱਚ ਆਪਣੇ ਘਰ ਜਾਣ ਦਾ ਸੱਦਾ ਦਿੰਦੇ ਹਨ - "ਫੱਕਰ ਜੀ, ਅੱਜ ਦੀ ਰੋਟੀ ਸਾਡੇ ਘਰੇ ..... ਅੱਜ ਚਾਹ ਸਾਡੇ ਘਰੇ ਪੀਓ .....। "

ਉੱਧਰ ਦੱਖਣ ਵਾਲ਼ੇ ਪਾਸੇ ਕਾਲੀਆ ਮੁਸਲਮਾਨਾਂ ਦਾ ਪਿੰਡ। ਜ਼ਮੀਨਾਂ ਦੇ ਮਾਲਕ ਤਾਂ ਮੁਸਲਮਾਨ ਹੀ ਹਨ, ਬਾਕੀ ਜਾਤਾਂ ਪਖੀਰ, ਧਾਨਕ, ਚਮਾਰ, ਬਾਜ਼ੀਗਰ, ਗੁੱਜਰ ਤਾਂ ਮਿਹਨਤ-ਮਜ਼ਦੂਰੀ ਕਰਨ ਵਾਲ਼ੇ ਹਨ।

ਕਾਲੀਏ ਪਿੰਡ ਦੇ ਨਵਾਬ ਖਾਨ, ਸਤੀਆ ਰਾਮ ਗੁੱਜਰ ਤੇ ਕਾਹਨਗੜ੍ਹ ਦਾ ਗੁਰਮੁਖ ਪੱਗ ਵਟ ਭਰਾ ਹਨ। ਆਪਣੇ ਵਿਆਹ ਵਾਲ਼ੇ ਦਿਨ ਤਾਂ ਨਵਾਬ, ਸਤੀਆ ਰਾਮ ਨੂੰ ਨਾਲ਼ ਲੈ ਕੇ, ਆਪਣੇ ਬੋਤੇ 'ਤੇ ਗੁਰਮੁਖ ਨੂੰ ਲੈਣ ਆਇਆ ਸੀ।

ਨਵਾਬ ਦੇ ਘਰ, ਜਿੰਨੀਆਂ ਵੀ ਕਿੱਲੇ 'ਤੇ ਮੱਝਾਂ ਬੰਨ੍ਹੀਆਂ ਹਨ, ਸਭ ਦੀਆਂ ਸਭ ਗੁਰਮੁਖ ਅਤੇ ਸਤੀਆ ਰਾਮ ਨੇ ਤੋਰਾ-ਫੇਰਾ ਕਰਕੇ ਖ਼ਰੀਦੀਆਂ ਹਨ। ਉਹ ਤਿੰਨੋਂ ਜਣੇ ਚੰਗੀ ਲਵੇਰੀ ਖ਼ਰੀਦਣ ਲਈ ਤੁਰਦੇ-ਤੁਰਦੇ ਕਾਲ-ਬੰਜਾਰੇ ਤਕ ਲੰਘ ਜਾਂਦੇ ਹਨ। ਗਰਮੀ ਹੋਵੇ ਜਾਂ ਸਰਦੀ, ਪਸ਼ੂਆਂ ਦੀ ਮੰਡੀ 'ਤੇ ਜਾ ਕੇ ਪਹਿਲਾਂ ਤਾਂ ਉਹ ਅਹਾਤੇ ਤੋਂ ਚਾਹ ਪੀਂਦੇ।

"ਲੈ ਬੀ ਆੜੀਓ, ਹੁਣ ਕੱਢੀਏ ਮੰਡੀ ਦਾ ਗੇੜਾ।" ਸਤੀਆ ਰਾਮ ਚਾਹ ਪੀ ਕੇ ਮੁੱਛਾਂ 'ਤੇ ਹੱਥ ਮਾਰਦਾ ਤਿਆਰ-ਬਰ-ਤਿਆਰ ਹੋ ਜਾਂਦਾ।

ਫਿਰ ਤਿੰਨੋਂ ਜਣੇ ਪਹਿਲਾਂ ਸਾਰੀ ਮੰਡੀ ਵਿੱਚ, ਪੂਰੇ ਪੰਜਾਬ ਅਤੇ ਨਾਲ਼ ਲੱਗਦੀ ਹਰਿਆਣਾ ਪੱਟੀ 'ਚੋਂ ਆਏ ਭਾਂਤ-ਭਤੇਲੇ ਪਸ਼ੂ ਬੋਤੇ, ਮੱਝਾਂ, ਗਾਵਾਂ, ਬਲ਼ਦ ਆਦਿ ਨੂੰ ਪੂਰੀ ਰੀਝ ਨਾਲ਼ ਵੇਖਦੇ। ਮੰਡੀ ਵਿੱਚ ਪੂਰੀਆਂ ਰੌਣਕਾਂ ਹੁੰਦੀਆਂ ਤੇ ਮੇਲੇ ਵਾਲ਼ਾ ਮਾਹੌਲ ਬਣਿਆ ਹੁੰਦਾ। ਮੱਝਾਂ ਦੇ ਖਰੀਦਦਾਰ ਧਾਰਾਂ ਕੱਢ ਰਹੇ

ਹੁੰਦੇ, ਬਲ਼ਦ ਖ਼ਰੀਦਣ ਵਾਲ਼ੇ ਬਲ਼ਦਾਂ ਨੂੰ ਜੋੜ ਕੇ ਵੇਖਦੇ, ਬੋਤੇ ਖ਼ਰੀਦਣ ਵਾਲ਼ੇ ਬੋਤਿਆਂ 'ਤੇ ਚੜ੍ਹ ਕੇ ਤੋਰ ਪਰਖਦੇ।

"ਨਵਾਬ .....ਇੱਕ ਮਿੰਟ ਏਧਰ ਆ.." ਗੁਰਮੁਖ ਮੰਡੀ ਵਿੱਚ ਅਗਾਂਹ ਲੰਘ ਗਏ ਨਵਾਬ ਨੂੰ ਆਵਾਜ਼ ਮਾਰਦਾ।

"ਹਾਂ ਬਾਈ।" ਨਵਾਬ ਕੰਨੀਂ ਆਵਾਜ਼ ਪੈਂਦਿਆਂ ਸਾਰ ਪਿਛਾਂਹ ਪੈਰ ਮੋੜ ਲੈਂਦਾ।

"ਭੜਿਆ ਆਹ ਮੱਝ ਦੇਖ, ਮੁਰ੍ਹਾ ਨਸਲ ਦੀ, ਧੌਣ ਦੇਖ ਕਿੰਨੀ ਲੰਮੀ ਐ !"

"ਹੂੰ ... ਦੇਖ ਕੇ ਰੂਹ ਵੀ ਖ਼ੁਸ਼ ਹੋਗੀ।" ਦਰਮਿਆਨੇ ਕੱਦ ਦੀ ਮੱਝ ਵੇਖ ਨਵਾਬ ਅੰਦਰੋ-ਅੰਦਰੀ ਖ਼ੁਸ਼ ਜ਼ਰੂਰ ਹੁੰਦਾ ਪਰ ਮੁੱਲ ਜ਼ਿਆਦਾ ਹੋਣ ਕਾਰਨ ਨਿਰਾਸ਼ ਵੀ ਹੁੰਦਾ।

"ਸਿੰਗ ਵੀ ਬਾਈ ਕੁੰਢੇ ਨੇ। ਦੂਰੋਂ ਹੀ ਧਿਆਨ ਖਿੱਚਦੀ ਐ।" ਚੰਗੀ ਲਵੇਰੀ ਵੇਖ ਸਿਫ਼ਤ ਕਰੇ ਬਿਨ ਸਤੀਆ ਰਾਮ ਵੀ ਨਾ ਰਹਿ ਸਕਦਾ।

ਕੋਲ਼ ਦੀ ਸ਼ਿੰਗਾਰਿਆ ਬੋਤਾ, ਬੋਤੇ ਦੀ ਮਸਤਾਨੀ ਤੋਰ, ਹੱਥ 'ਚ ਮੁਹਾਰ ਫੜ ਕੇ ਜਦ ਉਨਾਂ ਦੇ ਕੋਲ਼ੋਂ ਬੋਤੇ ਦਾ ਮਾਲਕ ਲੰਘਦਾ ਤਾਂ ਲੰਮੀਆਂ ਪੁਲਾਂਘਾ ਪੁੱਟਦਾ ਨਿੱਕੀ ਪੂਛ ਵਾਲ਼ਾ ਬੋਤਾ ਉਨ੍ਹਾਂ ਦਾ ਧਿਆਨ ਮੁਰ੍ਹਾ ਨਸਲ ਦੀ ਮੱਝ ਤੋਂ ਤੋੜ ਕੇ ਆਪਣੇ ਵੱਲ ਖਿੱਚ ਲੈਂਦਾ।

"ਡਾਚੀ ਵਾਲ਼ਿਆਂ ਮੋੜ ਮੁਹਾਰ ਵੇ ...... ਬਈ ਆਹ ਮਾਲਕ ਤਾਂ ਸ਼ੌਂਕ ਦੇ ਤੰਦ ਪਾਉਂਦੈ ... ਵੇਖੋ ਤਾਂ ਸਹੀ ਕਿਵੇਂ ਹਾਰ-ਸ਼ਿੰਗਾਰ ਕਰਕੇ ਲਿਆਇਐ ... ਬੋਤੇ ਦਾ।" ਨਵਾਬ ਮੰਡੀ 'ਚ ਆਪਣੀ ਸੁਰਤ ਗੁਆ ਬਹਿੰਦਾ।

"ਇਹ ਤਾਂ ਅੱਜ ਗੀਝਾ ਭਰ ਕੇ ਲਜਾਊ।" ਗੁਰਮੁਖ ਨੇ ਬੋਤੇ ਤੋਂ ਭਾਰੀ ਰਕਮ ਮਿਲਣ ਦਾ ਅਨੁਮਾਨ ਲਾਇਆ।

ਤੇ ਇੰਝ ਉਹ ਸਾਰੀ ਮੰਡੀ ਦਾ ਦੌਰਾ ਕਰਦੇ, ਫਿਰ ਪਹਿਲਾਂ ਹੀ ਚੋਣ ਕੀਤੀਆਂ ਮੱਝਾਂ ਦੇ ਮਾਲਕਾਂ ਨਾਲ਼ ਭਾਅ ਕਰਦੇ। ਸਤੀਆ ਮੱਝ ਨੂੰ ਉਚਿਤ ਦੂਰੀ 'ਤੇ ਖੜ੍ਹ ਕੇ ਚੁੱਪ-ਚਾਪ ਨਿਰਖਦਾ; ਪਿੰਡੇ ਤੇ ਹੱਥ ਫੇਰ ਕੇ ਚਮੜੀ ਦੇ ਮੋਟੀ ਜਾਂ ਪਤਲੀ ਹੋਣ ਦੀ ਪਰਖ ਕਰਦਾ ਜਦਕਿ ਗੁਰਮੁਖ ਲੇਵੇ ਨੂੰ ਟੋਂਹਦਾ ਤੇ ਫਿਰ ਇਕਦਮ ਅੱਗੇ ਆ ਕੇ ਮੱਝ ਦੀਆਂ ਅੱਖਾਂ ਦਾ ਜਾਇਜ਼ਾ ਵੀ ਲੈਂਦਾ।

ਗੁਰਮੁਖ ਨੇ ਬਿਲਕੁਲ ਹੇਠੋਂ ਭਾਅ ਸ਼ੁਰੂ ਕਰਨਾ, ਮਾਲਕ ਹੌਲ਼ੀ-ਹੌਲ਼ੀ ਆਪਣੇ ਡੰਗਰ ਦਾ ਭਾਅ ਤੋੜਦਾ। ਇੰਝ ਕਾਫੀ ਜੱਦੋ-ਜਹਿਦ ਬਾਅਦ ਭਾਅ ਤੈਅ ਹੋ ਜਾਣਾ ਤਾਂ ਸਤੀਏ ਨੇ ਮਾਲਕ ਨੂੰ ਨਵਾਬ ਦੀ ਝੋਲ਼ੀ ਮੱਝ ਦਾ ਰੱਸਾ ਦੇਣ ਲਈ ਕਹਿਣਾ - " ਲਉ ਸਰਦਾਰ ਜੀ, ਫੜਾਓ ਮੱਝ ਦਾ ਰੱਸਾ।"

ਮਾਲਕ ਨੇ ਆਪਣੇ ਅਨੁਮਾਨ ਅਨੁਸਾਰ ਸਹੀ ਮੁੱਲ ਪਾ ਲੈਣ 'ਤੇ ਰੱਸਾ ਨਵਾਬ ਨੂੰ ਫੜਾਉਂਦਿਆਂ ਕਹਿਣਾ -"ਲਓ ਜੀ, ਕਰੋ ਝੋਲ਼ੀ ... ਰੱਬ ਵਾਧਾ ਕਰੇ।"

ਗੁਰਮੁਖ ਤੇ ਸਤੀਆ ਰਾਮ ਨੇ ਧਨੌਲੇ ਵਾਲ਼ੀ ਮੰਡੀ ਤੋਂ ਤਾਂ ਕਿੰਨੀਆਂ ਹੀ

ਲਵੇਰੀਆਂ ਲਿਆ ਨੇ ਨਵਾਬ ਦੇ ਕਿੱਲੇ 'ਤੇ ਬੰਨ੍ਹੀਆਂ। ਨਵਾਬ ਦੀ ਪਤਨੀ ਸੁਲਤਾਨਾ ਵੀ ਗੁਰਮੁਖ ਦੀ ਵਡਿਆਈ ਦੇ ਪੁਲ਼ ਬੰਨ੍ਹਦੀ ਨੀ ਥੱਕਦੀ –"ਇਸ ਵਾਰ ਤਾਂ ਸਲੀਮ ਦੇ ਤਾਇਆ, ਨੀਲੀ ਰਾਵੀ ਹੀ ਲੈ ਆਏ, ਧੋਤੇ ਪੈਰ ! ਚਿੱਟਾ ਮੱਥਾ !!"

"ਘਰ ਵਾਸਤੇ ਤਾਂ ਫਿਰ ਕੋਈ ਵਧੀਆ ਲਵੇਰੀ ਹੀ ਲੈ ਕੇ ਆਉਣੀ ਸੀ।" ਸਤੀਆ ਵੀ ਬੋਲਦਾ।

"ਨਵਾਬ ਤਾਂ ਏਸ ਲਵੇਰੀ ਨੂੰ ਨੱਕ ਹੇਠ ਨੀ ਸੀ ਕਰਦਾ, ਮੈਂ ਕਿਹਾ, ਵੱਡੇ ਭਾਈ .. ਜੇ ਲਵੇਰੀ ਮਾੜੀ ਨਿਕਲ ਗਈ ਤਾਂ ਮੇਰੇ ਕਿੱਲੇ ਤੇ ਬੰਨ੍ਹ ਦਈਂ।" ਗੁਰਮੁਖ ਨੂੰ ਆਪਣੀ ਖ਼ਰੀਦ 'ਤੇ ਮਾਣ ਹੁੰਦਾ।

ਚੱਲਦੀਆਂ ਗੱਲਾਂ 'ਚ ਸੁਲਤਾਨਾ ਨੇ ਪਤਾ ਹੀ ਨਾ ਲਾਉਣਾ, ਕਦ ਕਾੜ੍ਹਨੀ ਵਾਲ਼ਾ ਦੁੱਧ ਲੈ ਆਉਣਾ।

ਗੁਰਮੁਖ ਦਾ ਦੋਵੇਂ ਪਰਿਵਾਰਾਂ ਨਾਲ਼ ਚਿਰਾਂ ਦਾ ਮੋਹ-ਪ੍ਰੇਮ ਅਜੇ ਵੀ ਬਰਕਰਾਰ ਹੈ। ਉਹ ਸਧਾਣੀ ਵਾਲ਼ੇ ਪਾਸੇ, ਕੰਮ-ਧੰਦੇ ਲਈ ਲੰਘਦਾ-ਟੱਪਦਾ ਨਵਾਬ ਕੋਲ਼ ਚਾਹ-ਪਾਣੀ ਜ਼ਰੂਰ ਪੀ ਕੇ ਜਾਂਦਾ ਹੈ। ਸਤੀਏ ਦਾ ਘਰ ਜ਼ਰਾ ਕੁ ਹਟਵਾਂ ਹੋਣ ਕਰਕੇ ਕੋਈ ਜ਼ਰੂਰੀ ਕੰਮ ਲਈ ਹੀ ਜਾਇਆ ਜਾਂਦਾ ਹੈ। ਘੱਟ ਨਵਾਬ ਦਾ ਪਿਆਰ ਵੀ ਨਹੀਂ, ਗੁਰਮੁਖ ਦੇ ਪਰਿਵਾਰ ਦੇ ਕੰਡਾ ਚੁਭੇ ਤੋਂ ਉਹਨੀਂ ਪੈਰੀਂ ਪਤਾ ਲੈਣ ਆ ਜਾਂਦਾ ਹੈ। ਅੱਜ ਵੀ ਉਹ ਮੀਂਹ ਪੈਂਦੇ 'ਚ ਆਇਆ। ਆਉਣ-ਸਾਰ ਆਸਾ-ਪਾਸਾ ਵੇਖ ਪੁੱਛਣ ਲੱਗਾ – "ਬਾਈ ਕਿੱਥੇ ਐ, ਭਾਬੋ ?" ਲੂੰਗੀ ਠੀਕ ਕਰਦਾ ਉਹ ਮੰਜੇ 'ਤੇ ਬਹਿ ਗਿਆ।

"ਆਇਆ ਨੀ, ਹਲੇ ਤਾਂ।" ਪਾਣੀ ਦਾ ਗਿਲਾਸ ਦੇਣ ਆਈ ਛੰਨੋ ਨੇ ਜਵਾਬ ਦਿੱਤਾ।

"ਘਰੇਂ ਸੁੱਖ ਤਾਂ ਹੈ ! ਸੁਲਤਾਨਾ ਹੋਰੀਂ ਠੀਕ ਨੇ ?" ਛੰਨੋ ਨੇ ਸੁੱਖ-ਸਾਂਦ ਪੁੱਛਣੀ ਜ਼ਰੂਰੀ ਸਮਝੀ।

"ਹਾਂ .... ਸਭ ਰਾਜੀ-ਖੁਸ਼ੀ।" ਨਵਾਬ ਨੇ ਪਾਣੀ ਪੀ ਕੇ ਗਿਲਾਸ ਹੇਠਾਂ ਰੱਖ ਦਿੱਤਾ।

"ਕਿਮੇ ਆਉਣੇ ਹੋਏ ... ਅੱਜ ਮੀਂਹ ਪੈਂਦੇ 'ਚ ?" ਉਹ ਹਾਰੇ ਚੋਂ ਦੁੱਧ ਲੈਣ ਚਲੀ ਗਈ।

"ਲਵੇਰੀ ਲੈਣੀ ਸੀ, ਕਿੱਲਾ ਖਾਲੀ ਪਿਐ। ਬਾਈ ਨੂੰ ਆਖਣਾ, ਤੁਰ-ਫਿਰ ਕੇ ਦਵਾਏ।"

"ਹੂੰ ... ਆਖ ਦੂੰ।" ਛੰਨੋ ਨੇ ਦੁੱਧ ਪਾਉਣ ਲਈ ਪਲ਼ਾ ਚੁੱਕਿਆ।

ਨਵਾਬ ਉੱਠ ਕੇ ਬਾਹਰ ਜਾਣ ਲੱਗਾ।

"ਲੈ ! ਦੁੱਧ ਤਾਂ ਪੀ ਕੇ ਜਾਈਂ, ਮੈਂ ਲਿਆਈ ਬਸ।" ਦਰਵਾਜ਼ੇ ਵੱਲ ਜਾਂਦੇ ਨਵਾਬ ਨੂੰ ਛੰਨੋ ਨੇ ਰੋਕ ਲਿਆ।

"ਕਾਹਨੂੰ ਖੇਚਲ ਕਰਨੀ ਸੀ ਭਾਬੀ।" ਦੁੱਧ ਦਾ ਗਿਲਾਸ ਫੜ ਕੇ ਨਵਾਬ

ਫਿਰ ਬੈਠ ਗਿਆ।

"ਰੱਬ ਨੇ ਸਭ ਕੁਸ਼ ਦਿੱਤੈ ਭਾਈ।" ਛੰਨੋ ਹਾਰੀ ਵਿਚਲੀ ਤੌੜੀ ਢਕਣ ਲੱਗ ਪਈ।

"ਮੌਸਮ ਠੀਕ ਨੀ ਭਾਬੀ, ਮੀਣੀ ਮੱਝ ਵੀ ਮੇਰੇ ਬਿਨਾਂ ਮਿਲਦੀ ਨੀ।" ਖ਼ਾਲੀ ਗਿਲਾਸ ਹੇਠਾਂ ਰੱਖ 'ਚੰਗਾ ਭਾਬੀ' ਆਖ ਉਹ ਕਾਲੀਏ ਦੇ ਰਾਹ ਪੈ ਗਿਆ।

ਬਸ ਨਵਾਬ ਅਜੇ ਪਿੰਡੋਂ ਬਾਹਰ ਹੀ ਹੋਇਆ ਹੋਣਾ, ਗੁਰਮੁਖ ਵੀ ਆ ਗਿਆ।

———

ਰੋਟੀ-ਟੁੱਕਰ ਖਾ ਕੇ, ਸਭ ਵਿਹਲੇ ਹੋ ਗਏ। ਛੰਨੋ ਨੇ ਸੌਣ ਤੋਂ ਪਹਿਲਾਂ ਨਵਾਬ ਦਾ ਸੁਨੇਹਾ, ਪੰਜਾਬ ਦੇ ਬਾਪੂ ਨੂੰ ਦੇਣਾ ਜ਼ਰੂਰੀ ਸਮਝਿਆ ਪਰ ਬਠਿੰਡੇ ਵਾਲ਼ੇ ਪਾਸਿਓਂ ਆਉਂਦੀ ਗੱਡੀ ਦੀਆਂ ਕੂਕਾਂ, ਟਿਕੀ ਰਾਤ ਦੇ ਪਹਿਲੇ ਪਹਿਰ ਨੂੰ ਜਗਾ ਰਹੀਆਂ ਸੀ। ਗੱਡੀ ਦੇ ਸ਼ੋਰ ਵਿੱਚ ਆਵਾਜ਼ ਸਾਫ਼ ਨਹੀਂ ਸੀ ਸੁਣਾਈ ਦੇ ਰਹੀ।

"ਕੀ ਕਹਿੰਦੀ ਸੀ, ਭਾਗਵਾਨੇ ?" ਗੱਡੀ ਲੰਘੀ ਤਾਂ ਗੁਰਮੁਖ ਨੇ ਫਿਰ ਪੁੱਛਿਆ।

ਛੰਨੋ ਨੇ ਸਾਰੀ ਗੱਲ ਫਿਰ ਕੰਨੀਂ ਪਾ ਦਿੱਤੀ।

ਭੀੜੀ ਗਲੀ 'ਚੋਂ ਲੰਘਦੇ ਰਾਹੀਆਂ ਦੀ ਪੈੜ-ਚਾਲ ਤੇ ਖੰਘੂਰੇ ਸਾਫ ਸੁਣਾਈ ਦੇ ਰਹੇ ਸੀ। ਸਾਰੇ ਦਿਨ ਦਾ ਥੱਕਿਆ ਪੰਜਾਬਾ ਪੈਣ ਸਾਰ ਸੌਂ ਗਿਆ। ਥਕਾਵਟ ਦੇ ਬਾਵਜੂਦ ਗੁਰਮੁਖ, ਛੰਨੋ ਨਾਲ਼ ਕਬੀਲਦਾਰੀ ਦੀਆਂ ਗੱਲਾਂ ਕਰਦਾ ਰਿਹਾ।

"ਐਤਕੀ ਤਾਂ ਮੇਦ ਐਂ, ਫਸਲ ਚੰਗੀ ਹੋਊ।"

"ਚਲੋ, ਮੇਹਰ ਕਰੇ ਵਾਗੁਰੂ, ਇੱਕ-ਨ-ਅੱਧੀ ਲਵੇਰੀ ਹੋਰ ਲੈ ਲਮਾਂਗੇ।" ਛੰਨੋ ਨੂੰ ਵੀ ਤਾਂ ਪਸ਼ੂਆਂ ਨਾਲ਼ ਪਿਆਰ ਸੀ।

"ਪਹਿਲਾਂ ਵਾਲ਼ੀਆਂ ਤਾਂ ਸੰਭਦੀਆਂ ਨੀ, ਹੂੰ ..! ਅਖੇ ਹੋਰ ਲੈ ਦੇ।" ਗੁਰਮੁਖ ਵੀ ਜ਼ਿਆਦਾ ਡੰਗਰ ਰੱਖਣ ਦੇ ਹੱਕ ਵਿੱਚ ਨਹੀਂ ਸੀ। ਉਸ ਦਾ ਨਿਯਮ ਸੀ, ਪਸ਼ੂ ਚਾਹੇ ਘੱਟ ਹੋਣ, ਪਰ ਹੋਣ ਦੁਧਾਰੂ।

"ਮੈਂ ਆਪੇ ਸੰਭਾਲ਼ ਲੂੰ ... ਤੂੰ ਕਿਉਂ ਫਿਕਰ ਕਰਦੈਂ।" ਛੰਨੋ ਨੇ ਜ਼ਿੰਮੇਵਾਰੀ ਓਟ ਲਈ ਸੀ।

ਬੱਦਲ਼ ਇੱਕ ਵਾਰ ਫਿਰ ਗਰਜੇ। ਛੰਨੋ ਉੱਠ ਕੇ ਬਾਹਰ ਵੇਖਣ ਗਈ। ਕੁੱਝ ਸਮਾਂ ਪਹਿਲਾਂ ਚਮਕਦੇ ਇੱਕਾ-ਦੁੱਕਾ ਤਾਰੇ ਜਿਵੇਂ ਆਕਾਸ਼ 'ਚ ਹੀ ਘੁਲ਼ ਗਏ ਸੀ। ਮੀਂਹ ਇੱਕਦਮ ਸ਼ੁਰੂ ਹੋ ਗਿਆ। ਕਣੀਆਂ ਤੋਂ ਡਰਦੀ ਛੰਨੋ ਤੇਜ਼ੀ ਨਾਲ਼ ਅੰਦਰ ਆਈ। ਪਹਿਲਾਂ ਦੀ ਤਰ੍ਹਾਂ ਮੰਜੇ 'ਤੇ ਲੇਟ ਗਈ।

"ਸੱਚ ਪੰਜਾਬ ਦੇ ਬਾਪੂ, ਆਪਾਂ ਨੂੰ ਜ਼ਮੀਨਾਂ ਦੀ ਪੱਕੀ ਮਾਲਕੀ ਕਦ ਮਿਲੂ ?"

ਉਹ ਵੀ ਸਭ ਜਾਣਦੀ ਸੀ, ਜ਼ਮੀਨਾਂ ਦੇ ਅਸਲ ਮਾਲਕ ਤਾਂ ਵਿਸਵੇਦਾਰ ਹੀ ਹਨ, ਪਤਾ ਨਹੀਂ ਕਦ ਜ਼ਮੀਨ ਦਾ ਟੁਕੜਾ ਖੋਹ ਲੈਣ।

"ਚਿੰਤਾ ਨਾ ਕਰ ਛੰਨੋ, ਹੁਣ ਉਹ ਦਿਨ ਦੂਰ ਨਹੀਂ। ਮੁਲਕ 'ਜਾਦ ਹੋਣ

ਆਲ਼ੈ। ਇਨ੍ਹਾਂ ਚਿੱਚੜਾਂ ਤੋਂ ਵੀ ਛੇਤੀ ਖਹਿੜਾ ਛੁਟਜੂ।" ਗੁਰਮੁਖ ਨੂੰ ਨੇੜਲੇ ਭਵਿੱਖ ਵਿੱਚ ਜ਼ਮੀਨਾਂ ਦੀ ਪੱਕੀ ਮਲਕੀਅਤ ਮਿਲਣ ਦੀ ਆਸ ਸੀ।

"ਦੋ-ਤਿੰਨ ਸਾਲ ਦਾ ਰੌਲ਼ਾ-ਰੱਪਾ ਪਈ ਜਾਂਦੈ, 'ਜਾਦੀ ਆਊ ... 'ਜਾਦੀ ਆਊ... ਪਤਾ ਨੀ ਕਿੱਥੇ ਲੁਕੀ ਬੈਠੀ ਐ ਹਲੇ।" ਛੰਨੋ ਦੇ ਕੰਨ ਆਜ਼ਾਦੀ ਦੀਆਂ ਗੱਲਾਂ ਸੁਣ-ਸੁਣ ਕੇ ਪੱਕ ਗਏ ਸੀ ਤੇ ਅੱਖਾਂ ਆਜ਼ਾਦੀ ਵੇਖਣ ਲਈ ਤਰਸ ਗਈਆਂ ਸੀ।

ਆਜ਼ਾਦੀ ਤਾਂ ਜਦ ਆਉਣੀ ਸੀ, ਠੀਕ ਹੈ ਪਰ ਮੁਲਕ ਪਹਿਲਾਂ ਹੀ ਸੰਪਰਦਾਇਕ ਦੰਗਿਆਂ ਦੀ ਭੇਟ ਚੜ੍ਹ ਗਿਆ ਸੀ। ਰਿਆਸਤੀ ਪੰਜਾਬ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਪੰਜਾਬ ਦਾ ਰੰਗ ਸੁਰਖ ਲਾਲ ਹੋ ਗਿਆ। ਦੀਵਾਲੀ, ਵਿਸਾਖੀ ਤੇ ਹੋਰ ਤਿੱਥ-ਤਿਉਹਾਰ ਦਾ ਰੰਗ ਜਿਵੇਂ ਫਿੱਕਾ ਸੀ। 1947 ਦੇ ਇਸ ਵਾਰ ਦੀ, ਮਾਰਚ ਮਹੀਨੇ ਲੰਘੀ ਹੋਲ਼ੀ ਗੁਲਾਲ ਨਾਲ਼ ਨਹੀਂ, ਖ਼ੂਨ ਨਾਲ਼ ਖੇਡੀ ਗਈ। ਜੇ ਉਧਰ ਮੁਲਤਾਨ, ਲਾਹੌਰ, ਰਾਵਲਪਿੰਡੀ, ਕੈਮਲਪੁਰ, ਜਿਹਲਮ ਦੇ ਮੁਸਲਮਾਨਾਂ ਨੇ ਸਿੱਖਾਂ ਤੇ ਹਿੰਦੂਆਂ ਨੂੰ ਉਜਾੜਨਾ ਸ਼ੁਰੂ ਕੀਤਾ ਤਾਂ ਇੱਧਰ ਅੰਮ੍ਰਿਤਸਰ, ਗੁੜਗਾਉਂ ਜਿਹੇ ਸ਼ਹਿਰਾਂ ਵਿੱਚ ਸਿੱਖਾਂ-ਹਿੰਦੂਆਂ ਨੇ ਮੁਸਲਮਾਨਾਂ ਨੂੰ ਮੌਤ ਦੇ ਘਾਟ ਉਤਾਰ ਕੇ ਇੱਕੀਆਂ ਨੂੰ 'ਕੱਤੀ ਪਾਉਣ ਵਾਲ਼ਾ ਕੰਮ ਕੀਤਾ। ਸਾਲਾਂ ਦੀ ਦੋਸਤੀ ਵੇਖਦੇ ਹੀ ਵੇਖਦੇ ਦੁਸ਼ਮਣੀ ਵਿੱਚ ਵਟ ਗਈ। ਦੇਖਣ ਨੂੰ ਹਾਲਾਤ ਠੀਕ ਲੱਗਦੇ ਪਰ ਅੰਦਰੋਂ ਦਿਲ ਦੂਰ ਹੋ ਰਹੇ ਸੀ।

ਆਜ਼ਾਦੀ ਆਉਣ ਤੋਂ ਪਹਿਲਾਂ ਫਸਾਦਾਂ ਦੀ ਹਨੇਰੀ ਵਗ ਰਹੀ ਸੀ। ਇਸ ਹਨੇਰੀ ਨੇ ਸਭ ਨੂੰ ਆਪਣੀ ਲਪੇਟ ਵਿੱਚ ਲੈ ਲੈਣਾ ਸੀ। ਹਵਾ ਦਾ ਰੁਖ ਬਦਲਣ ਨਾਲ ਲੁਹਾਰਾਂ ਦਾ ਕੰਮ-ਕਾਜ ਬਦਲ ਗਿਆ ਸੀ। ਉਹ ਕਹੀਆਂ, ਖੁਰਪੇ, ਹਲ਼ ਛੱਡ ਕੇ ਤਲਵਾਰਾਂ, ਛੁਰੀਆਂ, ਬਰਛੇ ਬਣਾਉਣ ਲੱਗੇ ਪਏ ਸੀ। ਉਹਨਾਂ ਵੱਲੋਂ ਚੰਡ ਕੇ ਬਣਾਏ ਹਥਿਆਰ ਪਰਖਣ ਦਾ ਸਮਾਂ ਨੇੜੇ ਆ ਗਿਆ ਸੀ। ਅਸਲ ਵਿੱਚ ਹਥਿਆਰਾਂ ਦੇ ਜ਼ਰੀਏ ਇਨਸਾਨ ਪਰਖੇ ਜਾਣੇ ਸੀ।

ਗੁਰਮੁਖ ਅਜੇ ਤਕ ਇਸ ਹਨੇਰੀ ਤੋਂ ਨਿਸ਼ਚਿੰਤ ਸੀ ਪਰ ਮਨ ਦੀ ਕਿਸੇ ਨੁੱਕਰੇ ਦੱਬਿਆ ਪਿਆ ਡਰ ਉਸਨੂੰ ਬੇਚੈਨ ਕਰਦਾ।

ਬਾਰ੍ਹਾਂ ਵਾਲ਼ੀ ਮਾਲ-ਗੱਡੀ ਦੇ ਆਉਣ ਤਕ ਉਨ੍ਹਾਂ ਨੇ ਕਿੰਨੀਆਂ ਹੀ ਗੱਲਾਂ ਕਰ ਲਈਆਂ।

"ਚੰਗਾ ਪੰਜਾਬ ਦੀ ਮਾਂ .... ਲਈਏ ਫਿਰ ਰੱਬ ਦਾ ਨਾਂ ..ਦੀਵਾ ਵਧਾ ਦੇ।" ਲੱਤਾਂ ਚੰਗੀ ਤਰ੍ਹਾਂ ਨਿਸਾਲਦਿਆਂ ਉਸ ਨੇ ਚਾਦਰ ਉੱਤੇ ਲੈ ਲਈ।

ਛੰਨੋ ਨੇ ਉੱਠ ਕੇ ਦੀਵੇ ਨੂੰ ਫੂਕ ਮਾਰੀ ਤੇ ਫਿਰ "ਚੱਲ ਭਾਈ ਛੰਨੋ, ਤੂੰ ਵੀ ਲਾ ਲੈ ਅੱਖ" ਕਹਿ ਉਹ ਵੀ ਸੌਂ ਗਈ।

———

ਗੁਰਮੁਖ ਦੀ ਚਾਰ ਵਜੇ ਅੱਖ ਖੁੱਲ੍ਹੀ। ਅਸਮਾਨ ਵੱਲ ਨਿਗ੍ਹਾ ਗਈ ਤਾਂ ਸਾਰੀ

ਰਾਤ ਦਾ ਆਠਰਿਆ ਚੰਨ ਉਸਨੂੰ ਥੱਕਿਆ-ਥੱਕਿਆ ਲੱਗਿਆ।

ਗੁਰਮੁਖ ਨੇ ਮੰਜਾ ਛੱਡਿਆ, ਉੱਠ ਕੇ ਆਪਣੇ ਉਲਝੇ ਹੋਏ ਵਾਲ਼ਾਂ ਨੂੰ ਦੋਵੇਂ ਹੱਥਾਂ ਨਾਲ਼ ਸਾਂਭਦਿਆਂ ਸਿਰ 'ਤੇ ਲਪੇਟਿਆ ਤੇ ਸਿਰਹਾਣੇ ਰੱਖਿਆ ਸਾਧ ਰੰਗਾ ਮੂਕਾ ਵੀ ਸਿਰ 'ਤੇ ਵਲ਼ ਲਿਆ। ਕੋਰੀ ਤੌੜੀ 'ਚੋਂ ਪਾਣੀ ਪੀ ਕੇ ਛੰਨਾ ਪਰ੍ਹਾਂ ਹਾਰੇ ਕੋਲ਼ ਹੀ ਰੱਖ ਦਿੱਤਾ।

"ਉੱਠ ਭਾਗਵਾਨੇ, ਉੱਠਣ ਦਾ ਵੇਲ਼ਾ ਹੋ ਗਿਆ।" ਉਸਨੇ ਛੰਨੋ ਨੂੰ ਹਲੂਣਿਆਂ। ਉਸਦਾ ਸੱਜਾ ਹੱਥ ਮੋਢੇ 'ਤੇ ਲੱਗਦਿਆਂ-ਸਾਰ ਛੰਨੋ ਜਾਗ ਪਈ।

"ਵਾ...ਖ...ਰੂ..." ਛੰਨੋ ਨੇ ਵੀ ਉੱਠਣ-ਸਾਰ ਠੰਢੇ ਪਾਣੀ ਦੇ ਛਿੱਟੇ ਮੂੰਹ 'ਤੇ ਮਾਰੇ। ਵਾਹਿਗੁਰੂ ਦਾ ਨਾਂ ਸ਼ਾਇਦ ਆਪ-ਮੁਹਾਰੇ ਹੀ ਮੂੰਹੋਂ ਨਿਕਲ ਗਿਆ। ਸੂਤੀ ਚੁੰਨੀ ਨਾਲ ਮੂੰਹ ਪੂੰਝ, ਉਹ ਝਲਾਨੀ 'ਚ ਚਲੀ ਗਈ।

ਗੁਰਮੁਖ ਸਬ੍ਹਾਤ 'ਚ ਬੰਨ੍ਹੇ ਡੰਗਰਾਂ ਦੀ ਬਿੜਕ ਲੈਣ ਚਲਾ ਗਿਆ। ਨਗੌਰੀ ਬਲ਼ਦਾਂ ਨੇ ਉਸਦੀ ਪੈੜ-ਚਾਲ ਸੁਣ ਕੇ ਹੀ ਕੰਨ ਖੜ੍ਹੇ ਕਰ ਲਏ। ਅੰਤਾਂ ਦਾ ਪਿਆਰ ਹੈ, ਜਾਨਵਰਾਂ ਅਤੇ ਗੁਰਮੁਖ ਦਾ। ਆਖ਼ਰ ਇਹ ਵੀ ਤਾਂ ਘਰ ਦੇ ਹੀ ਜੀਅ ਹਨ। ਸਵੇਰੇ-ਸ਼ਾਮ ਉਹ ਪਸ਼ੂਆਂ ਦੇ ਕੂਲ਼ੇ ਪਿੰਡਿਆਂ 'ਤੇ ਹੱਥ ਫੇਰਦਾ ਹੈ। ਪਸ਼ੂ ਵੀ ਹੱਥ ਲੱਗਣ ਸਾਰ ਚਾਰੇ ਪੈਰ ਗੱਡ ਕੇ ਖੜ੍ਹ ਜਾਂਦੇ ਹਨ।

ਬਲ਼ਦਾਂ ਤੇ ਮੱਝਾਂ ਦੇ ਪਿੰਡੇ 'ਤੇ ਹੱਥ ਫੇਰ ਉਹ ਵਾਪਸ ਆ ਗਿਆ।

"ਲੈ ਪੰਜਾਬ ਦੇ ਬਾਪੂ।" ਛੰਨੋ ਨੇ ਰਾਤ ਦੀ ਖਿਚੜੀ ਲਿਆ ਕੇ ਉਸ ਦੇ ਮੂਹਰੇ ਰੱਖ ਦਿੱਤੀ। ਉਹ ਰਾਤ ਵਾਲ਼ੀ ਖਿਚੜੀ ਨੂੰ ਘੁੱਟਾਂ-ਬਾਟੀ ਪੀ ਗਿਆ। ਮੁੱਛਾਂ 'ਤੇ ਮੂਧਾ ਹੱਥ ਫੇਰਿਆ, ਚਾਦਰਾ ਠੀਕ ਕੀਤਾ ਤੇ ਫਿਰ ਬਲ਼ਦ ਹੱਕਣ ਚੱਲ ਪਿਆ। ਉਸਨੇ ਅਜੇ ਬਾਗਲ਼ 'ਚ ਪੈਰ ਰੱਖਿਆ ਹੀ ਸੀ, ਉਸਨੂੰ ਵੇਖ ਬਲ਼ਦ ਉੱਠ ਖੜੋਤੇ।

"ਚਲੋ ਮੇਰੇ ਸ਼ੇਰ ਬੱਗਿਓ .....।" ਉਸ ਨੇ ਦੋਵੇਂ ਬਲ਼ਦਾਂ ਦੇ ਰੱਸੇ ਕਿੱਲਿਓਂ ਖੋਲ੍ਹੇ।

ਅੱਜ ਟਿੱਬੇ ਵਾਲ਼ੀ ਜ਼ਮੀਨ ਵਿੱਚ ਹਲ਼ ਵਾਹੁਣਾ ਸੀ। ਸੰਨ ਸੰਤਾਲੀ ਦਾ ਸਾਉਣ ਮਹੀਨਾ ਖ਼ਤਮ ਹੋਣ ਵਾਲ਼ਾ ਸੀ। ਕੰਮ ਦਾ ਜ਼ੋਰ ਪਿਆ ਹੋਇਆ ਸੀ। ਜ਼ਮੀਨਾਂ ਬੱਤ ਹੋਣ ਕਾਰਨ ਮੁਜਾਰਿਆਂ ਦੇ ਰੁਝੇਵੇਂ ਵਧੇ ਪਏ ਸੀ। ਅੱਜ ਦੀ ਘੜੀ ਉਨ੍ਹਾਂ ਨੂੰ ਸਿਰ ਖੁਰਕਣ ਦੀ ਵਿਹਲ ਨਹੀਂ ਸੀ। ਗੁਰਮੁਖ ਨੇ ਵੀ ਬਾਜਰੇ ਅਤੇ ਮੂੰਗੀ ਦਾ ਬੀਜ ਚੱਲਣ ਵੇਲੇ ਚਾਦਰੇ ਦੇ ਲੜ 'ਚ ਬੰਨ੍ਹ ਲਿਆ।

"ਹਾਜਰੀ ਛੇਤੀ ਲੈ ਆਈਂ।" ਬਲ਼ਦਾਂ ਨੂੰ ਹੱਕਣ ਤੋਂ ਪਹਿਲਾਂ ਉਸਨੇ ਛੰਨੋ ਨੂੰ ਸੂਚਿਤ ਕੀਤਾ।

"ਹੂੰ ....." ਆਖ ਕੇ ਛੰਨੋ ਆਟਾ ਪੀਹਣ ਲਈ ਚੱਕੀ ਨੇੜੇ ਹੋਈ। ਬਾਜਰਾ ਤਾਂ ਉਸਨੇ ਕੱਲ੍ਹ ਆਥਣੇ ਹੀ ਸੰਵਾਰ ਲਿਆ ਸੀ। ਆਟਾ ਪੀਸਣ ਲੱਗੀ ਤਾਂ ਉਸਦਾ ਧਿਆਨ ਕਿੰਨੀਆਂ ਹੀ ਦਿਸ਼ਾਵਾਂ ਵੱਲ ਚਲਾ ਗਿਆ। ਉਸਦਾ ਖ਼ਿਆਲ ਉਸਨੂੰ, ਕਦੇ ਪੰਜਾਬੇ ਵੱਲ, ਕਦੇ ਗੁਰਮੁਖ ਵੱਲ ਤੇ ਕਦੇ ਆਪਣੇ ਪੇਕੇ ਪਿੰਡ ਹੀਰੋਂ

ਵੱਲ ਖਿੱਚ ਰਿਹਾ ਸੀ। ਕਦੇ-ਕਦੇ ਅਚੇਤ ਮਨ ਵਿੱਚ ਵੀਹ ਸਾਲ ਪੁਰਾਣੀਆਂ ਸਹੇਲੀਆਂ ਦੀ ਯਾਦ ਵੀ ਆ ਕੇ ਹੁੱਜਾਂ ਮਾਰਨ ਲੱਗ ਪੈਂਦੀ। ਕਈ ਗੂੜ੍ਹ ਸਹੇਲੀਆਂ ਨੂੰ ਮਿਲੀਆਂ ਨੂੰ ਵਰ੍ਹੇ ਬੀਤ ਗਏ।

ਮਨ ਦੇ ਪੁੜ ਵੀ ਚੱਕੀ ਦੇ ਪੁੜਾਂ ਵਾਂਗ, ਘੁੰਮਦੇ ਘੁੰਮਾਉਂਦੇ ਰੁਕ ਗਏ। ਆਟਾ ਪੀਹਣ 'ਚ ਛੰਨੋ ਨੂੰ ਅੱਧਾ ਘੰਟਾ ਲੱਗਿਆ।

ਗਲੀ ਵਿੱਚੋਂ ਲੰਘ ਰਹੇ ਬਲ਼ਦਾਂ ਦੀਆਂ ਟੱਲੀਆਂ ਦੀ ਟੁਣਕਾਰ, ਵਿਹੜੇ 'ਚ ਫਿਰਦੀ ਛੰਨੋ ਦੇ ਕੰਨਾਂ ਵਿੱਚ ਰਸ ਘੋਲ਼ ਰਹੀ ਸੀ।

"ਹਟ ....ਹਟ.... ਸਿੱਧਾ-ਸਿੱਧਾ ... ਮੇਰੇ ਪੁੱਤ ਦਿਆ....।" ਨੀਂਦ ਦੇ ਗ਼ੁਲਾਮ ਹਾਲੀ, ਮੋਢਿਆਂ 'ਤੇ ਮੂਕੇ ਰੱਖੀ, ਬਲ਼ਦਾਂ ਮਗਰ ਤੁਰੇ ਜਾਂਦੇ ਸੀ।

"ਹੁਣ ਜਾ ਕੇ ਲਾਉਂਣਗੇ ਲੱਲ੍ਹਰ।" ਛੰਨੋ ਨੇ ਦਿਨ ਚੜ੍ਹਿਆ ਵੇਖ, ਦੇਰੀ ਨਾਲ਼ ਖੇਤਾਂ ਨੂੰ ਜਾ ਰਹੇ ਆਲਸੀ ਕਿਸਾਨਾਂ ਉੱਤੇ ਟਕੋਰ ਕੀਤੀ। ਉਸਨੇ ਆਲਸੀ ਹਾਲ਼ੀਆਂ ਦੀ ਪਛਾਣ ਕੀਤੀ। ਫਿਰ ਦੇਹਲ਼ੀ ਤੋਂ ਮੁੜ ਕੇ ਅੰਦਰ ਆ ਗਈ। ਗਿੜਗਿੜ 'ਤੇ ਰੱਖੇ ਦੁੱਧ ਵਾਲ਼ੇ ਰਿੜਕਣੇ ਦੇ ਨੇੜੇ ਲੱਗੀ, ਪੀੜ੍ਹੀ ਨੂੰ ਤੌਲੇ ਦੇ ਨੇੜੇ ਖਿੱਚ ਕੇ, ਨੇਤਰੇ ਨੂੰ ਦੋਵੇਂ ਹੱਥਾਂ ਨਾਲ਼ ਖਿੱਚਿਆ ਤੇ ਦੁੱਧ ਰਿੜਕਣ ਲੱਗੀ।

ਪੰਜਾਬਾ ਮਧਾਣੀ ਦੀ ਆਵਾਜ਼ ਸੁਣ ਕੇ ਜਾਗ ਪਿਆ। ਅੱਖਾਂ ਮਲ਼ਦਾ ਹੋਇਆ, ਛੰਨੋ ਦੇ ਪਿੱਛੇ ਆ ਖੜ੍ਹਿਆ। ਛੰਨੋ ਨੇ ਦਹੀਂ ਦਾ ਛੰਨਾ ਭਰ ਕੇ ਪੰਜਾਬੇ ਨੂੰ ਫੜਾ ਦਿੱਤਾ। ਉਹ ਡੀਕ ਲਾ ਕੇ ਪੀਣ ਲੱਗਾ।

ਦੁੱਧ ਰਿੜਕਣ ਤੋਂ ਬਾਅਦ ਛੰਨੋ ਦਾ ਧਾਰਾਂ ਕੱਢਣ ਦਾ ਕੰਮ ਬਾਕੀ ਸੀ। ਮੱਝਾਂ ਦੀ ਧਾਰ ਕੱਢਣ ਜਾਂਦੀ ਛੰਨੋ ਨੇ ਵੇਖਿਆ, ਭਾੜਾ ਢੋਹਣ ਵਾਲ਼ੇ, ਊਠ ਅਤੇ ਗਧੇ ਲੈ ਕੇ ਸ਼ਹਿਰ ਨੂੰ ਚੱਲ ਪਏ। ਹੁਣ ਦੇ ਚੱਲੇ ਕਿਤੇ ਦਸ ਵਜੇ ਜਾ ਕੇ ਪਹੁੰਚਣਗੇ। ਉਸਨੂੰ ਪਾਸਲੇ ਪਿੰਡ ਦੇ ਦੋ ਰਾਹੀ, ਮੋਢੇ 'ਤੇ ਪਰਨਾ ਰੱਖੀਂ, ਕਾਹਲੇ ਕਦਮੀਂ ਬਰੇਟੇ ਵੱਲ ਤੁਰੇ ਜਾਂਦੇ ਵੀ ਨਜ਼ਰੀਂ ਪਏ।

"ਆ ਜਾ ਵੱਡੇ ਵੀਰ, ਖਿੱਚ ਲੀ ਹੁਣ ਤਾਂ ਵਾਟ..... ਬੱਸ ਦੋ ਕ ਪਿੰਡ ਹੀ ਰਹਿਗੇ।"

ਤਕੜੇ ਜੁੱਸੇ ਵਾਲ਼ਾ ਜਵਾਨ, ਮਾੜਕੂ ਜਿਹੇ ਬੰਦੇ ਨੂੰ ਨਾਲ਼ ਹੀ ਨਹੀਂ ਸੀ ਰਲ਼ਣ ਦੇ ਰਿਹਾ।

ਭਾਦੋਂ ਦਾ ਮਹੀਨਾ ਅਜੇ ਚੜ੍ਹਿਆ ਨਹੀਂ ਸੀ ਪਰ ਸੂਰਜ ਦੀ ਤਪਸ਼ ਨੇ ਭਾਦੋਂ ਦਾ ਅਹਿਸਾਸ ਜ਼ਰੂਰ ਕਰਵਾ ਦਿੱਤਾ ਸੀ। ਸੂਰਜ ਮਘਣ ਤੋਂ ਪਹਿਲਾਂ-ਪਹਿਲਾਂ, ਛੰਨੋ ਨੇ ਨਿੱਕੇ-ਸੁੱਕੇ ਸਾਰੇ ਕੰਮ ਨਿਬੇੜ ਲਏ। ਮਾਂ ਦੀ ਆਗਿਆ ਲੈ ਕੇ, ਪੰਜਾਬਾ ਜੂੜੀ ਠੀਕ ਕਰਦਾ ਰਫੀਕ ਦੇ ਘਰ ਵੱਲ ਚੱਲ ਪਿਆ। ਉਹ ਦੋਵੇਂ ਗੂੜ੍ਹੇ ਮਿੱਤਰ ਹਨ। ਹਾਣ ਨੂੰ ਹਾਣ ਪਿਆਰਾ ਹੁੰਦਾ ਈ ਆ। ਉਨ੍ਹਾਂ ਦੀ ਉਮਰ ਬਾਰੇ ਛੰਨੋ ਆਪ ਹੀ ਦੱਸਦੀ ਸੀ, ਇੱਕ ਦਿਨ - "ਪੰਜਾਬਾ ਤਾਂ ਖਣੀ ਗਿਆਰਾਂ ਦੈ ਤੇ ਰਫੀਕ ਦੋ ਸਾਲ ਛੋਟੈ। ਏਸ ਸਾਬ੍ਹ ਨਾਲ਼ ਰਫੀਕ ਨੌਂ ਕ ਸਾਲ ਦਾ ਹੋਣਾ। ਪੰਜਾਬੇ ਦਾ ਚੜ੍ਹਦੇ ਵਿਸਾਖ

ਦਾ ਜਨਮ ਐ ਤੇ ਰਫੀਕ ਦਾ ਅੱਸੂ ਦਾ। ਇਹ ਤਾਂ ਮੈਨੂੰ ਪੱਕਾ ਪਤੈ।"

ਰਫੀਕ ਦੀ ਮਾਂ ਬਸੀਰਾਂ ਲੁਹਾਰਨ ਵੀ, ਪੰਜਾਬੇ ਨਾਲ਼ ਫਰਕ ਨੀ ਰੱਖਦੀ। ਦੋਵਾਂ ਨੂੰ ਇਕੱਠੇ ਖੇਡਦਿਆਂ ਵੇਖ, ਉਹ ਅਕਸਰ ਛੰਨੋ ਨੂੰ ਕਹਿੰਦੀ ਹੈ-"ਰਫੀਕ ਤੇ ਪੰਜਾਬਾ ਤਾਂ ਮੈਨੂੰ ਸਕੇ ਭਾਈ ਲੱਗਦੇ ਨੇ। ਪੰਜਾਬੇ ਦਾ ਤਾਂ ਮੈਨੂੰ ਏਹਦੇ ਨਾਲ਼ੋਂ ਵੀ ਵੱਧ ਮੋਹ ਆਉਂਦੈ।" ਉਹ ਰਫੀਕ ਵੱਲ ਹੱਥ ਕਰਕੇ ਪੰਜਾਬੇ ਤੇ ਆਪਣਾ ਹੱਕ ਜਤਾਉਂਦੀ। ਰਫੀਕ ਤੇ ਪੰਜਾਬ ਇਕੱਠੇ ਹੀ ਤਾਂ ਰਹਿੰਦੇ ਹਨ।

"ਰਫੀਕ.......ਉਏ ਰਫੀਕ.... ।" ਪੰਜਾਬਾ ਭੱਜਿਆ ਹੋਇਆ ਕਾਲੀ ਖਾਨ ਦੀ ਭੱਠੀ ਵੱਲ ਆ ਰਿਹਾ ਸੀ।

ਪਰ ਰਫੀਕ ਤਾਂ ਭੱਠੀ ਗਰਮ ਕਰਨ ਲੱਗਾ ਪਿਆ ਸੀ। ਉਸ ਦਾ ਉਤਰਿਆ ਚਿਹਰਾ ਦੱਸ ਰਿਹਾ ਸੀ, ਕਾਲੀ ਨੇ ਜ਼ਬਰਦਸਤੀ ਬਿਠਾਇਆ ਹੈ। ਕਾਲੀ ਆਪ ਵੀ ਸੰਦ ਠੀਕ ਕਰਨ ਲੱਗਿਆ ਪਿਆ ਸੀ।

"ਆ ਗਿਆ ਕੰਮ ਛਡੌਣ ਨੂੰ।" ਹਥੌੜੇ ਦੀ ਹੱਥੀ ਨੂੰ ਅਹਿਰਨ 'ਤੇ ਮੂਧੀ ਮਾਰ ਕੇ ਠੀਕ ਕਰਦਿਆਂ ਕਾਲੀ ਨੇ ਦਬਕਾ ਮਾਰਿਆ। ਫਿਰ ਉਹ ਅਹਿਰਨ 'ਤੇ ਰੱਖੇ ਲਾਲ ਹੋਏ ਲੋਹੇ ਨੂੰ, ਉਸੇ ਹਥੌੜੇ ਨਾਲ਼ ਕੁੱਟਣ ਲੱਗਾ। ਉਹ ਕਮਾਣੀ ਤੋਂ ਛੈਣੀਆਂ ਬਣਾ ਰਿਹਾ ਸੀ।

ਕਾਲੀ ਦਾ ਧਿਆਨ ਕੰਮ ਵੱਲ ਕੀ ਹੋਇਆ, ਰਫੀਕ ਨੇ ਇਸ਼ਾਰੇ ਨਾਲ਼ ਪੰਜਾਬ ਨੂੰ ਸਭ ਸਮਝਾ ਦਿੱਤਾ। ਕਾਲੀ ਨੂੰ ਝਕਾਨੀ ਦੇ ਕੇ, ਰਫੀਕ ਨੇ ਵੀ ਹੁਣੇ ਹੀ ਆ ਜਾਣਾ ਹੈ। ਰਫੀਕ ਦੀਆਂ ਗੁੱਝੀਆਂ ਰਮਜ਼ਾਂ, ਦਿਲਾਂ ਦਾ ਜਾਨੀ ਪੰਜਾਬ ਸਮਝ ਗਿਆ। ਉਹ ਵਾਪਸ ਘਰ ਨੂੰ ਹੀ ਪਰਤ ਆਇਆ। ਭੱਠੀ 'ਤੇ ਖੜ੍ਹੇ ਰਹਿਣ ਦਾ ਹੁਣ ਕੋਈ ਫਾਇਦਾ ਨਹੀਂ ਸੀ।

ਛੰਨੋ ਥੱਪਣੇ 'ਤੇ ਵੇਸਣੀਆਂ ਰੋਟੀਆਂ ਪਕਾਉਣ ਲੱਗੀ ਪਈ ਸੀ।

"ਮੱਝਾਂ ਨੂੰ ਪਾਣੀ ਪਿਆ ਲਿਆਈਂ ਪੁੱਤ.... ਕਿਤੇ ਕਤੂਰਿਆਂ ਮਗਰ ਹੀ ਭੌਂਕਦਾ ਫਿਰੇਂ।" ਛੰਨੋ ਨੇ ਰੋਟੀ ਥੱਪ ਕੇ ਪਾਉਂਦਿਆਂ ਉਹਨੂੰ ਤਾੜਨਾ ਕੀਤੀ।

"ਪਿਆ ਲਿਆਊਂ ਮਾਂ .....ਮੈਂ ਤੇ ਰਫੀਕ ਜਾਮਾਂਗੇ।"

"ਲੈ .. ਤੂੰ ਵੀ ਖਾ ਲੈ ਦੋ ਖੰਨੇ।" ਛੰਨੋ ਨੇ ਡੇਲਿਆਂ ਦੇ ਆਚਾਰ ਤੇ ਮਖਣੀ ਨਾਲ਼ ਦੋ ਰੋਟੀਆਂ ਉਸਦੇ ਹੱਥ 'ਤੇ ਰੱਖ ਦਿੱਤੀਆਂ।

"ਸਵਾਦ ਆ ਗਿਆ ਮਾਂ।" ਪੰਜਾਬ ਨੇ ਰੋਟੀ ਖਾਧੀ, ਲੱਸੀ ਦਾ ਛੰਨਾ ਪੀਤਾ, ਪੁੱਠੇ ਹੱਥ ਨਾਲ਼ ਮੂੰਹ ਪੂੰਝਿਆ, ਲੱਸੀ ਪੀਣ ਸਾਰ ਡਕਾਰ ਵੀ ਆ ਗਈ।

"ਤਾਂ ਇੱਕ-ਅੱਧੀ ਹੋਰ ਖਾ ਲੈ... ਮੇਰੇ ਲੱਡੂ ਪੁੱਤ।" ਛੰਨੋ ਨੇ ਪਿਆਰ ਨਾਲ਼ ਪੰਜਾਬ ਦਾ ਮੂੰਹ ਚੁੰਮਿਆ। ਫਿਰ ਗੁਰਮੁਖ ਦੀ ਹਾਜ਼ਰੀ ਦੀ ਤਿਆਰੀ ਕਰਨ ਲੱਗ ਪਈ। ਦਸ-ਬਾਰ੍ਹਾਂ ਰੋਟੀਆਂ ਖੱਦਰ ਦੇ ਪੋਣੇ 'ਚ ਲਪੇਟ ਕੇ, ਤੂਤ ਦੇ ਟੋਕਰੇ 'ਚ ਰੱਖ ਲਈਆਂ। ਨਾਲ਼ ਹੀ ਲੱਸੀ ਵਾਲ਼ਾ ਕੁੱਜਾ, ਪਾਣੀ ਵਾਲ਼ੀ ਤੌੜੀ ਵੀ ਟਿਕਾ ਲਈ। ਖੇਤ ਵੀ ਦੋ-ਢਾਈ ਮੀਲ ਦੂਰ ਹੈ, ਕਾਲੀਏ ਪਿੰਡ ਦਾ ਠੱਡਾ ਲੰਘਣ ਸਾਰ, ਰੇਲ

ਪਟੜੀ ਲੰਘ ਕੇ ਜਾਣਾ ਪੈਂਦਾ ਹੈ।

ਛੰਨੋ ਖੇਤ ਜਾਣ ਲਈ ਤਿਆਰ-ਬਰ-ਤਿਆਰ ਸੀ। ਉਹ ਟੋਕਰਾ ਲੈ ਕੇ, ਕਾਲੀਏ ਵਾਲ਼ੇ ਵੱਡੇ ਪਹੇ ਵੱਲ ਚੱਲ ਪਈ।

ਪੰਜਾਬਾ ਬਾਗਲ਼ 'ਚ ਚਲਾ ਗਿਆ। ਰਫੀਕ ਵੀ ਕਾਲੀ ਨੂੰ ਝਕਾਨੀ ਦੇ ਕੇ ਆ ਗਿਆ।

"ਚੱਲ ਬਈ ਆੜੀਆ, ਪਾਣੀ ਪਿਆ ਕੇ ਲਿਆਈਏ ....।" ਪੰਜਾਬ ਨੇ ਇੱਕ-ਇੱਕ ਕਰਕੇ ਸਾਰੇ ਪਸ਼ੂਆਂ ਦੇ ਸੰਗਲ਼ ਲਾਹੇ ਤਾਂ ਡੰਗਰ ਆਪ-ਮੁਹਾਰੇ ਹੀ ਪਹਾੜੀ ਕਿੱਕਰਾਂ ਵਾਲ਼ੇ ਟੋਭੇ ਵੱਲ ਚੱਲ ਪਏ।

ਕਾਹਨਗੜ੍ਹ ਤਿੰਨ ਪਾਸਿਓਂ ਟੋਭਿਆਂ ਨਾਲ਼ ਘਿਰਿਆ ਹੋਇਆ ਹੈ। ਪਹਾੜੀ ਕਿੱਕਰਾਂ ਵਾਲ਼ੇ ਟੋਭੇ 'ਤੇ ਗਾਂਵਾਂ ਅਤੇ ਮੱਝਾਂ ਦਾ ਵੱਗ ਛਿੜਦਾ ਹੈ।

ਦੱਖਣ ਵੱਲ ਵੱਡਾ ਟੋਭਾ - ਇਸ ਟੋਭੇ ਦੇ ਆਸ-ਪਾਸ ਪਿੱਪਲਾਂ ਤੇ ਬੋਹੜਾਂ ਨੇ ਰੌਣਕ ਲਾਈ ਹੋਈ ਹੈ। ਸਾਉਣ ਦੇ ਮਹੀਨੇ ਤੀਆਂ ਇੱਥੇ ਹੀ ਭਰਦੀਆਂ ਹਨ। ਇੱਥੇ ਹੀ ਟੋਭੇ ਨਾਲ਼ ਲੱਗਦੀ, ਖਾਲੀ ਪਈ ਥਾਂ 'ਤੇ ਮੱਕੀ ਦੇ ਟਾਂਡਿਆਂ ਦੇ ਛੌਰ ਲਾਏ ਜਾਂਦੇ ਹਨ।

ਛਿਪਦੇ ਵੱਲ ਚਮਾਰਾਂ ਦੀ ਛੱਪੜੀ ਹੈ। ਇਸੇ ਛੱਪੜੀ ਦੇ ਇੱਕ ਪਾਸੇ ਬਣੀ ਖੂਹੀ 'ਤੇ ਚਮਾਰਾਂ ਦੀਆਂ ਕੁੰਨਾਂ ਚੜ੍ਹੀਆਂ ਰਹਿੰਦੀਆਂ ਹਨ।

ਪਹਾੜੀ ਕਿੱਕਰਾਂ ਵਾਲ਼ੇ ਟੋਭੇ ਪਾਸੇ ਪਸ਼ੂ ਆਪ-ਮੁਹਾਰੇ ਹੀ ਮੂੰਹ ਕਰ ਲੈਂਦੇ ਹਨ। ਰੋਜ਼ ਦੇ ਗਿੱਝੇ ਪਸ਼ੂਆਂ ਨੂੰ ਮੋੜਨ ਦੀ ਲੋੜ ਹੀ ਨਹੀਂ ਪੈਂਦੀ।

ਪੰਜਾਬ ਦੀਆਂ ਮੱਝਾਂ ਵੀ ਪੱਤਣ 'ਤੇ ਆ ਖੜ੍ਹੀਆਂ।

"ਅੱਗੇ ਜਾਂਦੀਆਂ ਨੂੰ ਕੀ ਡਰ ਲੱਗਦੈ ?" ਪੰਜਾਬ ਨੇ ਉਤਾਂਹ ਮੂੰਹ ਚੱਕੀ ਖੜ੍ਹੀ ਮੱਝ ਦੇ ਪੁੜੇ 'ਤੇ ਸੋਟੀ ਮਾਰੀ ।

"ਗਿੱਟਿਆਂ ਤੇ ਮਾਰ..........।" ਆਖਦਾ ਰਫੀਕ ਆ ਕੇ ਪੱਤਣ 'ਤੇ ਬੈਠ ਗਿਆ।

ਪੰਜਾਬ ਨੇ ਮੱਝ ਦੇ ਪੁੜੇ 'ਤੇ ਇੱਕ ਹੋਰ ਸੋਟੀ ਮਾਰੀ। ਮੱਝ ਦੇ ਭੱਜਣ ਨਾਲ਼ ਦੂਜੀਆਂ ਮੱਝਾਂ ਵੀ ਡੂੰਘੇ ਪਾਣੀ 'ਚ ਉੱਤਰ ਗਈਆਂ।

ਰਫੀਕ ਪੱਤਣ 'ਤੇ ਟਹਿਲਣ ਲੱਗਾ। ਟੋਭੇ 'ਤੇ ਤਾਂ ਪੂਰੀ ਰੌਣਕ ਲੱਗੀ ਹੋਈ ਸੀ। ਘਰਦਿਆਂ ਵੱਲੋਂ ਵਿਹਲੇ ਮੰਨੇ ਜਾਂਦੇ ਬਜ਼ੁਰਗ ਜਾਂ ਪਾਲ਼ੀ ਪਸ਼ੂਆਂ ਨੂੰ ਛੱਪੜ ਵੱਲ ਹੱਕੀਂ ਆਉਂਦੇ ਸੀ। ਰਾਹਾਂ ਵਿੱਚ, ਟੋਭੇ ਦੀ ਪੱਤਣ 'ਤੇ ਅਤੇ ਪਾਣੀ 'ਚ ਡੰਗਰ ਹੀ ਡੰਗਰ ਨਜ਼ਰ ਆ ਰਹੇ ਸੀ। ਬੰਦਿਆਂ ਵਾਂਗੂ ਪਸ਼ੂ ਵੀ ਪਾਣੀ ਵਿੱਚ, ਟੋਲੀਆਂ ਬਣਾਈ ਬੈਠੇ ਸੀ। ਛੋਟੀਆਂ ਕੱਟੀਆਂ ਤੇ ਕੱਟਰੂ ਨਿੱਕੀਆਂ-ਨਿੱਕੀਆਂ ਟਪੂਸੀਆਂ ਮਾਰਦੇ ਆਪਣੀਆਂ ਮਾਂਵਾਂ ਕੋਲ਼ ਜਾ ਬੈਠੇ।

ਬਾਹਰ ਖੁੰਢਾਂ 'ਤੇ ਬੈਠੇ ਜਾਂ ਟਹਿਲ ਰਹੇ ਮਾਲਕਾਂ ਦੀ ਨਿਗ੍ਹਾ, ਆਪੋ-ਆਪਣੇ ਡੰਗਰਾਂ 'ਤੇ ਸੀ। ਹੁਣੇ ਹੀ ਪੰਜ ਮੱਝਾਂ ਦਾ ਇੱਕ ਵੱਗ ਪਾਣੀ 'ਚ ਵੜਿਆ ਤਾਂ

ਉਨ੍ਹਾਂ ਵਿੱਚ ਲੰਡੀ ਪੂਛ ਵਾਲ਼ੀ ਮੱਝ ਨੇ ਕਈ ਝੁੰਡ ਖਦੇੜ ਦਿੱਤੇ। ਉਸਨੇ ਇੱਕ ਛੋਟੀ ਜਿਹੀ ਬੂਰੀ ਮੱਝ ਨੂੰ ਸਿੰਗਾਂ 'ਤੇ ਹੀ ਚੁੱਕ ਲਿਆ ਹੁੰਦਾ ਪਰ ਉਹ ਬਚਦੀ-ਬਚਾਉਂਦੀ ਪਰ੍ਹਾਂ ਪੱਤਣ 'ਤੇ ਜਾ ਪਹੁੰਚੀ। ਆਪਣੀ ਟੋਲੀ ਤੋਂ ਵਿਛੜ ਕੇ ਬੂਰੀ ਮੱਝ ਭਮੰਤਰੀ ਜਿਹੀ ਫਿਰਦੀ ਸੀ।

ਪੰਜਾਬੇ ਨੇ ਕੁੜਤਾ-ਪਜਾਮਾ ਉਤਾਰ ਕੇ, ਪੱਤਣ 'ਤੇ ਰੱਖ ਦਿੱਤਾ। ਤੂਤ ਦੀ ਸੋਟੀ ਵੀ ਕੋਲ਼ ਹੀ ਰੱਖ ਦਿੱਤੀ।

"ਆਹ ਕੱਪੜਿਆਂ ਦਾ ਖਿਆਲ ਰੱਖੀਂ, ਕਿਤੇ ਮਿੱਧ ਜੇ ਕੋਈ....।" ਆਖ ਪੰਜਾਬ ਪਾਣੀ 'ਚ ਉੱਤਰ ਗਿਆ।

ਪਰ ਰਫੀਕ ਨੂੰ ਮੱਝਾਂ ਦੇ ਰਿੰਙਣ ਦੀ ਆਵਾਜ਼ 'ਚ ਪੰਜਾਬ ਦੀ ਗੱਲ ਸਮਝ ਨਾ ਆਈ।

ਪੰਜਾਬਾ ਮੱਝਾਂ ਨਵ੍ਹਾਉਣ ਲਈ ਪਾਣੀ 'ਚ ਉੱਤਰ ਗਿਆ। ਉਸਦੀਆਂ ਮੱਝਾਂ ਤਾਂ ਪਾਣੀ ਪੀ ਕੇ ਪੱਤਣ ਤੇ ਹੀ ਆਰਾਮ ਕਰ ਰਹੀਆਂ ਸੀ। ਉਹ ਪਸ਼ੂਆਂ ਨੂੰ ਮਲ਼-ਮਲ਼ ਕੇ ਨਵ੍ਹਾਉਣ ਲੱਗਾ। ਬੌਂਡੀ ਮੱਝ ਤਾਂ ਗੋਹੇ ਨਾਲ਼ ਲਿੱਬੜੀ ਪਈ ਸੀ। ਨਾਲ਼ ਹੀ ਬੈਠੀ, ਬੌਂਡੀ ਦੀ ਧੀ ਗਾਲ਼ਾ ਕਰਨ ਲੱਗੀ ਪਈ ਸੀ।

"ਨ੍ਹਾ ਲੈ.... ਨ੍ਹਾ ਲੈ....ਨ੍ਹਾ ਲੈ<br>
ਨੀ ਮੇਰੀਏ ਬੌਂਡੀਏ ਮੱਝੇ.....<br>
ਤੂੰ ਕਰਲੈ ਗਾਲਾ ਨੀ...<br>
ਮੇਰੀਏ ਛੋਟੀਏ ਕੱਟੀਏ...."

ਮੱਝਾਂ ਦੇ ਪਿੰਡੇ 'ਤੇ ਪਾਣੀ ਪਾਉਂਦਾ, ਉਹ ਮੱਝਾਂ ਨਾਲ਼ ਹੀ ਇਕਮਿਕ ਹੋ ਗਿਆ।

ਕਈ ਬੁੱਢੇ-ਠੇਰੇ ਤਾਂ ਪੱਤਣ ਦੇ ਬਾਹਰ ਪਏ ਖੁੰਢਾਂ 'ਤੇ ਬੈਠੇ ਸੀ। ਉਨ੍ਹਾਂ ਅੰਦਰ ਹੁਣ ਪਾਣੀ 'ਚ ਜਾਣ ਦੀ ਜੁਰਅਤ ਨਹੀਂ ਸੀ। ਰਫੀਕ ਨੇ ਠੀਕਰੀਆਂ 'ਕੱਠੀਆਂ ਕੀਤੀਆਂ, ਫਿਰ ਪੱਤਣ ਤੋਂ ਪੂਰੇ ਜ਼ੋਰ ਨਾਲ਼ ਵਗਾਹ ਕੇ, ਕਾਤਰੀਆਂ ਚਲਾਉਣ ਲੱਗਾ।

"ਉਏ ਸ਼ੇਰਾ ... ਉਏ ਮੇਰੇ ਪੁੱਤਰਾ......।" ਰਫੀਕ ਨੇ ਪਿੱਛੇ ਮੁੜ ਵੇਖਿਆ, ਖੂੰਡੇ ਦੇ ਸਹਾਰੇ ਖੜ੍ਹਾ ਬਜ਼ੁਰਗ ਪਿੱਛੋਂ ਬੁਲਾ ਰਿਹਾ ਸੀ।

"ਕੀ ਗੱਲ ਐ ਬਾਪੂ ?" ਰਫੀਕ ਉਸ ਦੇ ਕੋਲ਼ ਆ ਗਿਆ।

"ਕੀਹਦਾ ਮੁੰਡੈਂ... ਤੂੰ ਸ਼ੇਰਾ ?" ਨਿਗ੍ਹਾ ਘੱਟ ਹੋਣ ਕਾਰਨ ਉਸ ਨੂੰ ਪਛਾਣ ਨਾ ਆਈ।

"ਕਾਲੀ ਲੁਹਾਰ ਦਾ ।" ਰਫੀਕ ਨੇ ਜਵਾਬ ਦਿੱਤਾ।

"ਅੱਛਾ ! ਅੱਛਾ !! ਸਮਝ ਗਿਆ। ਪੁੱਤ ਬਣਕੇ ਮੈਸ੍ਹਾਂ ਬਾਹਰ ਕੱਢ। ਬੀਚਰ ਕੇ ਈ ਬਹਿ ਗਈਆਂ, ਬਾਹਰ ਆਉਣ ਦਾ ਨਾਂ ਈ ਨੀ ਲੈਂਦੀਆਂ।"

"ਕਿਹੜੀਆਂ ਨੇ ਬਾਪੂ ? ਮੈਂ ਹੁਣੇ ਕੱਢ ਦਿੰਨੈ।" ਰਫੀਕ ਤਾਂ ਇਸ ਕੰਮ ਲਈ

ਤਿਆਰ ਬਰ ਤਿਆਰ ਸੀ।

"ਔਹ .... ! ਤਿੰਨ ਮੈਸ੍ਹਾਂ ਦੇ ਪਿੱਛੇ ਬੈਠੀਆਂ ਸ਼ੇਰਾ।" ਬਜ਼ੁਰਗ ਨੇ ਇਸ਼ਾਰਾ ਕੀਤਾ।

ਰਫੀਕ ਸਮਝ ਗਿਆ। ਉਸਨੇ ਆਸੇ ਪਾਸਿਓਂ ਤਿੰਨ ਵੱਡੇ ਡਲ਼ੇ ਇਕੱਠੇ ਕੀਤੇ।

"ਮੇਰਾ ਕੜਿਆਨਾ ਪੱਕੈ, ਬਾਪੂ।"

ਆਖ ਉਸਨੇ ਪਹਿਲਾ ਡਲ਼ਾ ਪੂਰੀ ਸਮਰੱਥਾ ਨਾਲ਼ ਵਗਾਹਿਆ, ਵੱਡੀ ਮੱਝ ਦੀ ਅੱਖ ਹੇਠ ਜਾ ਵੱਜਿਆ। ਦੂਜਾ ਡਲ਼ਾ ਵੱਜਿਆ ਤਾਂ ਮੱਝਾਂ ਆਪਣੀ ਜਗ੍ਹਾ ਤੋਂ ਹਿੱਲ ਕੇ ਪੱਤਣ ਵੱਲ ਵਧੀਆਂ। ਤੀਜਾ ਡਲ਼ਾ ਪਿਛਲੀ ਮੱਝ ਦੇ ਬੂਥੇ 'ਤੇ ਵੱਜਣ ਕਾਰਨ, ਉਸਨੇ ਸਾਰੀਆਂ ਮੱਝਾਂ ਨੂੰ ਹੀ ਖਦੇੜ ਦਿੱਤਾ। ਚਾਰੇ ਮੱਝਾਂ ਪੱਤਣ ਕੋਲ਼ ਆ ਗਈਆਂ।

"ਉਏ ਪੰਜਾਬੇ, ਹੱਕੀਂ ਏਨ੍ਹਾਂ ਨੂੰ ਬਾਹਰ।" ਰਫੀਕ ਨੇ ਪੰਜਾਬ ਨੂੰ ਆਵਾਜ਼ ਮਾਰੀ। ਮੱਝਾਂ ਪੰਜਾਬ ਦੇ ਬਿਲਕੁਲ ਨੇੜੇ ਆ ਗਈਆਂ ਸੀ ਪਰ ਪੰਜਾਬਾ ਤਾਂ ਅਜੇ ਵੀ ਪਾਣੀ ਦੇ ਬੁੱਕ ਭਰ-ਭਰ ਛੋਟੀ ਕੱਟੀ 'ਤੇ ਪਾ ਰਿਹਾ ਸੀ। ਰਫੀਕ ਦਾ ਇਸ਼ਾਰਾ ਸਮਝ ਉਸਨੇ ਪੱਤਣ ਦੇ ਨੇੜੇ ਪਹੁੰਚੀਆਂ ਮੱਝਾਂ ਦੇ ਜ਼ੋਰ ਦੀ ਹੁੱਜ ਮਾਰੀ, ਉਹ ਬਾਹਰ ਆ ਗਈਆਂ। ਬਾਬਾ ਖੂੰਡੇ ਦੇ ਆਸਰੇ ਮੱਝਾਂ ਮਗਰ ਹੋ ਤੁਰਿਆ।

"ਚੱਲ ਬੀ ਪਿਆ, ਵਿਸਾਖਾ ਸਿਆਂ !" ਰੋਹੀ ਦੀ ਕਿੱਕਰ ਦੇ ਖੁੰਢ 'ਤੇ ਬੈਠੇ, ਦੋ ਬਜ਼ੁਰਗਾਂ ਨੇ, ਮੱਝਾਂ ਦੇ ਮਗਰ ਤੁਰੇ ਆ ਰਹੇ ਬਜ਼ੁਰਗ ਨੂੰ ਕਿਹਾ।

"ਹਾਂ ... ਵਾਹਵਾ ਚਿਰ ਹੋ ਗਿਆ ਆਏ ਨੂੰ।" ਆਖਦਾ ਵਿਸਾਖਾ ਸਿਉਂ ਮੱਝਾਂ ਪਿੱਛੇ ਚੱਲ ਪਿਆ ਪਰ ਮੱਝਾਂ ਤਾਂ ਕਿੰਨਾਂ ਅੱਗੇ ਲੰਘ ਗਈਆਂ ਸੀ। ਵਿਸਾਖਾ ਜ਼ਿਆਦਾ ਸਮਾਂ ਸੱਥ 'ਚ ਹੀ ਗੁਜ਼ਾਰਦਾ ਹੈ। ਉਸ ਨੂੰ ਜ਼ਿਆਦਾ ਬੋਲਣ ਦੀ ਆਦਤ ਨਹੀਂ ਪਰ ਸੱਥ ਵਿੱਚ ਹੁੰਦੀਆਂ ਗੱਲਾਂ ਨੂੰ ਧਿਆਨ ਨਾਲ਼ ਸੁਣਦਾ ਹੈ।

"ਚਲ ਜਾਹ ਵੱਡੇ ਭਾਈ, ਸੱਥ 'ਚ ਆਈਂ ਫਿਰ।" ਖੁੰਢ 'ਤੇ ਬੈਠੇ ਬਜ਼ੁਰਗ ਨੇ ਵਿਸਾਖੇ ਨੂੰ ਸੱਥ 'ਚ ਮਿਲਣ ਦੀ ਨਸੀਹਤ ਦਿੱਤੀ।

"ਹੁਣ ਤਾਂ ਹੱਦਬੰਦੀ ਵੀ ਵਾਹਵਾ ਬਦਲ ਗਈ, ਕਿੱਕਰ ਸਿਆਂ।" ਮੁਰਦਲੇ ਜਿਹੇ ਬਜ਼ੁਰਗ ਨੇ ਦੂਰ ਤਕ ਨਿਗ੍ਹਾ ਮਾਰੀ। ਖੁੰਢ ਤੇ ਬੈਠੇ ਉਹੀ ਦੋਨੋਂ ਬਜ਼ੁਰਗ ਫਿਰ ਗੱਲੀਂ ਲੱਗ ਕੇ ਮਨ-ਪਰਚਾਵਾ ਕਰਨ ਲੱਗੇ।

"ਹੂੰ... ਆਪਣੇ ਪਿੰਡ ਦੀ ਜਮੀਨ ਵੀ, ਕੁਲਰੀਆਂ ਤਕ ਜਾ ਲੱਗੀ।" ਕੋਲ਼ ਬੈਠੇ ਬਜ਼ੁਰਗ ਨੇ ਵੀ ਦੂਰ ਤਕ ਨਜ਼ਰ ਮਾਰੀ।

ਪੰਜਾਬਾ ਮੱਝਾਂ ਬਾਹਰ ਕੱਢ ਲਿਆਇਆ। ਉਸ ਨੇ ਆਪਣੇ ਗਿੱਲੇ ਪਿੰਡੇ ਦਾ ਪਾਣੀ, ਹੱਥਾਂ ਨਾਲ਼ ਸੂਤਿਆ।

"ਜਮੀਂ ਭੂਤ ਬਣਿਆ ਫਿਰਦੈਂ, ਉਏ ਆੜੀਆ !" ਪੰਜਾਬੇ ਦਾ ਗਾਰ ਨਾਲ਼ ਮੂੰਹ ਲਿਬੜਿਆ ਵੇਖ, ਰਫੀਕ ਦੀ ਹਾਸੀ ਨਹੀਂ ਸੀ ਰੁਕ ਰਹੀ।

"ਚੱਲ ਬੀ ਆੜੀਆ, ਮੱਝਾਂ ਤਾਂ ਚਮਾਰਾਂ ਦੇ ਘਰਾਂ ਕੋਲ਼ ਵਾਗੀਆਂ।" ਪੰਜਾਬ ਨੇ ਕਾਹਲ਼ੀ ਨਾਲ ਕੁੜਤਾ-ਪਜਾਮਾ ਪਾ ਕੇ ਨਾਲ਼ਾ ਬੰਨ੍ਹ, ਤੂਤ ਦੀ ਸੋਟੀ ਚੁੱਕ ਕੇ ਚੱਕਵੇਂ ਪੈਰੀਂ ਮੱਝਾਂ ਵੱਲ ਚੱਲ ਪਿਆ। ਮੱਝਾਂ ਨਿਤ ਦੀ ਤਰ੍ਹਾਂ ਦੇਸੂ ਚਮਾਰ ਦੀ ਕੰਧ ਕੋਲ਼ ਜਾ ਇਉਂ ਖੜ੍ਹੀਆਂ, ਜਿਵੇਂ ਮਾਲਕ ਨੂੰ ਉਡੀਕਣ ਲੱਗ ਪਈਆਂ ਹੋਣ।

ਦੇਸੂ ਨੂੰ ਖੜਕਾ ਜਿਹਾ ਸੁਣਿਆ। ਉਹ ਕੁੰਨਾਂ 'ਚ ਪਾਣੀ ਪਾਉਂਦਾ-ਪਾਉਂਦਾ ਬਾਹਰ ਆ ਗਿਆ। ਮੱਝਾਂ ਨੇ ਖੁਰਵੱਢ ਕਰ ਰੱਖੀ ਸੀ ਪਰ ਕੁੰਢੇ ਸਿੰਙਾਂ ਵਾਲ਼ੀ ਮੱਝ ਨੇ ਤਾਂ ਕੰਧ ਢਾਹੁਣ ਵਾਲ਼ੀ ਕਰ ਦਿੱਤੀ। ਕੰਧ ਤਾਂ ਪਹਿਲਾਂ ਹੀ ਕਮਜ਼ੋਰ ਹੋਈ ਪਈ ਸੀ। ਕੱਚੀ ਕੰਧ ਨੂੰ ਸਾਉਣ ਦੀਆਂ ਝੜੀਆਂ ਨੇ ਵੀ ਕੁਝ ਕਮਜ਼ੋਰ ਕਰ ਦਿੱਤਾ ਸੀ।

"ਮੋੜ ਉਏ ਮੁੰਡਿਆ ! ਗਲ਼ੇ ਨੂੰ। ਕਿਮੇ ਕੰਧ ਡੇਗਣ ਆਲ਼ੀ ਕਰ 'ਖੀ ਐ।" ਦੇਸੂ ਹਰਖ ਗਿਆ। ਖੜਕਾ ਸੁਣ ਕੇ ਰੰਬੀ ਵੀ ਹੱਥ 'ਚ ਹੀ ਚੁੱਕੀ ਆਉਂਦਾ ਸੀ। ਉਸ ਦਾ ਲਲਕਾਰਾ ਸੁਣ ਕੇ ਪੰਜਾਬ ਕੰਬ ਗਿਆ। ਉਹ ਦੂਰੋਂ ਹੀ ਭੱਜਿਆ। ਵੱਡੀ ਮੱਝ ਦੇ ਸੋਟੀ ਮਾਰੀ ਤਾਂ ਉਸ ਮੱਝ ਦੇ ਨਾਲ਼-ਨਾਲ਼ ਬਾਕੀ ਮੱਝਾਂ ਨੇ ਵੀ ਅਗਾਂਹ ਪੈਰ ਪੁੱਟ ਲਏ।

ਜਦ ਦੇਸੂ ਦੀ ਤਸੱਲੀ ਹੋ ਗਈ ਤਾਂ ਉਹ ਆਪਣੇ ਆਹਰੀਂ ਜਾ ਲੱਗਾ। ਵਿਹਲਾ ਉਹ ਵੀ ਨਹੀਂ ਸੀ। ਉਸਦੀਆਂ ਦੋਵੇਂ ਕੁੰਨਾ ਪਾਣੀ ਨਾਲ਼ ਭਰੀਆਂ ਪਈਆਂ ਸੀ। ਪਹਿਲੀ ਕੁੰਨ 'ਚ ਤਾਜ਼ਾ ਚਮੜਾ ਡੁਬੋਇਆ ਪਿਆ ਸੀ। ਚਮੜੇ ਨੂੰ ਸਾਫ਼ ਕਰਨ ਲਈ ਅੱਕ ਦੇ ਪੱਤੇ ਵੀ ਉਹ ਹੁਣੇ ਹੀ ਪਾ ਕੇ ਗਿਆ ਸੀ।

ਅੰਦਰ ਆਉਣ ਸਾਰ ਉਸ ਨੇ ਦੂਜੀ ਕੁੰਨ 'ਚ, ਖੱਲ ਨੂੰ ਛਿੱਲ ਕੇ ਸੁੱਟ ਦਿੱਤਾ ਤੇ ਵਿੱਚ ਕਿੱਕਰ ਦਾ ਕਸ ਪਾ ਦਿੱਤਾ। ਪਹਿਲਾਂ ਤੋਂ ਰੰਗੇ ਪਏ ਚਮੜੇ ਨੂੰ ਆ ਕੇ ਉਹ ਫਿਰ ਸਿਉਣ ਲੱਗਾ।

ਰਫੀਕ ਅਤੇ ਪੰਜਾਬ ਕੰਧ ਦੀਆਂ ਵਿਰਲਾਂ ਥਾਣੀਂ, ਦੇਸੂ ਦੀਆਂ ਬਿੜਕਾਂ ਲੈਣ ਲੱਗੇ।

"ਬੇਲੀਆ , ਮੇਰਾ ਬਾਪੂ ਕੈਂਅ੍ਹਦਾ ਸੀ, ਤੈਨੂੰ ਦੇਸੂ ਤਾਏ ਤੋਂ ਜੁੱਤੀ ਬਣਵਾ ਕੇ ਦਊਂ।" ਪੰਜਾਬੇ ਨੇ ਰਫੀਕ ਨੂੰ ਜਾਣ-ਬੁੱਝ ਕੇ ਛੇੜਿਆ।

"ਮੇਰੇ ਆਲ਼ਾ ਤਾਂ ਆਪ ਕੈਂਅ੍ਹਦਾ ਸੀ, ਪਤਾ ਨੀ ਲੈ ਕੇ ਬੀ ਦਊ ਕੇ ਨਾ !" ਰਫੀਕ ਨੂੰ ਕਾਲੀ ਖਾਨ 'ਤੇ ਯਕੀਨ ਨਹੀਂ ਸੀ।

"ਡੋਰ ਤਾਂ ਕੈਂਅ੍ਹਦੇ, ਸਾਰੇ ਚਮਾਰਾਂ ਚੋਂ, ਦੇਸੂ ਤਾਇਆ ਹੀ ਪੱਕੀ ਪੌਂਦੈ।" ਪੰਜਾਬਾ ਬੋਲਿਆ।

ਉਹ ਮੱਝਾਂ ਦੇ ਮਗਰ ਤੁਰੇ ਜਾਂਦੇ ਜੁੱਤੀਆਂ 'ਚ ਉਲਝ ਗਏ।

"ਹੈਂ ! ਸੱਚੀਂ !! ਤੈਨੂੰ ਕਿਮੇਂ ਪਤੈ ?" ਰਫੀਕ ਹੈਰਾਨ ਸੀ।

"ਸੱਥ 'ਚ ਗੱਲਾਂ ਕਰਦੇ ਸੀ, ਕੈਂਅ੍ਹਦੇ ਤਾਏ ਦੀ ਡੋਰ ਨੀ ਟੁੱਟਦੀ, ਜੋੜਾ ਚਾਹੇ ਟੁੱਟਜੇ।" ਪੰਜਾਬ ਨੇ ਸੱਥ 'ਚੋਂ ਸੁਣੀ ਸੁਣਾਈ ਗੱਲ ਦੱਸੀ।

ਸਿਆਣੂ ਮੱਝਾਂ ਆਪੋ-ਆਪਣੇ ਕਿੱਲਿਆਂ ਕੋਲ਼ ਜਾ ਖੜ੍ਹੀਆਂ ਪਰ ਵੱਡੀ ਮੱਝ

ਆ ਕੇ, ਫਿਰ ਕੰਧ ਨਾਲ਼ ਟੱਕਰਾਂ ਮਾਰਨ ਲੱਗੀ।

"ਮਾਰ ਉਏ ਪੰਜਾਬਿਆ, ਏਹਦੇ ਖੁਰੜਿਆਂ 'ਤੇ.... ਇਹ ਨੀ ਟਿਕਦੀ।" ਆਖ ਰਫੀਕ ਖੁਰਲੀ 'ਤੇ ਬਹਿ ਗਿਆ।

ਪੰਜਾਬ ਨੇ ਸਾਰੀਆਂ ਮੱਝਾਂ ਦੇ ਸੰਗਲ ਪਾਏ ਤੇ ਕਿੱਲਿਆਂ ਨਾਲ਼ ਬੰਨ੍ਹ ਦਿੱਤੀਆਂ।

"ਮੈਂ ਤਾਂ ਜਾਨੈ ਫਿਰ, ਬਾਪੂ ਵੀ ਛੇਤੀ ਤੱਤਾ ਹੋ ਜਾਂਦੈ।" ਰਫੀਕ ਜਾਣ ਲੱਗਾ।

"ਆਜਾ ਤੈਨੂੰ ਲੱਸੀ ਪਿਆਊਂ।" ਪੰਜਾਬ ਨੇ ਉਸ ਨੂੰ ਬਾਂਹੋਂ ਫੜ ਲਿਆ ਤੇ ਲੱਸੀ ਵਾਲ਼ੇ ਤੌਲੇ ਕੋਲ਼ ਲੈ ਗਿਆ, ਲੱਸੀ ਦੇ ਦੋ ਛੰਨੇ ਭਰ ਲਏ।

"ਗੁੜ ਵੀ ਲੈ ਆ ਰੱਖਣੇ 'ਚੋਂ।" ਰਫੀਕ ਗੁੜ ਦਾ ਸ਼ੌਕੀਨ ਸੀ।

"ਆੜੀਆ, ਤੂੰ ਵੀ ਲੱਛੂ ਆਲ਼ੇ ਗੁੜ 'ਤੇ ਗਿੱਝ ਗਿਆ।" ਆਖਦਾ ਪੰਜਾਬ ਅੰਦਰੋਂ ਗੁੜ ਲੈਣ ਚਲਾ ਗਿਆ। ਕੁਲਰੀਆਂ ਵਾਲੇ ਲੱਛੂ ਦੇ ਘੁਲਾੜੇ ਤੋਂ ਪਿਛਲੇ ਸਾਲ ਦੇ ਕਢਾਏ ਗੁੜ ਨਾਲ਼ ਹੁਣ ਵੀ ਵਧੀਆ ਸਰ ਰਿਹਾ ਹੈ। ਬਰੇਟਾ ਮੰਡੀ ਕੋਲ਼ ਕੁਲਰੀਆਂ ਅਤੇ ਧਰਮਪੁਰੇ ਦੇ ਘੁਲਾੜੇ ਬਹੁਤ ਮਸ਼ਹੂਰ ਹਨ ਤੇ ਸਾਰੇ ਘੁਲਾੜਿਆ ਵਿੱਚੋਂ ਲੱਛੂ ਦਾ ਘੁਲਾੜਾ ਹੋਰ ਵੀ ਚਰਚਿਤ ਹੈ। ਸਿਆਲ ਦੀ ਰੁੱਤੇ ਸੱਥ ਦੀ ਥਾਂ 'ਤੇ ਘੁਲਾੜੇ 'ਤੇ ਰੌਣਕਾਂ ਵਧ ਜਾਂਦੀਆਂ ਹਨ।

"ਲੈ ਬੀ ਆੜੀਆ।" ਪੰਜਾਬ ਨੇ ਵੱਡਾ ਸਾਰਾ ਡਲ਼ਾ ਉਸਦੀ ਤਲ਼ੀ 'ਤੇ ਰੱਖ ਦਿੱਤਾ।

ਰਫੀਕ ਦੋ ਬੁਰਕਿਆਂ 'ਚ ਹੀ ਗੁੜ ਖਾ ਗਿਆ। ਲੱਸੀ ਪੀ ਕੇ ਘਰ ਨੂੰ ਜਾਣ ਲੱਗਾ ਆਖ ਗਿਆ - "ਆਥਣੇ ਮਿਲਾਂਗੇ....।"

"ਹੂੰ...., ਦਾਈ-ਦੁੱਕੜੇ ਵੀ ਖੇਡਾਂਗੇ।"

ਮੂੰਹ ਪੂੰਝਦਿਆਂ, ਪੰਜਾਬ ਨੇ ਇਸ਼ਾਰੇ ਨਾਲ਼ ਸਭ ਸਮਝਾ ਦਿੱਤਾ।

---

ਛੰਨੋ ਬਰੋਟਿਆਂ ਵਾਲ਼ੇ ਟੋਭੇ ਕੋਲ਼ ਦੀ ਲੰਘ ਕੇ ਕਾਲੀਏ ਵਾਲ਼ੇ ਪਾਸੇ ਹੋ ਤੁਰੀ। ਪਿੰਡ ਦੇ ਆਲ਼ੇ-ਦੁਆਲ਼ੇ ਬੇ-ਤਰਤੀਬੀਆਂ ਟਾਹਲੀਆਂ, ਕਿੱਕਰਾਂ, ਬੇਰੀਆਂ ਥਾਂ ਘੇਰੀ ਖੜ੍ਹੀਆਂ ਸੀ। ਟਾਂਵੇਂ-ਟਾਂਵੇਂ ਜੰਡ, ਕਰੀਰ ਵੀ ਵਿਖਾਈ ਦੇ ਰਹੇ ਸੀ। ਕਾਹਨਗੜ੍ਹ ਦੇ ਟਿੱਬਿਆਂ 'ਤੇ, ਫਲਾਹੀ ਅਤੇ ਫਰਮਾਂਹ ਦੇ ਰੁੱਖ ਤਾਂ ਹੁਣ ਥੋੜੇ ਹੀ ਬਚੇ ਹਨ। ਮਿਹਨਤੀ ਕਿਸਾਨਾਂ ਦੇ ਹੱਥਾਂ ਦੇ ਅੱਟਣ ਦੱਸਦੇ ਹਨ, ਉਨ੍ਹਾਂ ਨੇ ਮਿਹਨਤ ਕਰਕੇ ਬੰਜਰ ਜ਼ਮੀਨ ਵੀ ਵਾਹੀ-ਯੋਗ ਬਣਾਈ ਹੈ।

ਛੰਨੋ ਨੇ ਖੇਤਾਂ ਵੱਲ ਨਜ਼ਰ ਮਾਰੀ, ਦੇਸੀ ਕਪਾਹਾਂ ਚਾਰ-ਚਾਰ ਗਿੱਠ ਹੋ ਗਈਆਂ ਸੀ। ਉਹ ਸੋਚਣ ਲੱਗੀ-" ਅਜੇ ਲਹਿੰਦੇ ਵਿਸਾਖ ਹੀ ਤਾਂ ਪਕਾਹਾਂ ਬੀਜੀਆਂ ਸੀ ... ਲੈ ... ਅਗਲੇ ਮਹੀਨੇ ਚੁਗਣ ਵਾਲੀਆਂ ਵੀ ਹੋ ਜਾਣਗੀਆਂ।"

ਹਿੰਮਤੀ ਕਿਸਾਨਾਂ ਨੇ ਬਾਜਰਾ, ਮੱਕੀ, ਮੂੰਗੀ, ਮੋਠ, ਤਿਲ, ਜੁਆਰ ਦਾ

ਛਿੱਟਾ ਦੇ ਵੀ ਦਿੱਤਾ। ਧਰਤੀ ਸਲ੍ਹਾਬੀ ਹੋਣ ਕਾਰਨ ਇਹ ਦਿਨ ਬੀਜ ਸੁੱਟਣ ਲਈ ਢੁਕਵੇਂ ਸੀ।

ਤੁਰੀ ਜਾਂਦੀ ਛੰਨੋ ਨੇ ਖੇਤਾਂ-ਖਲਿਆਣਾਂ ਵੱਲ ਨਜ਼ਰ ਮਾਰੀ, ਪਾਲ਼ੀ ਡੰਗਰ ਚਰਾਉਂਦੇ ਫਿਰਦੇ ਸੀ, ਆਜੜੀ ਭੇਡਾਂ-ਬੱਕਰੀਆਂ ਦੇ ਮਗਰ ਤੁਰੇ ਫਿਰਦੇ ਸੀ।

ਸਾਉਣ ਦੀਆਂ ਲਗਾਤਾਰ ਅਤੇ ਤੇਜ਼ ਬਾਰਸ਼ਾਂ ਹੋਣ ਕਾਰਨ ਘਾਹ, ਖੱਬਲ 'ਚ ਜਾਨ ਆ ਗਈ ਸੀ। ਸਾਰੇ ਪਾਸੇ ਹਰਿਆਲੀ ਹੀ ਹਰਿਆਲੀ ਹੋ ਗਈ ਸੀ। ਉਹ ਰੇਲ ਦੀ ਪਟੜੀ ਲੰਘੀ ਤਾਂ ਖੇਤਾਂ 'ਚ ਬਲ਼ਦਾਂ ਨੂੰ ਹੱਕੀ ਫਿਰਦੇ ਹਾਲ਼ੀ ਹੀ ਹਾਲ਼ੀ ਨਜ਼ਰ ਆ ਰਹੇ ਸੀ। ਹਾਲ਼ੀ ਬਲ਼ਦਾਂ ਦੀ ਮਦਦ ਨਾਲ਼ ਵੱਤਰ ਆਈ ਪੈਲ਼ੀ ਨੂੰ ਪੋਲ਼ੀ ਕਰਨ 'ਤੇ ਲੱਗੇ ਪਏ ਸੀ। ਉਨ੍ਹਾਂ ਦੇ ਗਾਉਣ ਦੀਆਂ ਆਵਾਜ਼ਾਂ ਉਸਦੇ ਕੰਨਾਂ 'ਚ ਰਸ ਘੋਲ਼ਣ ਲੱਗੀਆਂ । ਕਈ ਹਾਲ਼ੀ ਤਾਂ ਮੁਜਾਰਾ ਲਹਿਰ ਦੀਆਂ ਗਾਥਾਵਾਂ ਗਾਉਂਦੇ ਫਿਰਦੇ ਸੀ। ਦੋ ਕਿੱਲਿਆਂ ਦੀ ਦੂਰੀ 'ਤੇ ਹਾਲ਼ੀਆਂ ਦੀਆਂ ਲੰਮੀਆਂ ਹੇਕਾਂ ਤਾਂ ਸਾਫ ਸੁਣਾਈ ਦੇ ਰਹੀਆਂ ਸੀ –

"ਧਰਮ ਸਿੰਘ ਲਲਕਾਰਦਾ, ਗੱਲ ਸੁਣ ਲੈ ਮੇਰੀ,
ਜਿੰਦਗੀ ਗੀਦੀਆਂ ਵਾਲੜੀ, ਜਿਓਂ ਲਈ ਬਥੇਰੀ,
ਜਬਰ ਜੁਲਮ ਦੀ ਅੱਤ ਵੀ, ਹੋ ਗਈ ਬਥੇਰੀ,
ਹੁਣ ਮਿੰਨਤਾਂ-ਤਰਲੇ ਛੱਡ ਕੇ, ਫੜ ਲਓ ਦਲੇਰੀ......."

ਛੰਨੋ ਨੇ ਵੱਡਾ ਟਿੱਬਾ ਪਾਰ ਕੀਤਾ ਤਾਂ ਆਵਾਜ਼ ਮੱਧਮ ਪੈ ਗਈ। ਉਸਨੇ ਟਿੰਡਾਂ ਵਾਲ਼ੇ ਖੂਹ ਵੱਲ ਨਿਗ੍ਹਾ ਮਾਰੀ, ਸਾਹਮਣੇ ਗੁਰਮੁਖ ਹਲ਼ ਚਲਾ ਰਿਹਾ ਸੀ। ਜ਼ਮੀਨ ਪੱਧਰੀ ਕਰਕੇ ਉਹ ਬਾਜਰਾ ਬੀਜਣ ਦੀ ਤਿਆਰੀ ਕਰ ਰਿਹਾ ਸੀ। ਬੀਜ ਉਹ ਸਵੇਰੇ ਆਉਂਦਾ ਹੋਇਆ, ਚਾਦਰੇ ਦੇ ਲੜ ਬੰਨ੍ਹ ਲਿਆਇਆ ਸੀ।

ਗੁਰਮੁਖ ਆਂਢੀਆਂ-ਗੁਆਢੀਆਂ ਨਾਲ ਜ਼ਿਦ-ਜ਼ਿਦ ਕੇ ਓੜੇ ਕੱਢਦਾ ਹੈ। ਉਸ ਦੇ ਹਲ਼ ਵਾਹੁਣ ਅਤੇ ਓੜੇ ਕੱਢਣ ਦੀ ਕਾਰੀਗਰੀ ਦੀਆਂ ਗੱਲਾਂ ਤਾਂ ਸੱਥ 'ਚ ਵੀ ਹੁੰਦੀਆਂ ਹਨ- "ਭਾਈ, ਸੁਣਿਐ ... ਗੁਰਮੁਖ ਬੜਾ ਸੋਹਣਾ ਹਾਲ਼ੀ ਐ !"

" ਦੇਖਣ ਆਲ਼ੇ ਦੱਸਦੇ ਨੇ ... ਜਮੀਨ ਦੇ ਸਿਆੜ ਹੱਸੂੰ-ਹੱਸੂੰ ਕਰਦੇ ਨੇ।"

"ਓਏ ਭਾਈ ਵਿਸਾਖਿਆ ! ਹਾਲੇ ਤਾਂ ਗੁਰਮੁਖ ਕੈਂਅ੍ਹਦਾ... ਵਹਿੜਕਾ ਅੱਲ੍ਹੜ ਐ ... ਵਿੱਚੋਂ ਦੀ ਧੁਰਲੀ ਮਾਰ ਜਾਂਦੈ। ਜਦ ਵਹਿੜਕਾ ਕਾਮਾ ਨਿਕਲ ਗਿਆ, ਫੇਰ ਦੇਖਿਓ ....।"

ਗੁਰਮੁਖ ਨੂੰ ਕੰਮ ਨਾਲ਼ ਹੀ ਤਾਂ ਪ੍ਰੇਮ ਹੈ। ਉਹ ਕਾਮਾ, ਮਿਹਨਤੀ ਤੇ ਸਿਰੜੀ ਹੈ।

ਛੰਨੋ ਨੂੰ ਦੂਰੋਂ ਹੀ ਵੇਖ, ਗੁਰਮੁਖ ਨੇ ਹਲ਼ਾਈ ਵਗਲ ਕੇ ਬਲ਼ਦ ਰੋਕ ਲਏ। ਉਹ ਸਲ੍ਹਾਬੇ ਵਾਹਣ ਵਿੱਚੋਂ ਹੁੰਦੀ ਹੋਈ ਟਾਹਲੀ ਹੇਠ ਆ ਗਈ। ਮੁੜ੍ਹਕੋ-ਮੁੜ੍ਹਕੀ ਹੋਇਆ ਗੁਰਮੁਖ ਬਲ਼ਦਾਂ ਨੂੰ ਰੋਕ ਕੇ ਆਪ ਟਾਹਲੀ ਹੇਠ ਆ ਗਿਆ। ਭੁੱਖੇ ਬਲਦ ਇੱਧਰ-ਉੱਧਰ ਖੱਬਲ ਦੀਆਂ ਤਿੜ੍ਹਾਂ 'ਤੇ ਮੂੰਹ ਮਾਰਨ ਲੱਗੇ।

" ਓ ... ਹੋ....।" ਹਾਜ਼ਰੀ ਵਾਲ਼ਾ ਟੋਕਰਾ ਹੇਠਾਂ ਉਤਾਰ, ਛੰਨੋ ਵੀ ਬਹਿ ਗਈ। ਉਹ ਵੀ ਮੁੜ੍ਹਕੋ-ਮੁੜ੍ਹਕੀ ਹੋ ਗਈ ਸੀ।

"ਲੈ ਖਾ ਲੈ ਰੋਟੀ, ਪੰਜਾਬ ਦੇ ਬਾਪੂ।" ਸਿਰ ਵਾਲ਼ੀ ਚੁੰਨੀ ਨਾਲ਼ ਉਸਨੇ ਮੂੰਹ 'ਤੇ ਆਇਆ ਮੁੜ੍ਹਕਾ ਸਾਫ ਕੀਤਾ। ਫਿਰ ਖੱਦਰ ਦੇ ਪੋਣੇ 'ਚ ਲਪੇਟੀਆਂ ਰੋਟੀਆਂ, ਖੋਲ੍ਹ ਕੇ ਗੁਰਮੁਖ ਦੇ ਮੂਹਰੇ ਰੱਖ ਦਿੱਤੀਆਂ।

ਗੁਰਮੁਖ ਰੋਟੀ ਖਾਣ ਲੱਗਾ।

"ਮੈਂ ਬੂਈਆਂ ਜੀਆਂ ਕੱਠੀਆਂ ਕਰਲਾਂ। ਕੋਈ ਚਾਰ ਦਿਨ ਦਾ ਲੱਕੜ ਬਾਲਣ ਹੋਜੂ।" ਛੰਨੋ ਬਾਲਣ 'ਕੱਠਾ ਕਰਨ ਲੱਗ ਪਈ।

ਕੁਝ ਸਮੇਂ ਲਈ ਵਿਹਲੇ ਪਰ ਭੁੱਖੇ ਬਲ਼ਦ ਅਜੇ ਵੀ ਇੱਧਰ-ਉੱਧਰ ਮੂੰਹ ਮਾਰ ਰਹੇ ਸੀ।

ਰੋਟੀ ਖਾਣ ਤੋਂ ਬਾਅਦ ਗੁਰਮੁਖ ਫਿਰ ਕੰਮ 'ਤੇ ਲੱਗ ਗਿਆ। ਕੰਮ ਵੀ ਉੱਤੋਂ ਦੀ ਹੋਇਆ ਪਿਆ ਸੀ।

ਗੁਰਮੁਖ ਨੂੰ ਇਸ਼ਾਰਾ ਕਰਦੀ ਛੰਨੋ ਬਾਲਣ ਦੀ ਪੰਡ ਤੇ ਭਾਂਡਿਆਂ ਵਾਲ਼ਾ ਟੋਕਰਾ ਚੁੱਕ ਕੇ ਘਰ ਨੂੰ ਵਾਪਸ ਚੱਲ ਪਈ।

———

ਸ਼ਾਮਾਂ ਪੈ ਗਈਆਂ। ਸਵੇਰ ਦੇ ਚੱਲੇ ਪਾਲ਼ੀ, ਪਸ਼ੂਆਂ ਦੀਆਂ ਪੈੜਾਂ ਨੱਪਦੇ ਸਾਧਣਵਾਸ ਦੀ ਹੱਦ ਤੋਂ ਵਾਪਸ ਆ ਗਏ। ਪਿੰਡ 'ਚ ਵੜ ਰਹੇ ਚੌਣੇ ਦੀ ਧੂੜ ਉੱਡ ਰਹੀ ਸੀ। ਮਾਲਵੇ ਦੇ ਟਿੱਬਿਆਂ ਦਾ ਕੱਕਾ ਰੇਤਾ, ਪਸ਼ੂਆਂ ਦੀ ਖੁਰਵੱਢ ਕਾਰਨ ਉੱਡ-ਉੱਡ ਕੇ ਹਾਲ਼ੀਆਂ ਤੇ ਪਾਲ਼ੀਆਂ ਦੇ ਪਿੰਡੇ 'ਤੇ ਜੰਮਿਆ ਪਿਆ ਸੀ। ਕਈ ਬਹਿਵਤੀ, ਭੂਸਰੀਆਂ ਤੇ ਕੌੜ ਮੱਝਾਂ ਨੂੰ, ਗਲ ਪਾਏ ਹੋਏ ਡਹਿਆਂ ਨੇ ਕਾਬੂ ਕੀਤਾ ਹੋਇਆ ਸੀ ਜਦਕਿ ਬਹੁਤੀਆਂ ਦੇ ਗਲਾਂ ਵਿੱਚ ਬੀਂਡੀਆਂ ਵੀ ਸਨ। ਪਾਲ਼ੀਆਂ ਨੇ ਮਾਲਕਾਂ ਦੇ ਘਰੋ-ਘਰੀ ਲਿਆ ਕੇ ਮੱਝਾਂ-ਗਾਈਆਂ ਬੰਨ੍ਹ ਦਿੱਤੀਆਂ। ਭੇਡਾਂ-ਬੱਕਰੀਆਂ ਦੇ ਇੱਜੜ ਵਾਲ਼ੇ ਵੀ ਢਾਂਗੀਆਂ ਉਲਾਰਦੇ ਵਾਪਸ ਆ ਗਏ। ਉਨ੍ਹਾਂ ਨੇ ਵੀ ਇੱਜੜ ਵਾੜੇ 'ਚ ਲਿਆ ਵਾੜਿਆ।

ਧਾਰਾਂ ਕੱਢਣ ਦਾ ਵੇਲ਼ਾ ਹੋ ਗਿਆ ਸੀ। ਰੱਜੇ-ਪੁੱਜੇ ਡੰਗਰ ਇੱਕ ਥਾਪੀ ਮਾਰੇ ਤੋਂ ਹੀ ਪਸਮ ਗਏ। ਦੋਹਣਾ ਲੈ ਕੇ ਛੰਨੋ, ਪਹਿਲਣ ਲਵੇਰੀ ਹੇਠ ਬੈਠ ਕੇ ਧਾਰ ਕੱਢਣ ਲੱਗੀ ਤਾਂ ਧਾਰ ਦੀ ਆਵਾਜ਼ ਨਾਲ਼ ਪੈਦਾ ਹੋਇਆ ਕਲਾਤਮਕ ਸੰਗੀਤ, ਬੀਹੀ 'ਚੋਂ ਲੰਘਣ ਵਾਲ਼ਿਆਂ ਦੇ ਕੰਨਾਂ 'ਚ ਮਿਸਰੀ ਬਣ ਕੇ ਘੁਲਣ ਲੱਗਾ। ਕੁੰਢੇ ਸਿੰਙਾਂ ਵਾਲ਼ੀ ਏਸ ਲਵੇਰੀ ਨੂੰ ਗੁਰਮੁਖ, ਨਵਾਬ ਤੇ ਸਤੀਆ ਰਾਮ ਤੁਰ-ਫਿਰ ਕੇ, ਜੇਠ ਦੀ ਮੰਡੀ ਵੇਲ਼ੇ ਜਾਖਲ ਤੋਂ ਲੈ ਕੇ ਆਏ ਸੀ।

ਗੁਰਮੁਖ ਦੀ ਖ਼ਰੀਦੀ ਮੱਝ ਦੁੱਧ ਦੀ ਵੀ ਬਾਲਟੀ ਭਰ ਦਿੰਦੀ ਹੈ। ਪਰ ਇੱਕ ਖੋਟ ਜ਼ਰੂਰ ਹੈ, ਇਸ ਮੱਝ ਵਿੱਚ, ਕੰਧ ਨੂੰ ਟੱਕਰਾਂ ਮਾਰਨੋਂ ਨਹੀਂ ਹਟਦੀ। ਛੰਨੋ ਧਾਰ ਕੱਢ ਕੇ ਮੱਝ ਨੂੰ ਹਰ ਰੋਜ਼ ਥਾਪੀ ਦਿੰਦੀ ਹੈ।

ਅੱਜ ਵੀ ਛੰਨੋ ਨੇ ਧਾਰ ਕੱਢ ਕੇ ਲਵੇਰੀ ਦਾ ਪਿੱਛਾ ਥਾਪੜਿਆ। ਦੁੱਧ ਦੀ ਬਾਲਟੀ ਨਾਲ਼ ਦੀ ਨਾਲ਼ ਹੀ ਢਕ ਕੇ ਰੱਖ ਦਿੱਤੀ। ਅਖੇ- "ਦੁੱਧ ਤੇ ਪੁੱਤ ਢਕੇ ਹੀ ਚੰਗੇ......।"

ਫਿਰ ਉਸ ਨੇ ਤੌੜੀ ਦੇ ਤਿਰਮਰੇ ਵਾਲ਼ੇ ਕੋਸੇ ਦੁੱਧ ਵਿੱਚ, ਸੱਜਰਾ ਦੁੱਧ ਪਾ ਕੇ ਤਿਉੜ ਬਣਾਇਆ। ਮਨ ਹੀ ਮਨ ਸੋਚਿਆ- "ਪੰਜਾਬ ਦਾ ਬਾਪੂ, ਸਾਰੇ ਦਿਨ ਦਾ ਥੱਕਿਆ-ਟੁੱਟਿਆ ਆਊ। ਖਾ-ਪੀ ਕੇ ਕੁਸ਼ ਅਧਾਰ ਹੋਜੂ।"

ਛੰਨੋ ਨੇ ਦੁੱਧ ਦੀ ਬਾਲਟੀ ਵੱਡੇ ਕਿੱਲੇ 'ਤੇ ਟੰਗ ਕੇ, ਹਰੀ ਮੂੰਗੀ ਦੀ ਖਿਚੜੀ ਰਿੱਝਣੀ ਰੱਖ ਦਿੱਤੀ। ਉਹਨੇ ਪੱਛੋਂ ਵੱਲ ਝਾਤੀ ਮਾਰੀ, ਸੂਰਜ ਵੀ ਢਲਣ ਵਾਲ਼ਾ ਹੋ ਗਿਆ ਸੀ।

ਪੰਜਾਬਾ, ਰਫੀਕ ਅਤੇ ਆੜੀਆਂ ਨਾਲ਼ ਖੇਡਣ ਗਿਆ ਹੋਇਆ ਸੀ। ਅਚਾਨਕ ਭੱਜਿਆ-ਭਜਾਇਆ ਘਰ ਆਇਆ। ਉਹ ਸਾਹੋ-ਸਾਹ ਹੋਇਆ ਪਿਆ ਸੀ।

"ਵੇ ਤੈਨੂੰ ਕੀ ਹੋ ਗਿਆ, ਪੰਜਾਬੇ !!" ਤੌੜੇ ਨੂੰ ਚੱਪਣ ਨਾਲ਼ ਢਕਦੀ ਛੰਨੋ ਤ੍ਰਭਕ ਗਈ।

ਸੋਚਣ ਲੱਗੀ - "ਕਿਤੇ ਜਵਾਕ ਜੇ ਲੜ ਹੀ ਨਾ ਪਏ ਹੋਣ, ਆਪਸ 'ਚ।"

"ਆਪਣੇ ਕੋਈ ਆਇਐ, ਬੇਬੇ.... ਬਾਰ 'ਚ ਖੜ੍ਹੈ।" ਉਸਨੇ ਦਰਵਾਜ਼ੇ ਵੱਲ ਖੜ੍ਹੇ ਭੱਦਰ-ਪੁਰਸ਼ ਵੱਲ ਇਸ਼ਾਰਾ ਕੀਤਾ।

ਛੰਨੋ ਦਾ ਧਿਆਨ ਵੀ ਸਾਹਮਣੇ ਚਲਾ ਗਿਆ। ਸਿਰ 'ਤੇ ਡੱਬੀਦਾਰ ਪਰਨਾ, ਖੱਦਰ ਦਾ ਕੁੜਤਾ-ਪਜਾਮਾ, ਪੈਰੀਂ ਰੇਤ ਨਾਲ ਭਰਿਆ ਖੁੱਸਾ, ਮੂੰਹ ਤੋਂ ਮੰਡਾਸਾ ਉਤਾਰਦਾ ਉਹ ਪੈਂਤੀ ਕੁ ਵਰ੍ਹਿਆਂ ਦਾ ਛੈਲ-ਛਬੀਲਾ ਗੱਭਰੂ ਅੰਦਰ ਆ ਗਿਆ। ਉਸਨੇ ਅੰਦਰ ਵੜਦਿਆਂ ਸਾਰ ਫਤਹਿ ਬੁਲਾਈ। ਛੰਨੋ 'ਜੀ ਆਇਆਂ ਨੂੰ' ਆਖ ਮੰਜਾ ਡਾਹੁਣ ਲੱਗ ਪਈ।

"ਮੈਂ ਦਲੇਰ ਆਂ .... ਦਲੇਲ ਆਲ਼ੇ ਤੋਂ।" ਉਸਨੇ ਬੈਠਦਿਆਂ ਆਪਣੇ ਬਾਰੇ ਜਾਣਕਾਰੀ ਦਿੱਤੀ।

"ਪਾਣੀ ਦੇ ਪੁੱਤ... ਤੇਹ ਲੱਗੀ ਹੋਣੀ।" ਛੰਨੋ ਨੇ ਪੰਜਾਬੇ ਨੂੰ ਕਿਹਾ। ਖਾਤਰਦਾਰੀ ਵਿੱਚ ਰੁੱਝੀ ਛੰਨੋ ਨੂੰ ਦਲੇਰ ਦਾ ਨਾਂ ਤਕ ਨਾ ਸੁਣਿਆ।

ਉਸਦੇ ਆਖਣ ਸਾਰ ਪੰਜਾਬ ਨੇ ਪਾਣੀ ਦੇ ਦਿੱਤਾ। ਦਲੇਰ 'ਗਟ-ਗਟ' ਪਾਣੀ ਪੀ ਗਿਆ। ਲੰਮੇਰੀ ਵਾਟ ਤੈਅ ਕਰਕੇ ਆਇਆ ਸੀ। ਤੇਹ ਵੀ ਜ਼ੋਰ ਦੀ ਲੱਗੀ ਹੋਈ ਸੀ।

"ਹੋਰ ਭਾਈ ! ਘਰੇਂ ਸਭ ਸੁੱਖ-ਸਾਂਦ ਐ ?" ਛੰਨੋ ਨੇ ਪਰਿਵਾਰ ਦਾ ਦੁੱਖ-ਸੁੱਖ ਪੁੱਛਣਾ ਜ਼ਰੂਰੀ ਸਮਝਿਆ। ਘਰ ਆਇਆ ਪ੍ਰਾਹੁਣਾ ਅਜੇ ਵੀ ਉਸ ਲਈ ਓਪਰਾ ਹੀ ਸੀ। ਦਿਮਾਗ਼ 'ਤੇ ਬਥੇਰਾ ਜ਼ੋਰ ਪਾਇਆ, ਪਰ ਸਿਆਣ 'ਚ ਨਾ ਆਇਆ।

ਸੋਚਦੀ ਰਹੀ - "ਪੰਜਾਬੇ ਦੇ ਬਾਪੂ ਦੇ ਮਾਮੇ ਦਾ ਮੁੰਡਾ ਹੋਣਾ, ਫਰੀਦਕੇ ਤੋਂ।

ਕਿਤੇ ਉਹਦੀ ਮਾਸੀ ਦਾ ਮੁੰਡਾ ਨਾ ਹੋਵੇ, ਪੀਰਾਂਵਾਲੀ ਤੋਂ ... !"

"ਮੈਂ ਦਲੇਰ ਆਂ ਭਾਈ..... ਪਿਛਲੇ ਸਾਲ ਵੀ ਆਇਆ ਸੀ।" ਮੋਢੇ ਰੱਖੇ ਪਰਨੇ ਨਾਲ਼, ਕੁੜਤੇ-ਪਜਾਮੇ ਦੀ ਧੂੜ ਝਾੜਦੇ ਦਲੇਰ ਨੇ ਦੁਬਾਰਾ ਆਪਣਾ ਨਾਂ ਬੋਲਿਆ।

ਨਾਂ ਸੁਣਨ ਸਾਰ ਛੰਨੋ ਆਪਣੇ ਆਪ ਨੂੰ ਕੋਸਣ ਲੱਗੀ - "ਓ ਹੋ ! ਕਮਲੀਏ !! ਦਲੇਰ ਤਾਂ ਮੁਜਾਰਾ ਲਹਿਰ ਦਾ ਆਗੂ ਐ।"

"ਧੰਨ ਭਾਗ ਭਾਈ, ਜੀ ਆਇਆਂ ਨੂੰ, ਮੈਂ ਲੰਗਰ-ਪ੍ਰਸ਼ਾਦੇ ਤਿਆਰ ਕਰਦੀ ਆਂ... ਏਨੇ ਤੂੰ ਹੱਥ-ਮੂੰਹ ਧੋ ਆ।" ਛੰਨੋ ਹੁਣ ਬੇਫਿਕਰ ਹੋ ਗਈ।

ਦੋ-ਤਿੰਨ ਮਹੀਨਿਆਂ ਬਾਅਦ ਪਿੰਡਾਂ 'ਚ ਕੋਈ ਨਾ ਕੋਈ ਮੁਜਾਰਾ ਆਗੂ ਆ ਹੀ ਜਾਂਦਾ ਹੈ, ਇੱਧਰ-ਉੱਧਰ ਦੀ ਖ਼ਬਰ ਮਿਲਦੀ ਰਹਿੰਦੀ ਹੈ। ਕੋਈ ਛੋਟਾ ਜਾਂ ਵੱਡਾ ਲੀਡਰ ਆਉਣ ਨਾਲ਼ ਨਵੀਂ ਜਾਣਕਾਰੀ ਦੇ ਨਾਲ਼-ਨਾਲ਼, ਦੱਬੇ-ਕੁਚਲੇ ਕਿਸਾਨਾਂ ਮਜ਼ਦੂਰਾਂ ਨੂੰ ਹੱਲਾਸ਼ੇਰੀ ਵੀ ਮਿਲਦੀ ਹੈ।

"ਖੂਹ 'ਤੇ ਜਾ ਕੇ ਨ੍ਹਾ ਆ, ਭਾਈ ਦਲੇਰ ਸਿਆਂ, ਪੰਜਾਬੇ ਨੂੰ ਲੈ ਜਾ ਨਾਲ਼, ਸਵੇਰ ਦਾ ਚੱਲਿਐਂ.... ਅੱਕਲਕਾਨ ਹੋ ਗਿਆ ਹੋਣਾ.... " ਛੰਨੋ ਨੇ ਦਲੇਰ ਨੂੰ ਸਲਾਹ ਦਿੱਤੀ।

"ਤੂੰ ਨਾਲ ਵਗਜਾ ਪੁੱਤ।" ਫਿਰ ਛੰਨੋ ਨੇ ਪੰਜਾਬ ਨੂੰ ਵੀ ਨਾਲ ਜਾਣ ਦੀ ਨਸੀਹਤ ਦਿੱਤੀ।

ਜਾਣ ਲੱਗਿਆਂ ਦਲੇਰ ਨੇ ਪੰਜਾਬ ਨੂੰ ਆਖ ਕੇ, ਤੇੜ ਲਪੇਟਣ ਲਈ ਕੱਪੜਾ ਮੰਗਵਾ ਲਿਆ। ਪੰਜਾਬਾ ਮਲਮਲ ਦਾ ਕੱਪੜਾ ਲੈ ਕੇ ਦਲੇਰ ਦੇ ਮੂਹਰੇ ਲੱਗ ਗਿਆ।

ਪਿੱਪਲ ਵਾਲ਼ੀ ਖੂਹੀ ਹੇਠ, ਪੂਰੀਆਂ ਰੌਣਕਾਂ ਲੱਗੀਆਂ ਪਈਆਂ ਸੀ। ਸਾਰੇ ਦਿਨ ਦੇ ਥੱਕੇ-ਟੁੱਟੇ ਕਿਸਾਨ, ਨਹਾ ਕੇ ਆਪਣੀ ਥਕਾਵਟ ਦੂਰ ਕਰ ਰਹੇ ਸੀ। ਕਈ ਦਿਨਾਂ ਬਾਅਦ ਅੱਜ ਮਿਲਣ ਵਾਲ਼ੇ ਕਿਸਾਨ, ਆਪਣੀ ਕਬੀਲਦਾਰੀ ਅਤੇ ਖੇਤੀ ਦੀਆਂ ਗੱਲਾਂ ਕਰ ਰਹੇ ਸੀ -

"ਐਤਕੀ ਤਾਂ ਬਾਰਸ਼ਾਂ ਵੀ ਚੰਗੀਆਂ ਹੋ ਗਈਆਂ।"

"ਹੂੰ ! ਧਰਤੀ ਵੀ ਆਫਰੀ ਪਈ ਐ।"

"ਮਿੱਟੀ ਵੀ ਮਿਰੇ ਅਰ ਸ਼ੱਕਰ ਰੰਗੀ ਹੋ ਗਈ।"

"ਏਸ ਸ੍ਰਾਬ ਨਾਲ਼ ਤਾਂ ਫਸਲਾਂ ਚੰਗੀਆਂ ਲੱਗਣਗੀਆਂ।"

"ਹੂੰ ! ਅੱਜ ਦੀ ਘੜੀ ਤਾਂ ਠੀਕ ਐ, ਬਾਕੀ ਭਾਈ ਦਾਤੇ ਦੀ ਮਰਜੀ।"

ਪਿੱਪਲ ਵਾਲ਼ੀ ਖੂਹੀ 'ਤੇ, ਹੋਰ ਵੀ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਸੁਣਨ ਨੂੰ ਮਿਲ ਰਹੀਆਂ ਸੀ।

ਦਲੇਰ ਨੇ ਕੱਪੜੇ ਉਤਾਰੇ, ਪੰਜਾਬੇ ਤੋਂ ਮਲਮਲ ਦਾ ਕੱਪੜਾ ਫੜ, ਤੇੜ ਲਪੇਟ ਲਿਆ। ਖੂਹੀ ਤੋਂ ਪਾਣੀ ਦੀ ਬਾਲਟੀ ਭਰੀ।

"ਆਹ ਬਾਈ ਕਿਹੜੇ ਪਿੰਡ ਤੋਂ ਐ ?" ਆਪਸ 'ਚ ਗੱਲਾਂ ਕਰਦੇ ਕਿਸਾਨ, ਦਲੇਰ ਨੂੰ ਵੇਖ ਇੱਕ ਦੂਜੇ ਨੂੰ ਪੁੱਛਣ ਲੱਗੇ।

"ਪੁੱਛਦੇ ਆਂ .... ਏਧਰ ਤਾਂ ਆਉਣ ਦੇ।" ਪਿੰਡੇ ਤੋਂ ਪਾਣੀ ਸੂਤ ਰਹੇ ਕਿਸਾਨ ਨੇ ਸਬਰ ਰੱਖਣ ਲਈ ਕਿਹਾ।

ਦਲੇਰ ਨੇ ਪਾਣੀ ਦੀ ਬਾਲਟੀ ਖਿੱਚੀ ਤਾਂ ਭਾਉਣੀ ਚੀਕੀ। ਪਾਣੀ ਦੀ ਬਾਲਟੀ ਭਰਕੇ ਪਿੱਪਲ ਹੇਠ ਲੈ ਆਇਆ।

"ਕਿਹੜਾ ਪਿੰਡ ਐ ਜਵਾਨ ਦਾ ?" ਮਧਰੇ ਕੱਦ ਪਰ ਭਾਰੇ ਸਰੀਰ ਵਾਲ਼ੇ ਕਿਸਾਨ ਨੇ ਪੁੱਛਿਆ।

"ਪਿੰਡ ਤਾਂ ਦਲੇਲਆਲੈ... ਗੁਰਮੁਖੋ।" ਮੂੰਹ 'ਤੇ ਪਾਣੀ ਦੇ ਛਿੱਟੇ ਮਾਰਦਿਆਂ, ਦਲੇਰ ਨੇ ਸਲੀਕੇ ਨਾਲ਼ ਜਵਾਬ ਦਿੱਤਾ।

"ਅੱਛਾ ! ਅੱਛਾ !! ਫੱਕਰ ਦੇ ਪਿੰਡੋਂ। ਫਿਰ ਤਾਂ ਗੁਰਮੁਖ ਦੇ ਘਰ ਆਉਣੇ ਹੋਏ !" ਨਹਾ ਹਟਿਆ ਪਰ ਕੱਪੜਾ ਨਿਚੋੜ ਰਿਹਾ ਕਿਸਾਨ ਬੋਲਿਆ।

"ਹਾਂ ... ਸਾਮੇਂ ਪਿੰਡੋਂ... ਗੁਰਮੁਖ ਸਿੰਘ ਦੇ ਘਰ ਹੀ ਆਇਆ ਹਾਂ।" ਦਲੇਰ ਨੇ ਕੰਨਾਂ ਵਿੱਚ ਵੜਿਆ ਰੇਤ ਸਾਫ਼ ਕਰਦਿਆਂ, ਨਾਲ਼-ਨਾਲ਼ ਜਵਾਬ ਦਿੱਤਾ।

"ਹੋਰ ਭਾਈ, ਸਭ ਰਾਜੀ ਖੁਸੀ ਐ, ਤੇਰੇ ਆਲ਼ੇ ਪਾਸੇ ?" ਮਧਰੇ ਕੱਦ ਵਾਲ਼ੇ ਨੇ ਉੱਧਰ ਦੇ ਹਾਲਾਤਾਂ ਬਾਰੇ ਪੁੱਛਿਆ।

"ਹਾਂ ਜੀ ਹਾਂ .... ਸਭ ਰਾਜੀ ਖੁਸ਼ੀ। ਆਇਓ ਫਿਰ ਰਾਤ ਨੂੰ, ਵਿਚਾਰਾਂ ਕਰਾਂਗੇ।" ਦਲੇਰ ਨੇ ਉਨ੍ਹਾਂ ਨੂੰ ਵੀ ਆਉਣ ਦੀ ਤਾਕੀਦ ਕੀਤੀ।

"ਜਰੂਰ ਜੀ, ਲੰਗਰ-ਪ੍ਰਸ਼ਾਦੇ ਛਕ ਕੇ ਆਮਾਂਗੇ।" ਉਨ੍ਹਾਂ ਵੀ ਆਉਣ ਦੀ ਹਾਮੀ ਭਰੀ। ਫਿਰ ਉਹ ਦੋਂਵੇ ਪਿੱਪਲ ਤੋਂ ਪਰ੍ਹਾਂ ਬੰਨ੍ਹੇ ਬਲ਼ਦਾਂ ਨੂੰ ਹੱਕਦਿਆਂ ਭੀੜੀ ਬੀਹੀ ਨੂੰ ਹੋ ਤੁਰੇ।

ਸੂਰਜ ਛਿਪਣ ਵਾਲ਼ਾ ਸੀ ਪਰ ਅਜੇ ਵੀ ਗਰਮੀ ਦਾ ਕਹਿਰ ਘਟਿਆ ਨਹੀਂ ਸੀ, ਅਜੇ ਵੀ ਗੁੰਮ੍ਹ ਜਿਹਾ ਬਣਿਆ ਪਿਆ ਸੀ।

"ਰਾਮਦਾਰੀ ਆ ਗਈ, ਚੱਲ ਵੀ ਸ਼ੇਰਾ।" "।" ਦਲੇਰ ਨਹਾ ਹਟਿਆ ਸੀ। ਉਸਨੇ ਗਿੱਲਾ ਕੱਪੜਾ ਪੂਰੇ ਜ਼ੋਰ ਦੀ ਨਿਚੋੜਿਆ ਤੇ ਪੰਜਾਬ ਨੂੰ ਚੱਲਣ ਲਈ ਕਿਹਾ।

ਉਨ੍ਹਾਂ ਦੇ ਘਰ ਪਹੁੰਚਣ ਤਕ, ਸੂਰਜ ਪਹਾੜੀ ਕਿੱਕਰਾਂ ਵਾਲ਼ੇ ਟੋਭੇ ਵੱਲ ਜਾ ਕੇ ਛਿਪ ਗਿਆ।

ਛੰਨੋ ਪੱਥਰ ਦੇ ਕੂੰਡੇ 'ਚ, ਨਿੰਮ ਦੇ ਘੋਟਣੇ ਨਾਲ਼ ਚਿੱਬੜਾਂ ਦੀ ਚਟਣੀ ਕੁੱਟ ਰਹੀ ਸੀ। ਉਹ ਅੱਜ ਦਿਨੇ, ਪਾਈਆ ਦੇ ਕਰੀਬ ਪੱਕੇ ਚਿੱਬੜ ਖੇਤੋਂ, ਦੇਸੀ ਕਪਾਹ 'ਚੋਂ ਲੈ ਆਈ ਸੀ। ਕੂੰਡੇ ਦੇ ਪਾਸਿਆਂ 'ਤੇ ਘੋਟਣਾ ਮਾਰਦੀ ਛੰਨੋ ਨੂੰ ਗਲੀ 'ਚੋਂ ਬਲ਼ਦਾਂ ਦੀਆਂ ਟੱਲੀਆਂ ਦੀ ਟੁਣਕਾਰ ਸੁਣਾਈ ਦਿੱਤੀ।

ਉਹ ਪੰਜਾਬ ਨੂੰ ਕਹਿਣ ਲੱਗੀ - "ਲੱਗਦੈ, ਤੇਰਾ ਬਾਪੂ ਆ ਗਿਆ।" ਜਿਵੇਂ

ਉਸਨੂੰ ਬਲਦਾਂ ਦੀ ਪੈੜ-ਚਾਲ ਤੋਂ ਹੀ ਪਛਾਣ ਆ ਗਈ ਹੋਵੇ।

"ਮੈਂ ਵੇਖਦੈਂ ... ਬੇਬੇ।" ਪੰਜਾਬ ਗਲੀ ਵੱਲ ਚਲਾ ਗਿਆ।

ਉਸਨੇ ਵੇਖਿਆ, ਗੁਰਮੁਖ ਬਾਗਲ਼ 'ਚ ਬਲ਼ਦ ਬੰਨ੍ਹਣ ਚਲਾ ਗਿਆ।

"ਹੂੰ ... ਬਾਪੂ ਆ ਗਿਆ ਬੇਬੇ।" ਪੰਜਾਬਾ ਵੇਖ ਕੇ ਵਾਪਸ ਪਰਤ ਆਇਆ।

"ਭਾਂਡਾ ਠੀਕਰ ਤਿਆਰ ਕਰਲੈ ਪੁੱਤ, ਢਿੱਡੋਂ ਭੁੱਖੇ ਨੇ ਸਾਰੇ ਦਿਨ ਦੇ।" ਛੰਨੋ ਵੀ ਜਾਣਦੀ ਸੀ, ਜੇ ਪੰਜਾਬ ਦਾ ਬਾਪੂ ਖੇਤੋਂ ਥੱਕ ਕੇ ਆਇਆ ਹੈ ਤਾਂ ਦਲੇਰ ਵੀ ਲੰਮੇਰੀ ਵਾਟ ਤੈਅ ਕਰਕੇ ਆਇਐ। ਮਾਂ ਦਾ ਕਹਿਣਾ ਮੰਨ, ਪੰਜਾਬਾ ਭਾਂਡੇ ਤਿਆਰ ਕਰਨ ਲੱਗਾ।

ਗੁਰਮੁਖ ਬਲ਼ਦਾਂ ਨੂੰ ਬੰਨ੍ਹ ਕੇ ਆ ਗਿਆ। ਵੜਦਿਆਂ ਸਾਰ ਸਾਹਮਣੇ ਮੰਜੇ 'ਤੇ, ਓਪਰਾ ਜਿਹਾ ਬੰਦਾ ਵੇਖ ਕੇ, ਨੇੜੇ ਆਉਂਦਾ-ਆਉਂਦਾ ਸੋਚਣ ਲੱਗਾ- "ਕੋਈ ਦੂਰ ਦੀ ਰਿਸ਼ਤੇਦਾਰੀ 'ਚੋਂ ਲੱਗਦੈ।"

ਕੋਲ਼ ਆਇਆ ਤਾਂ ਦਲੇਰ ਮਿਲਣ ਲਈ ਉੱਠ ਖੜੋਤਾ।

"ਹੋਰ ਬਾਈ ਸਿਆਂ ! ਠੀਕ ਠਾਕ ?" ਗੁਰਮੁਖ ਜੱਫੀ ਪਾ ਮਿਲਿਆ।

"ਸਭ ਠੀਕ।" ਆਖ ਦਲੇਰ ਫਿਰ ਆਪਣੀ ਥਾਂ 'ਤੇ ਬੈਠ ਗਿਆ।

"ਮੇਰੇ ਸਿਆਣ 'ਚ ਨੀ ਆਇਆ !" ਗੁਰਮੁਖ ਪਛਾਣ ਕੱਢਦਾ, ਨਾਲ਼ ਹੀ ਮੰਜੇ 'ਤੇ ਬੈਠ ਗਿਆ।

"ਦਲੇਲਆਲੇ ਤੋਂ......... ਦਲੇਰ ਆਂ, ਬਾਈ ਹੋਰਾਂ ਨੇ ਭੇਜਿਐ ਮੈਨੂੰ।"

"ਬੱਲੇ ਬਈ ਬੱਲੇ ! ਦਲੇਰ ਸਿਆਂ ! ਸਿਆਣ ਚੀ ਨੀ ਆਇਆ ਯਰ ! ਹੋਰ ਸੁਣਾ, ਤੂੰ ਤਾਂ ਖਣੀਂ ਪਿਛਲੇ ਤੋਂ ਪਿਛਲੇ ਸਾਲ ਨੀ ਸੀ ਆਇਆ!"

"ਹਾਂ ... ਪਰਾਰ ਹੀ ਆਇਆ ਸੀ।"

"ਹੋਰ, ਸਾਡੇ ਲੀਡਰ ਦਾ ਕੀ ਹਾਲ ਐ, ਫੱਕਰ ਸੂੰਹ ਦਾ ?"

"ਫੱਕਰ ਵੀ ਚੜ੍ਹਦੀ ਕਲਾ 'ਚ ਐ।"

"ਚੱਲ ਮੈਂ ਹੱਥ-ਪੈਰ ਧੋ ਲਾਂ, ਫੇਰ ਕਰਦੇ ਆਂ ਗੱਲਾਂ।" ਆਖਦਾ ਗੁਰਮੁਖ ਨਹਾਉਣ-ਧੋਣ 'ਚ ਉਲਝ ਗਿਆ। ਪੰਜਾਬ ਹੱਥ ਧੋਣ ਲਈ ਪਾਣੀ ਦੇ ਗਿਆ। ਦਲੇਰ ਨੇ ਗਿਲਾਸ ਵਾਲ਼ੇ ਪਾਣੀ 'ਚੋਂ ਚੂਲ਼ੀ ਭਰੀ, ਹੱਥ ਸਾਫ਼ ਕੀਤੇ ਤੇ ਗਿਲਾਸ ਮੰਜੇ ਦੀ ਦੌਣ 'ਚ ਫਸਾ ਕੇ ਰੱਖ ਦਿੱਤਾ ਤੇ ਫਿਰ ਰੋਟੀ ਦੀ ਉਡੀਕ ਕਰਨ ਲੱਗਾ।

ਛੰਨੋ ਨੇ ਪੂਰੇ ਚਾਵਾਂ ਨਾਲ਼ ਰੋਟੀ ਤਿਆਰ ਕੀਤੀ। ਗੁਰਮੁਖ ਅਤੇ ਦਲੇਰ ਰੋਟੀ ਦੀ ਉਡੀਕ 'ਚ, ਮੰਜੇ 'ਤੇ ਤਿਆਰ-ਬਰ-ਤਿਆਰ ਬੈਠੇ ਸੀ। ਪੰਜਾਬਾ ਪਾਣੀ ਵਾਲ਼ਾ ਤੂੰਬਾ ਤੇ ਪਿੱਤਲ ਦਾ ਵੱਡਾ ਗਿਲਾਸ ਮੰਜੇ ਹੇਠ ਰੱਖ ਗਿਆ। ਦੂਜੇ ਗੇੜੇ 'ਚ ਉਹ ਦੋ ਕਾਂਢਿਆਂ ਵਾਲ਼ੇ ਗੋਲ਼ ਥਾਲ਼ਾਂ 'ਚ ਰੋਟੀ ਪਾ ਲਿਆਇਆ।

"ਵੱਧ ਤੋਂ ਵੱਧ ਸਾਥੀਆਂ ਨੂੰ ਬੁਲਾ ਲਿਆਈਂ ਬਾਈ, ਸਾਰਿਆਂ ਨੂੰ ਪਤਾ ਲੱਗ ਜੂ, ਕੀ ਹਲਚਲ ਐ ?" ਆਖ ਦਲੇਰ ਨੇ ਪਹਿਲਾ ਟੁੱਕ ਮੂੰਹ ਨੂੰ ਲਾਇਆ।

"ਰੋਟੀ ਖਾ ਕੇ ਮੈਂ ਸਭ ਨੂੰ ਸਨੇਹਾ ਲਾ ਆਊਂ।" ਗੁਰਮੁਖ ਨੇ ਤਿਉੜ ਵਾਲ਼ਾ

ਛੰਨਾ ਪੀ ਕੇ ਹੇਠਾਂ ਰੱਖ ਦਿੱਤਾ।

ਪੰਜਾਬ ਵਿੱਚੋਂ ਦੀ ਆ ਕੇ ਰੋਟੀਆਂ, ਮੋਠਾਂ ਦੀ ਦਾਲ ਤੇ ਚਟਣੀ ਲੋੜ ਅਨੁਸਾਰ ਦੇ ਗਿਆ।

ਦੂਜੇ ਗੇੜੇ ਵਿੱਚ ਪੰਜਾਬੇ ਨੇ ਤੱਤੀ ਰੋਟੀ ਰੱਖਣੀ ਚਾਹੀ ਤਾਂ ਦਲੇਰ ਨਾਂਹ ਕਰ ਗਿਆ।

ਗੁਰਮੁਖ ਵੀ ਕਹਿਣ ਲੱਗਾ– "ਕੋਈ ਨਾ .. ਕੋਈ ਨਾ .. ਦਲੇਰ ਸਿਆਂ ! ਸੰਗ ਨਾ, ਖਾ ਲੈ, ਭੁੱਖਣ–ਭਾਣੇ ਤੁਰਿਆ ਹੋਣਾ, ਦੋ ਮੰਨੀਆਂ ਹੋਰ ਛਕ ਲੈ।"

ਆਖਰ ਉਸਨੇ ਪੰਜਾਬ ਨੂੰ ਇੱਕ ਰੋਟੀ ਰੱਖਣ ਲਈ ਆਖ ਦਿੱਤਾ।

ਦੋਵਾਂ ਨੇ ਰੋਟੀ ਖਾ ਕੇ ਕੁਰਲਾ ਕਰ ਲਿਆ। ਗੁਰਮੁਖ ਤਾਂ ਪਹਿਲਾਂ ਹੀ ਉੱਠ ਗਿਆ ਸੀ।

"ਤੁਸੀਂ ਵੀ ਛਕ ਲੋ ਰੋਟੀ, ਮੈਂ ਸਨੇਹਾ ਲਾ ਆਮਾਂ।" ਮਾਂ–ਪੁੱਤ ਨੂੰ ਆਖਦਾ, ਗੁਰਮੁਖ ਬਾਹਰ ਚਲਾ ਗਿਆ।

ਦਲੇਰ ਆਪਣੇ ਝੋਲ਼ੇ ਵਿਚਲੇ ਰਜਿਸਟਰਾਂ ਨੂੰ ਫਰੋਲਣ 'ਚ ਰੁੱਝ ਗਿਆ।

ਛੰਨੋ ਅਤੇ ਪੰਜਾਬ ਰੋਟੀ ਖਾਣ ਲੱਗੇ।

ਜਦ ਤਕ ਗੁਰਮੁਖ ਕਿਸਾਨਾਂ ਤੇ ਮਜ਼ਦੂਰਾਂ ਦੇ ਘਰੀਂ ਸੁਨੇਹੇ ਲਾ ਕੇ ਵਾਪਸ ਆਇਆ, ਛੰਨੋ ਨੇ ਭਾਂਡਾ–ਟੀਂਡਾ ਸੰਭਾਲ਼ ਲਿਆ। ਕਈ ਉਤਸੁਕ ਹੋਏ ਕਿਸਾਨ ਤਾਂ ਗੁਰਮੁਖ ਦੇ ਮਗਰ ਹੀ ਆ ਪਹੁੰਚੇ। ਵਿਚਾਰ–ਚਰਚਾ ਸ਼ੁਰੂ ਹੋਣ ਤਕ, ਕਾਲ਼ੇ ਅਸਮਾਨ 'ਚ ਟਾਂਵੇਂ–ਟਾਂਵੇਂ ਤਾਰੇ ਚਮਕਣ ਲੱਗ ਪਏ ਸੀ। ਸਪਤਰਿਸ਼ੀ ਛਿਪਦੇ ਪਾਸੇ, ਕੁਲਰੀਆਂ ਪਿੰਡ ਵੱਲ ਦਿਖਾਈ ਦੇਣ ਲੱਗਾ। ਵੇਖਦਿਆਂ ਹੀ ਵੇਖਦਿਆਂ ਤੀਹ–ਚਾਲ਼ੀ ਦੀ ਗਿਣਤੀ 'ਚ ਮਰਦ, ਔਰਤਾਂ, ਬਜ਼ੁਰਗ ਤੇ ਬੱਚਿਆਂ ਦਾ ਭਰਵਾਂ ਇਕੱਠ ਹੋ ਗਿਆ। ਸਾਰਾ ਵਿਹੜਾ ਭਰ ਗਿਆ। ਕਾਫੀ ਤਾਦਾਦ ਵਿੱਚ ਸੰਗਤ ਆਈ ਵੇਖ, ਦਲੇਰ ਦਾ ਮਨ ਖ਼ੁਸ਼ ਹੋ ਗਿਆ। ਗੁਰਮੁਖ ਨੇ ਗੱਲ ਸ਼ੁਰੂ ਕੀਤੀ –

"ਭਾਈ ਆਪਣੇ ਕੋਲ਼ ਦਲੇਰ ਸਿੰਘ ਆਇਐ..... ਸਵੇਰ ਦਾ ਚੱਲਿਆ ਸੀ ਦਲੇਲ ਆਲ਼ੇ ਤੋਂ.... ਫੱਕਰ ਸਿੰਘ ਹੋਰਾਂ ਨੇ ਭੇਜਿਐ। ਜੋ ਵੀ ਗੱਲ–ਬਾਤ ਕਰੂ, ਆਪਾਂ ਧਿਆਨ ਨਾਲ਼ ਸੁਣਨੀ ਐ।" ਆਖ ਗੁਰਮੁਖ ਆਪਣੀ ਥਾਂ 'ਤੇ ਬੈਠ ਗਿਆ।

"ਸਤਿਕਾਰਯੋਗ ਪਿਤਾ ਸਮਾਨ ਬਜੁਰਗੋ, ਮਾਤਾਵੋ, ਭੈਣੋ ਤੇ ਭਰਾਵੋ ... ਸਭ ਤੋਂ ਪਹਿਲਾਂ ਮੇਰੇ ਵੱਲੋਂ ਸਾਰਿਆਂ ਨੂੰ ਲਾਲ ਸਲਾਮ .....ਸਾਡੇ ਵਾਲੇ ਪਾਸੇ ਸਭ ਰੰਗਲ ਮੰਗਲ ਐ ...., ਤੁਸੀਂ ਦੱਸੋ, ਸਭ ਸੁੱਖ–ਸਾਂਦ ਐ ?" ਵਿਧਾਨ ਅਨੁਸਾਰ ਦਲੇਰ ਨੇ ਪਹਿਲਾਂ ਸਭ ਦਾ ਹਾਲ–ਚਾਲ ਪੁੱਛਣਾ ਜ਼ਰੂਰੀ ਸਮਝਿਆ।

"ਏਥੇ ਤਾਂ ਸਭ ਲੋਟ ਐ। ਫਸਲਾਂ ਵੀ ਠੀਕ ਹੋਣ ਦੀ ਸੰਭਾਵਨਾ ਏ।" ਵਡੇਰੀ ਉਮਰ ਦਾ ਟਾਂਡੇ ਵਰਗੇ ਸਰੀਰ ਵਾਲ਼ਾ ਵਿਅਕਤੀ ਖੜ੍ਹਾ ਹੋ ਕੇ ਬੋਲਿਆ। ਸਾਰੇ ਨਗਰ–ਖੇੜੇ ਦੀ ਸੁੱਖ–ਸਾਂਦ ਉਸ ਨੇ ਆਪ ਹੀ ਦੱਸ ਦਿੱਤੀ।

ਅਸਲ ਵਿੱਚ ਇਹ ਵਡੇਰਾ ਆਦਮੀ ਝੰਡਾ ਸਿੰਘ ਹੈ। ਮੁਜ਼ਾਰਾ ਲਹਿਰ ਦਾ ਪੁਰਾਣਾ, ਨਿਧੜਕ ਤੇ ਤਜਰਬੇਕਾਰ, ਜੁਝਾਰੂ ਸਾਥੀ ਜੋ ਲੰਮਾ ਸਮਾਂ ਕਾਹਨਗੜ੍ਹ ਇਕਾਈ ਨੂੰ ਤੋਰਦਾ ਰਿਹਾ ਹੈ।

"ਗੱਲ ਏਹ ਐ ਬਈ, ਫੱਕਰ ਨੇ ਮੇਰੀ ਡਿਊਟੀ ਲਾਈ ਐ, ਬਈ ਪਿੰਡਾਂ 'ਚ ਵੇਖ ਕੇ ਆ, ਕੀ ਮਾਹੌਲ ਐ? ਸਭ ਠੀਕ ਤਾਂ ਹੈ ! " ਦਲੇਰ ਨੇ ਆਪਣੀ ਗੱਲ ਅੱਗੇ ਵਧਾਈ।

"ਧੰਨਭਾਗ .... ਜੀ ਆਇਆਂ ਨੂੰ, ਭਾਈ।" ਸਭ ਨੇ ਸੁਆਗਤ ਕੀਤਾ।

"ਸਾਡਾ ਫਰਜ ਬਣਦੈ, ਤੁਹਾਡੀਆਂ ਸਮੱਸਿਆਵਾਂ ਵੱਲ ਧਿਆਨ ਦੇਣ ਦਾ ਤੇ ਉਨਾਂ ਨੂੰ ਹੱਲ ਕਰਨ ਦਾ। ਕਿਸੇ ਕਿਸਮ ਦਾ ਦੁੱਖ-ਤਕਲੀਫ਼ ਹੈ ਤਾਂ ਖੁੱਲ੍ਹ ਕੇ ਦੱਸੋ, ਸੰਗਣ ਦੀ ਲੋੜ ਨੀ।" ਦਲੇਰ ਨੇ ਟਿਕੀ ਬੈਠੀ ਸੰਗਤ ਨੂੰ ਪੁੱਛਿਆ।

"ਬਾਕੀ ਤਾਂ ਠੀਕ ਐ ਪਰ ਆਹ ਵਿਸਵੇਦਾਰਾਂ ਤੋਂ ਤਾਂ ਆਪਾਂ ਬਾਹਲ਼ੇ ਤੰਗ ਆਂ। ਮੇਰੇ ਪੁੱਤ ਦਿਆਂ ਨੇ ਟੀਂਡੀ ਆਲ਼ੇ ਬੀ 'ਤੇ ਚਾੜ੍ਹ ਰੱਖੇ ਆਂ।" ਮਧਰੇ ਕੱਦ ਵਾਲ਼ਾ, ਖੂਹੀ 'ਤੇ ਮਿਲਣ ਵਾਲ਼ਾ ਕਿਸਾਨ ਵਿੱਚੋਂ ਬੋਲ ਪਿਆ।

"ਇਹੀ ਦੁਖਾਂਤ ਹੈ ਸੰਗਤੇ ... ਆਪਾਂ ਲੋਕ ਇੱਕ ਤਾਂ ਅੰਗਰੇਜਾਂ ਦੀ ਗੁਲਾਮੀ ਭੋਗ ਰਹੇ ਹਾਂ ਤੇ ਦੂਜੀ ਗੁਲਾਮੀ ਵਿਸਵੇਦਾਰਾਂ ਦੀ। ਇੱਕ ਆਹ ਨੰਬਰਦਾਰ ਛੱਡ ਰੱਖੇ ਨੇ .. ਟੌਂਟ ਤੇ ਖਬਰੀਏ .. ਸਾਰੀਆਂ ਰਿਪੋਟਾਂ ਸਰਕਾਰ ਤੇ ਵਿਸਵੇਦਾਰਾਂ ਦੇ ਕੰਨੀਂ ਇਹੀ ਪਾਉਂਦੇ ਨੇ। ਇਹ ਘੜੰਮ ਚੌਧਰੀ ਸਰਕਾਰ ਦੇ ਝੋਲੀ ਚੁੱਕ ਨੇ ਅਸੀਂ .. ਅਸੀਂ ਸਰਕਾਰ ਦੇ ਬਾਗੀ। ਪਰ ਜੇ ਆਪਣੀਆਂ ਛੋਟੀਆਂ-ਮੋਟੀਆਂ ਜਥੇਬੰਦੀਆਂ ਨਾ ਹੁੰਦੀਆਂ ਤਾਂ ਵਿਸਵੇਦਾਰਾਂ ਨੇ ਆਪਣੇ ਪੱਲੇ ਕੀ ਰਹਿਣ ਦੇਣਾ ਸੀ ! ਖਾ ਜਾਂਦੇ ਲੁੱਟ ਕੇ .. ਤਨ 'ਤੇ ਪਹਿਨਣ ਨੂੰ ਕੱਪੜਾ ਵੀ ਨੀ ਸੀ ਮਿਲਣਾ। ਸੋ ਹੋਰ ਮਜਬੂਤੀ ਨਾਲ ਜਥੇਬੰਦ ਹੋਣਾ ਜਰੂਰੀ ਐ।" ਦਲੇਰ ਨੇ ਜਿੱਥੇ ਦੋਹਰੀ ਗ਼ੁਲਾਮੀ ਦਾ ਜ਼ਿਕਰ ਕੀਤਾ, ਉਥੇ ਹੀ ਜਥੇਬੰਦਕ ਢਾਂਚੇ 'ਤੇ ਜ਼ੋਰ ਦਿੱਤਾ।

"ਜੋ ਕੁੱਝ ਬਚਿਐ ... ਸਾਡੀ ਏਕਤਾ ਕਰਕੇ ਹੀ ਐ .." ਦਲੇਰ ਕੋਲ਼ ਬੈਠਾ ਗੁਰਮੁਖ ਬੋਲਿਆ।

"ਫੱਕਰ ਨੇ ਇਹ ਗੱਲ ਜ਼ੋਰ ਦੇ ਕੇ ਆਖੀ ਆ, ਬਈ ਪਿੰਡ ਪੱਧਰ 'ਤੇ ਇੱਕ ਆਗੂ ਚੁਣੋ .. ਇੱਕ ਕਾਬਲ ਤੇ ਸੂਝਵਾਨ ਸੈਨਾਪਤੀ ਹੀ ਆਪਣੀ ਫੌਜ ਨਾਲ਼ ਦੁਸ਼ਮਣ 'ਤੇ ਫਤਹਿ ਹਾਸਲ ਕਰ ਸਕਦੈ। ਔਰਤਾਂ ਨੂੰ ਵੀ ਨਾਲ਼ ਲੈ ਕੇ ਚੱਲਣੈ। ਔਰਤਾਂ ਨਾਲ਼ ਹੋਣ ਤਾਂ ਲਹਿਰ ਨੂੰ ਮਜਬੂਤੀ ਤੇ ਬਲ ਮਿਲਦਾ ਹੈ। ਨਾਲ਼ੇ ਥੋਡੇ ਪਿੰਡ ਦੀਆਂ ਬੀਬੀਆਂ ਤਾਂ ਹੋਰ ਵੀ ਦਲੇਰ ਨੇ।" ਫਿਰ ਉਸਨੇ ਔਰਤਾਂ ਦੀ ਹਿੱਸੇਦਾਰੀ ਦਾ ਨੁਕਤਾ ਸਾਂਝਾ ਕੀਤਾ।

"ਬੀਬੀਆਂ ਤਾਂ ਦਲੇਰ ਸਿਆਂ ਸਾਡੀਆਂ ਦਲੇਰ ਨੇ। ਮਾੜੇ ਧੂੜੇ ਨੂੰ ਤਾਂ ਇਹ ਵੀ ਨੀ ਖੰਘਣ ਦਿੰਦੀਆਂ।" ਝੰਡਾ ਸਿੰਘ ਨੇ ਪਿੰਡ ਦੀਆਂ ਬੀਬੀਆਂ ਦੀ ਸ਼ਲਾਘਾ ਕੀਤੀ ਤਾਂ ਵਿਹੜੇ 'ਚ ਤਾੜੀਆਂ ਦੀ ਆਵਾਜ਼ ਗੂੰਜ ਉੱਠੀ।

"ਪਿਛਲੀ ਵਾਰੀ ਇੱਕ ਮਰੀਅਲ ਜਿਹਾ ਠਾਣੇਦਾਰ ਆ ਗਿਆ, ਕੈਂਅਦਾ ਤੁਸੀਂ ਬਟਾਈ ਦਾ ਹਿੱਸਾ ਨੀ ਦਿੱਤਾ। ਮਿਰੇ ਅਰ ! ਬੀਬੀਆਂ ਉਹਨੂੰ ਕੁੱਟਣ ਤਕ ਜਾਣ, ਹਾਰਕੇ ਘੋੜੀ ਭਜਾ ਕੇ ਲੈ ਗਿਆ।" ਗੁਰਮੁਖ ਨੇ ਬੀਬੀਆਂ ਦੀ ਪ੍ਰਸ਼ੰਸਾ ਹੋਰ ਅੱਗੇ ਵਧਾ ਦਿੱਤੀ।

"ਕਿਹੜੀ ਬੀਬੀ ਸੀ ਉਹ ਜੇ ਆਈ ਐ ਤਾਂ ਖੜ੍ਹੀ ਤਾਂ ਹੋਵੇ।" ਦਲੇਰ ਉਸ ਨਿਡਰ ਔਰਤ ਦੇ ਦਰਸ਼ਨ ਕਰਨੇ ਚਾਹੁੰਦਾ ਸੀ। ਜਦ ਭਰੇ ਇਕੱਠ ਵਿੱਚੋਂ ਨਸੀਬ ਕੌਰ ਖੜ੍ਹੀ ਹੋਈ ਤਾਂ ਤਾੜੀਆਂ ਦੀ ਗੜਗੜਾਹਟ ਹੋਰ ਵੀ ਵਧ ਗਈ।

"ਮੈਂ ਵੀ ਤੈਨੂੰ ਸਲਾਮ ਕਰਦਾ ਹਾਂ, ਤੁਸੀਂ ਬਾਕੀ ਬੀਬੀਆਂ ਨੂੰ ਵੀ ਨਾਲ਼ ਜੋੜੋ।" ਦਲੇਰ ਉਸ ਔਰਤ ਵੱਲ ਸ਼ਰਧਾ ਵਜੋਂ ਹੱਥ ਜੋੜ ਕੇ ਖੜ੍ਹ ਗਿਆ।

"ਇਹ ਝੰਡਾ ਸਿੰਘ ਦੀ ਧਰਮ ਪਤਨੀ ਐ ਦਲੇਰ ਸਿੰਘ ਜੀ।" ਗੁਰਮੁਖ ਸਿੰਘ ਨੇ ਨਸੀਬ ਕੌਰ ਦੀ ਜਾਣ-ਪਛਾਣ ਕਰਾਈ ਤਾਂ ਦਲੇਰ ਸਿੰਘ, ਝੰਡਾ ਸਿੰਘ ਦੀ ਕਿੰਨਾ ਹੀ ਚਿਰ ਵਡਿਆਈ ਕਰਦਾ ਰਿਹਾ।

"ਆਪਸੀ ਫੁੱਟ ਤੋਂ ਬਚੀਏ, ਕਿਸੇ ਦੀਆਂ ਗੱਲਾਂ 'ਚ ਨਾ ਆਈਏ। ਸਰਮਾਏਦਾਰਾਂ ਤੇ ਅੰਗਰੇਜਾਂ ਦੀ ਨੀਤੀ ਹੈ - ਪਾੜੋ ਤੇ ਰਾਜ ਕਰੋ। ਅਸੀਂ ਇੱਕਮੁੱਠ ਰਹਿ ਕੇ ਸਾਰਾ ਕੁਝ ਹਾਸਲ ਕਰਨਾ ਹੈ। ਪਾਟ ਗਏ ਤਾਂ ਕਦੇ ਸਫਲ ਨੀ ਹੋਵਾਂਗੇ .. ਸਗੋਂ ਮੂਧੇ ਮੂੰਹ ਹੀ ਡਿੱਗਾਂਗੇ। ਜੇ ਇੱਕ-ਜੁੱਟ ਰਹੇ ਤਾਂ ਸਭ ਕੁਝ ਹਾਸਲ ਕਰ ਲਵਾਂਗੇ .. ਜਮੀਨਾਂ ਦੀ ਮਾਲਕੀ ਵੀ ਤੇ ਮਾਣ-ਸਨਮਾਨ ਵੀ।" ਦਲੇਰ ਮਿਹਨਤੀ ਵਰਕਰਾਂ ਦੀ ਗੱਲ ਖ਼ਤਮ ਕਰਕੇ ਏਕੇ ਦੀ ਗੱਲ 'ਤੇ ਜ਼ੋਰ ਦੇਣ ਲੱਗਾ।

"ਅਸੀਂ ਤਾਂ ਭਾਈ ਸਾਰੇ ਹੀ ਰਲ਼-ਮਿਲ਼ ਕੇ ਰਹਿੰਦੇ ਹਾਂ। ਸਾਰੇ ਵਰਕਰ ਨੇ ਤੇ ਸਾਰੇ ਲੀਡਰ।" ਮਧਰੇ ਕੱਦ ਵਾਲ਼ਾ ਕਿਸਾਨ ਫਿਰ ਬੋਲਿਆ।

"ਪਹਿਲਾਂ ਕਿਸਾਨ ਸਭਾ ਦਾ ਸੰਗਠਨ ਕਰੀਏ .. ਪਿੰਡ-ਪਿੰਡ ਕਿਸਾਨ ਸਭਾਵਾਂ ਦਾ ਗਠਨ ਹੋ ਰਿਹਾ ਹੈ ..ਲੋਕ ਏਕਤਾ ਦੀ ਲਹਿਰ ਬਣਦੀ ਜਾ ਰਹੀ ਹੈ।ਕਿਸਾਨ ਸਭਾ ਦਾ ਆਗੂ ਜਰੂਰੀ ਆ, ਆਗੂ ਚੁਣੀਏ.. ਨਾਲ਼ ਉਸਦੇ ਸੱਤ ਮੈਂਬਰੀ ਕਮੇਟੀ ਦਾ ਗਠਨ ਵੀ ਕਰੀਏ ਜੋ ਲੋੜ ਪੈਣ 'ਤੇ ਸਹੀ ਫੈਸਲੇ ਲੈ ਸਕਣ।" ਦਲੇਰ ਨੇ ਇਹ ਗੱਲ ਜ਼ੋਰ ਦੇ ਕੇ ਆਖੀ।

"ਗੁਰਮੁਖ ਨੂੰ ਬਣਾਦੋ ਆਗੂ, ਫਿਰ ਵੀ ਸਮਝਦਾਰ ਐ।" ਝੰਡਾ ਸਿੰਘ ਨੇ ਗੁਰਮੁਖ ਵੱਲ ਇਸ਼ਾਰਾ ਕੀਤਾ।

"ਤੂੰ ਹੀ ਬਣਜਾ ਬਾਈ। ਫਿਰ ਵੀ ਪੁਰਾਣਾ ਆਗੂ ਐਂ।" ਗੁਰਮੁਖ ਝੰਡਾ ਸਿੰਘ ਦਾ ਮਾਣ ਰੱਖਣਾ ਚਾਹੁੰਦਾ ਸੀ।

"ਆਗੂ ਉਹ ਚੁਣੋ ਜੋ ਸਭਾ ਨੂੰ ਆਪਣਾ ਟੈਮ ਦੇ ਸਕੇ ... ਕੋਲ਼ੋਂ ਚਾਰ ਆਨੇ ਖਰਚ ਵੀ ਕਰ ਸਕਦਾ ਹੋਵੇ .. ਜਿਸ 'ਤੇ ਲੋਕਾਂ ਨੂੰ ਵਿਸ਼ਵਾਸ਼ ਵੀ ਹੋਵੇ।" ਦਲੇਰ ਚਾਹੁੰਦਾ ਸੀ ਕੋਈ ਜੁਝਾਰੂ ਸਾਥੀ ਅਗਵਾਈ ਕਰੇ।

"ਗੁਰਮੁਖ ਤੋਂ ਵੱਧ ਸਿਆਣਾ ਤੇ ਤਜਰਬੇਕਾਰ ਕੌਣ ਹੋ ਸਕਦੈ ! ਸਾਨੂੰ

ਗੁਰਮੁਖ ਹੀ ਪਰਵਾਨ ਐ, ਕਿਉਂ ਬਈ ਸੰਗਤੇ ?" ਫਿਰ ਝੰਡਾ ਸਿੰਘ ਨੇ ਭਰੇ ਇਕੱਠ ਵੱਲ, ਸਭ ਦੀ ਸਹਿਮਤੀ ਜਾਣਨ ਲਈ ਨਜ਼ਰ ਮਾਰੀ। ਲਗਪਗ ਸਾਰੇ ਸਹਿਮਤ ਹੀ ਨਜ਼ਰ ਆ ਰਹੇ ਸੀ।

"ਸਹਿਮਤ ਓਂ ਬਈ ਸਾਰੇ ?" ਝੰਡਾ ਸਿੰਘ ਨੇ ਲੋਕਤੰਤਰ ਵਿੱਚ ਵਿਸ਼ਵਾਸ ਪ੍ਰਗਟਾਉਂਦਿਆਂ ਫਿਰ ਪੁੱਛਿਆ।

"ਹਾਂ ਬਈ .... ਗੁਰਮੁਖ ਹੀ ਕਬੂਲ ਐ, ਫਿਰ ਵੀ ਹਿੰਮਤੀ ਬੰਦੈ।" ਸਭ ਨੇ ਬਾਂਹਾਂ ਉਲਾਰ ਕੇ ਸਹਿਮਤੀ ਦਿੱਤੀ।

"ਠੀਕ ਹੈ ਗੁਰਮੁਖ ਸਿੰਘ ਜੀ .. ਰੱਖੋ ਤੁਸੀਂ ਵੀ ਸਾਰਿਆਂ ਦਾ ਮਾਣ।" ਦਲੇਰ ਸਿੰਘ ਨੇ ਵੀ ਭਰੀ ਸਭਾ ਦੇ ਫੈਸਲੇ 'ਤੇ ਮੋਹਰ ਲਾ ਦਿੱਤੀ।

"ਠੀਕ ਐ ਸੰਗਤੇ , ਜੋ ਵੀ ਜਿਮੇਵਾਰੀ ਮੇਰੇ ਜਿੰਮੇ ਲਾਓਗੇ .. ਮੈਂ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ਼ ਨਿਭਾਵਾਂਗਾ।" ਫੈਸਲਾ ਖਿੜੇ-ਮੱਥੇ ਪ੍ਰਵਾਨ ਕਰਕੇ ਗੁਰਮੁਖ ਸਿੰਘ ਬੈਠ ਗਿਆ।

ਦਲੇਰ ਸਿੰਘ ਨੇ ਆਪਣਾ ਰਜਿਸਟਰ ਕੱਢਿਆ ਅਤੇ ਉਹਦੇ ਵਿੱਚ ਸਾਰੀ ਕਾਰਵਾਈ ਦਰਜ ਕੀਤੀ। ਸ਼ਾਇਦ ਗੁਰਮੁਖ ਦਾ ਨਾਂ ਦਰਜ ਕੀਤਾ ਹੋਣਾ।

ਪਿੱਛੋਂ ਰੌਲ਼ਾ ਆਉਣਾ ਸ਼ੁਰੂ ਹੋਇਆ ਤਾਂ ਝੰਡਾ ਸਿੰਘ ਨੇ ਭਉਂ ਕੇ ਕਿਹਾ - "ਚੁੱਪ ਬਈ, ਧਿਆਨ ਨਾਲ਼ ਸੁਣੋ ਗੱਲ। ਬਾਈ ਕਿੰਨੀ ਦੂਰੋਂ ਆਇਐ ਆਪਣੇ ਵਾਸਤੇ।"

ਆਵਾਜ਼ ਬੰਦ ਹੋ ਗਈ ਸੀ।

"ਬਾਕੀ ਮੈਂਬਰਾਂ ਦੀ ਵੀ ਚੋਣ ਕਰ ਲਓ। ਕਮੇਟੀ ਵਿੱਚ ਦੋ ਔਰਤਾਂ ਜਰੂਰ ਸ਼ਾਮਲ ਕਰੋ .. ਮਿਹਨਤਕਸ਼ ਮਜਦੂਰਾਂ ਦਾ ਸਾਥ ਵੀ ਜਰੂਰੀ ਐ, ਇੱਕ ਮੈਂਬਰ ਉਹਨਾਂ 'ਚੋਂ ਵੀ ਲੈ ਲਓ।" ਦਲੇਰ ਚਾਹੁੰਦਾ ਸੀ, ਪੂਰੀ ਕਮੇਟੀ ਅੱਜ ਹੀ ਚੁਣੀ ਜਾਵੇ।

"ਲਿਖੋ ਜੀ ਝੰਡਾ ਸਿੰਘ ..." ਗੁਰਮੁਖ ਬੋਲਿਆ।"

"ਹੂੰ ..." ਦਲੇਰ ਨੇ ਹੁੰਗਰ ਭਰਦਿਆਂ ਨਾਂ ਦਰਜ ਕੀਤਾ।

"ਨਸੀਬ ਕੌਰ ...ਸਾਡੀ ਨਿਡਰ ਭੈਣ" ਦੂਜਾ ਨਾਂ ਵੀ ਗੁਰਮੁਖ ਨੇ ਹੀ ਸਾਹਮਣੇ ਲਿਆਂਦਾ।

"ਸਾਡੇ ਚੋਂ ਇੱਕ ਨਾ ਰੱਖ ਲੈਂਦੇ .." ਝੰਡਾ ਸਿੰਘ ਬੋਲਿਆ।

"ਨਾ ਬਾਈ .. ਨਾ, ਕਿਸੇ ਨੂੰ ਕੋਈ ਇਤਰਾਜ ਨੀ।" ਮਧਰੇ ਕੱਦ ਵਾਲ਼ਾ ਭਾਨ ਸਿੰਘ ਬੋਲਿਆ।

"ਸਾਰਿਆਂ ਨੂੰ ਫੈਸਲਾ ਠੀਕ ਐ ਜੀ।" ਭਾਨ ਸਿੰਘ ਦੇ ਸੁਝਾਅ ਨਾਲ਼ ਸਾਰੀ ਸੰਗਤ ਵੀ ਸਹਿਮਤ ਹੋ ਗਈ ਸੀ।

"ਅਗਲਾ ਨਾਂ ਭਾਨ ਹੀ ਲਿਖੋ ਦਲੇਰ ਸਿਆਂ ਜੀ ..." ਗੁਰਮੁਖ ਸਿੰਘ ਜਾਣਦਾ ਸੀ, ਭਾਨ ਸਿੰਘ ਦੇ ਵਿਚਾਰ ਵੀ ਕਿਸੇ ਕ੍ਰਾਂਤੀਕਾਰੀ ਨਾਲ਼ੋਂ ਘੱਟ ਨਹੀਂ।

"ਬਾਕੀ ਮੈਂਬਰ ਤੁਸੀਂ ਰਲ਼-ਮਿਲ਼ ਕੇ ਬਣਾ ਲਿਓ.." ਦਲੇਰ ਸਿੰਘ ਨੇ ਸੁਝਾਅ ਦਿੱਤਾ।

"ਦੇਸੂ ਚਮਾਰ ਨੂੰ ਜਰੂਰ ਸ਼ਾਮਲ ਕਰਿਓ।" ਭਾਨ ਸਿੰਘ ਨੇ ਰਾਇ ਦਿੱਤੀ।

"ਹਾਂ .. ਕਰ ਲਵਾਂਗੇ ਉਹਨਾਂ ਨਾਲ਼ ਵਿਚਾਰ, ਵੈਸੇ ਦੇਸੂ ਆਉਣ ਵਾਲ਼ਾ ਵੀ ਹੋਣਾ, ਮੈਂ ਸਨੇਹਾ ਤਾਂ ਲਾ ਕੇ ਆਇਆ ਸੀ।" ਗੁਰਮੁਖ ਸਿੰਘ ਬੋਲਿਆ।

"ਦੱਬ ਕੇ ਕੰਮ ਕਰਿਓ, ਕਿਸੇ ਤੋਂ ਡਰਨ ਦੀ ਲੋੜ ਨੀ।" ਦਲੇਰ ਸਿੰਘ ਨੇ ਆਖਦਿਆਂ ਆਪਣਾ ਰਜਿਸਟਰ ਝੋਲ਼ੇ ਵਿੱਚ ਪਾ ਲਿਆ।

"ਅਗਲੀ ਤੇ ਮਹੱਤਵਪੂਰਨ ਗੱਲ ..।" ਦਲੇਰ ਸਿੰਘ ਫਿਰ ਬੋਲਣਾ ਸ਼ੁਰੂ ਹੋ ਗਿਆ।

"ਦੱਸੋ ....।" ਭਰੇ ਇਕੱਠ 'ਚੋਂ ਇਕੱਠਿਆਂ ਆਵਾਜ਼ ਆਈ।

"ਕੱਲ੍ਹ ਨੂੰ ਮੁਲਕ ਆਜਾਦ ਹੋਣ ਜਾ ਰਿਹਾ ਹੈ।"

ਦਲੇਰ ਦੀ ਗੱਲ ਸੁਣ ਕੇ ਸਭ ਦੇ ਚਿਹਰਿਆਂ 'ਤੇ ਰੌਣਕ ਤੇ ਇੱਕ ਵੱਖਰੀ ਕਿਸਮ ਦਾ ਜਲੌਅ ਆ ਗਿਆ, ਜੋ ਪਹਿਲਾਂ ਕਦੇ ਵੀ ਨਹੀਂ ਸੀ ਤੱਕਿਆ।

"ਚਲੋ ਸ਼ੁਕਰ ਐ ! ਕਦੋਂ ਦਾ ਰੌਲ਼ਾ ਪਿਆ ਸੀ ਬਈ 'ਜਾਦੀ ਆਊ, 'ਜਾਦੀ ਆਊ।" ਗੁਰਮੁਖ ਸਿੰਘ ਨੇ ਸ਼ੁਕਰ ਮਨਾਇਆ। ਪੰਜ-ਸੱਤ ਮਹੀਨਿਆਂ ਤੋਂ ਆਜ਼ਾਦੀ ਦੀਆਂ ਕਣਸੋਆਂ ਆ ਰਹੀਆਂ ਸੀ।

"'ਜਾਦੀ ਆ ਹੀ ਗਈ ਫਿਰ। ਛੀ ਮਹੀਨਿਆਂ ਦੇ ਲੱਗੇ ਨੇ ਰੌਲ਼ਾ ਪਾਉਣ, ਬਈ 'ਜਾਦੀ ਆਊ, 'ਜਾਦੀ ਆਊ।" ਭਾਨ ਸਿੰਘ ਇੰਝ ਸਿਰ ਹਿਲਾ ਕੇ ਬੋਲਿਆ, ਜਿਵੇਂ ਉਹਨੇ ਭੰਗ ਪੀਤੀ ਹੋਵੇ।

"ਸਦਕੇ ਜਾਈਏ ਬੀ, ਯੋਧਿਆਂ ਦੇ। ਜਾਨ ਦੀ ਪ੍ਰਵਾਹ ਨੀ ਕੀਤੀ ਜਿਨ੍ਹਾਂ ਨੇ।" ਝੰਡਾ ਸਿੰਘ ਦੇਸ਼ ਭਗਤਾਂ ਦੇ ਸੋਹਲੇ ਗਾਉਣ ਲੱਗਾ।

ਵਿੱਚੋਂ ਦੀ ਕਿਸੇ ਨੇ ਜੋਸ਼ 'ਚ ਆ ਕੇ ਨਾਅਰਾ ਲਾਇਆ - " ਇੰਨਕਲਾਬ ...."

"ਜਿੰਦਾਵਾਦ ......" ਇਕੱਠ ਚੋਂ ਭਰਵੇਂ ਜੋਸ਼ ਨਾਲ਼ ਮੁੜਵਾਂ ਜਵਾਬ ਮਿਲਿਆ।

ਦੋ-ਤਿੰਨ ਨਾਅਰਿਆਂ ਬਾਅਦ ਦਲੇਰ ਸਿੰਘ ਦੇ ਇਸ਼ਾਰੇ ਨਾਲ਼ ਠਹਿਰਾਉ ਪੈਦਾ ਹੋ ਗਿਆ।

"ਇਹ ਆਜਾਦੀ ਐਵੇਂ ਨੀ ਆਈ .. ਮਾਵਾਂ ਦੇ ਹੀਰੇ ਪੁੱਤ ਫਾਂਸੀਆਂ 'ਤੇ ਚੜ੍ਹੇ ਨੇ, ਕਿੰਨਿਆਂ ਨੂੰ ਕਾਲ਼ੇ ਪਾਣੀਆਂ ਦੀ ਉਮਰ ਕੈਦ ਹੋਈ, ਕਿੰਨੇ ਜੇਲ੍ਹਾਂ 'ਚ ਸੜ ਗਏ .. ਸਾਡੇ ਪੰਜਾਬ ਨੇ.. ਪੰਜਾਬੀਆਂ ਨੇ ਕੁਰਬਾਨੀਆਂ ਵਿੱਚ ਬੱਲੇ-ਬੱਲੇ ਕਰਵਾ ਦਿੱਤੀ। ਕਰਤਾਰ ਸਿੰਘ ਸਰਾਭਾ.. ਸ੍ਰ. ਭਗਤ ਸਿੰਘ .. ਗੁਲਾਬ ਕੌਰ.. ਹੋਰਾਂ ਨੇ ਪੰਜਾਬੀਆਂ ਦਾ ਮਾਣ ਨਾਲ਼ ਸਿਰ ਉੱਚਾ ਕੀਤਾ ਹੈ ... ਸੰਗਤੇ, ਕੁਰਬਾਨੀ ਕਦੇ ਅਜਾਈਂ ਨੀ ਜਾਂਦੀ .. ਤੇ ਫਿਰ ਵੇਖ ਲੋ .. ਸੂਰਮਿਆਂ ਦੀਆਂ ਕੁਰਬਾਨੀਆਂ ਰੰਗ ਲੈ

ਆਈਆਂ .. ਤੇ ਮੁਲਕ ਆਜਾਦ ਹੋ ਗਿਆ।" ਦਲੇਰ ਸਿੰਘ ਸੂਰਮਿਆਂ, ਯੋਧਿਆਂ, ਦੇਸ਼ ਭਗਤਾਂ ਨੂੰ ਯਾਦ ਕਰਕੇ ਜੋਸ਼ ਵਿੱਚ ਆ ਗਿਆ। ਉਸ ਦੀ ਆਵਾਜ਼ ਪਹਿਲਾਂ ਨਾਲ਼ੋਂ ਹੋਰ ਤਿੱਖੀ ਤੇ ਉੱਚੀ ਹੋ ਗਈ। ਉਸਨੂੰ ਸੁਣ ਕੇ ਹੇਠਾਂ ਬੈਠੇ ਸਰੋਤੇ ਸੁਸਰੀ ਬਣ ਗਏ।

ਦਲੇਰ ਸਿੰਘ ਮੁਲਕ ਦੇ ਵੰਡੇ ਜਾਣ ਦੀ ਖ਼ਬਰ ਲੈ ਕੇ ਹੀ ਤਾਂ ਕਾਹਨਗੜ੍ਹ ਆਇਆ ਸੀ। ਉਸ ਨੇ ਆਪਣੀ ਗੱਲ ਫਿਰ ਅੱਗੇ ਤੋਰੀ – "ਗੱਲ ਏਹ ਆ ਬਈ, ਮੁਲਕ ਦੋ ਹਿੱਸਿਆਂ ਚ ਵੰਡਿਆ ਵੀ ਗਿਆ।"

"ਹੈਂ !! ਮੁਲਕ ਵੰਡਿਆ ਗਿਆ !!!" ਸਭ ਹੈਰਾਨ ਹੋ ਗਏ।

"ਹਾਂ ਜੀ .. ਮੁਸਲਮਾਨਾਂ ਨੂੰ ਆਪਣਾ ਮੁਲਕ ਛੱਡਣਾ ਪਊ ਤੇ ਲਾਹੌਰ, ਮੁਲਤਾਨ ਆਲ਼ੇ ਪਾਸਿਓਂ ਸਿੱਖ ਤੇ ਹਿੰਦੂ ਏਧਰ ਆਣਗੇ।" ਦਲੇਰ ਨੇ ਨਵੀਂ ਜਾਣਕਾਰੀ ਸਾਂਝੀ ਕੀਤੀ। ਇਸ ਜਾਣਕਾਰੀ ਤੋਂ ਕਾਫੀ ਜਣੇ ਬੇਖ਼ਬਰ ਸੀ, ਚਾਹੇ ਪੰਜ-ਛੇ ਮਹੀਨਿਆਂ ਤੋਂ ਮੁਲਕ ਦੀ ਵੰਡ ਦਾ ਰੇੜਕਾ ਵੀ ਚੱਲਿਆ ਆ ਰਿਹਾ ਸੀ।

"ਆਹ ਗੱਲ ਤਾਂ ਤੇਰੀ ਹਜਮ ਨੀ ਹੋਈ ਦਲੇਰਾ ! ਊਂਈਂ ਗਪੌੜ ਮਾਰੀ ਜਾਨੈ।" ਭਰੇ ਇਕੱਠ 'ਚ ਮੌਲਾ ਜਿਹਾ ਬੁੜ੍ਹਾ ਬੋਲਿਆ ਤਾਂ ਸਾਰੇ ਹੱਸ ਪਏ।

"ਆਜ਼ਾਦੀ ਕਾਹਦੀ ਐ ! ਫਿਰ ਤਾਂ ਬਰਬਾਦੀ ਐ, ਬਰਬਾਦੀ।" ਕਾਲੀ ਬੋਲਿਆ। ਉਹ ਦਸ ਕੁ ਮਿੰਟ ਪਹਿਲਾਂ ਹੀ ਆਇਆ ਸੀ।

"ਸੰਗਤੇ ... ਦੇਸ਼ ਦੀ ਵੰਡ ਦਾ ਰੇੜਕਾ ਲੰਮੇ ਸਮੇਂ ਤੋਂ ਚੱਲਦਾ ਆ ਰਿਹੈ। ਲਓ ਫਿਰ ਤੁਹਾਨੂੰ ਥੋੜ੍ਹੀ ਮੋਟੀ ਜਾਣਕਾਰੀ ਦੇਵਾਂ .... 1929 ਨੂੰ ਆਜਾਦੀ ਦਾ ਪਹਿਲਾ ਪ੍ਰਸਤਾਵ ਰੱਖਿਆ ਗਿਆ ਤੇ 1930 ਨੂੰ ਆਜਾਦੀ ਸੰਬੰਧੀ ਪਹਿਲੀ ਕਾਨਫਰੰਸ ਹੋਈ। ਦੇਸ਼ ਦੀ ਵੰਡ ਦਾ ਛੜਯੰਤਰ ਕਿਸੇ ਹੋਰ ਨੇ ਨਹੀਂ, ਸੱਤਾ 'ਤੇ ਕਾਬਜ ਹੋਣ ਦੇ ਸੁਪਨੇ ਲੈਣ ਵਾਲੇ ਚਲਾਕ ਤੇ ਅਧਰਮੀ ਲੋਕਾਂ ਨੇ ਰਚਿਐ। 1940 ਈ. ਤਕ ਪਹੁੰਚਦਿਆਂ ਵੰਡ ਦੀ ਨੀਂਹ ਟਿਕ ਗਈ।" ਦਲੇਰ ਸਿੰਘ ਨੇ ਮੋਟੀ-ਮੋਟੀ ਜਾਣਕਾਰੀ ਦਿੱਤੀ।

"ਐਂ ਕਦੇ ਮੁਲਕ ਵੰਡੇ ਜਾਂਦੇ ਨੇ। ਸਾਡੀਆਂ ਜਮੀਨਾਂ ਜੈਦਾਦਾਂ ਏਥੇ, ਘਰ-ਬਾਰ ਏਥੇ, ਸ਼ਰੀਕਾ-ਕਬੀਲਾ ਐਥੇ। ਇਹ ਨੀ ਹੋ ਸਕਦਾ ਵੱਡੇ ਬਾਈ।" ਕਾਲੀ ਖਾਂ ਨੂੰ ਅਜੇ ਵੀ ਗੱਲ 'ਚ ਸੱਚਾਈ ਨਾ ਜਾਪੀ।

ਦਲੇਰ ਸੱਚ ਹੀ ਤਾਂ ਬੋਲ ਰਿਹਾ ਸੀ। ਹਿੰਦੂ ਮਹਾਂ ਸਭਾ ਦੇ ਆਗੂ ਵੀ. ਡੀ. ਸਾਵਰਕਰ ਨੇ ਦੋ ਕੌਮੀ ਸਿਧਾਂਤ ਨੂੰ ਪ੍ਰਚਾਰਿਆ, ਉਸ ਦਾ ਮੰਨਣਾ ਸੀ, ਭਾਰਤ ਵਿੱਚ ਦੋ ਵੱਖ-ਵੱਖ ਕੌਮਾਂ ਹਿੰਦੂ ਤੇ ਮੁਸਲਮਾਨ ਵਸਦੀਆਂ ਹਨ।

ਮੁਸਲਿਮ ਲੀਗ ਦੇ ਅਲਾਹਾਬਾਦ ਸੈਸ਼ਨ (1930) ਵਿੱਚ ਇਕਬਾਲ ਨੇ ਵੀ ਭਵਿੱਖਬਾਣੀ ਕੀਤੀ ਕਿ ਉੱਤਰ-ਪੱਛਮ ਭਾਰਤ ਵਿੱਚ ਇੱਕ ਇਕੱਠਾ ਮੁਸਲਿਮ ਸੂਬਾ ਬਣਨਾ ਹੀ ਘੱਟੋ-ਘੱਟ ਉੱਤਰ-ਪੱਛਮੀ ਭਾਰਤ ਦੇ ਮੁਸਲਮਾਨਾਂ ਦੀ ਹੋਣੀ ਹੈ।

ਮੁਹੰਮਦ ਅਲੀ ਜਿਨਾਹ ਨੇ ਬੇਸ਼ੱਕ 1930 ਵਿੱਚ ਕਾਂਗਰਸ ਛੱਡ ਦਿੱਤੀ ਪਰ ਫਿਰ ਵੀ ਉਹ ਕਾਂਗਰਸ ਅਤੇ ਮੁਸਲਿਮ ਲੀਗ ਦੋਨਾਂ ਵਿੱਚ ਪ੍ਰਭਾਵਸ਼ਾਲੀ ਸੀ। 1940 ਈ. ਵਿੱਚ ਜਾ ਕੇ ਜਿਨਾਹ ਨੇ ਸਾਵਰਕਰ ਦੇ ਦੋ ਕੌਮੀ ਸਿਧਾਂਤ ਨੂੰ ਪ੍ਰਵਾਨ ਕੀਤਾ। ਉਸਨੇ ਭਾਵੇਂ ਦੋ ਕੌਮੀ ਸਿਧਾਂਤ ਨੂੰ ਪ੍ਰਵਾਨ ਕੀਤਾ ਪਰ ਉਹ ਚਾਹੁੰਦਾ ਸੀ, ਦੋਵੇਂ ਕੌਮਾਂ ਬਰਾਬਰੀ ਦੇ ਆਧਾਰ 'ਤੇ ਇੱਕੋ ਦੇਸ਼ ਵਿੱਚ ਰਹਿਣ।

ਜਿਨਾਹ ਨੇ ਅਖ਼ੀਰ ਮੁਸਲਿਮ ਲੀਗ ਦੀ ਹਮਾਇਤ ਸ਼ੁਰੂ ਕਰ ਦਿੱਤੀ ਪਰ ਫਿਰ ਵੀ ਉਸ ਨੇ ਵੱਖਰੇ ਮੁਸਲਿਮ ਰਾਜ ਦਾ ਸਮਰਥਨ ਨਹੀਂ ਕੀਤਾ।

ਅੰਤ ਜਿਨਾਹ ਜੋ ਪੱਕੇ ਰਾਸ਼ਟਰਵਾਦੀ ਸਨ ਅਤੇ 1909 ਤੋਂ 1920 ਤਕ ਕਾਂਗਰਸ ਦੇ ਸਰਵ ਉੱਚ ਨੇਤਾਵਾਂ ਵਿੱਚ ਸਨ, ਉਹ ਹਾਲਾਤ ਦੀ ਮਜਬੂਰੀ ਕਾਰਨ 1940 ਵਿੱਚ ਭਾਰਤ ਵੰਡ ਲਈ ਸਹਿਮਤ ਹੋ ਗਏ। (ਐਡਵੋਕੇਟ ਜਨਰਲ ਸ੍ਰੀ ਸਾਰਾਭਾਈ ਦੀ ਪੁਸਤਕ- 'ਪਾਰਟੀਸ਼ਨ ਆਫ ਇੰਡੀਆ- ਰਿਐਲਟੀ ਐਂਡ ਮਿਥ'।)

"ਉਏ ਭਲੇ ਲੋਕ ! ਸੱਤ ਟੋਪੀਆਂ ਤਾਂ ਮੁਸਲਮਾਨ ਰਾਜ ਕਰਗੇ, ਉਦੋਂ ਤਾਂ ਕਦੇ ਆਹ ਗੱਲਾਂ ਹੋਈਆਂ ਨੀ।" ਮੌਲਾ ਜਿਹਾ ਬੁੜ੍ਹਾ ਮੰਨਣ 'ਤੇ ਹੀ ਨਹੀਂ ਸੀ ਆ ਰਿਹਾ।

"ਨਾ ਬਾਈ ਦਲੇਰਾ, ਆਹ ਗੱਲ ਤਾਂ ਤੇਰੀ ਨਿਰੀ ਝੂਠ।" ਕਾਲੀ ਲੁਹਾਰ ਦੇ ਵੀ ਇਹ ਗੱਲ ਹਜ਼ਮ ਨਹੀਂ ਸੀ ਹੋਈ।

"ਨਾ ਬਈ ਨਾ ! ਅਸੀਂ ਨੀ ਮੰਨਦੇ ਏਸ ਗੱਲ ਨੂੰ।" ਵਿਸੇਸ਼ ਸੱਦੇ 'ਤੇ ਪਹੁੰਚਿਆ ਦੇਸੂ, ਦਲੇਰ ਸਿੰਘ ਦੀ ਗੱਲ ਨੂੰ ਪੂਰੀ ਤਰਾਂ ਰੱਦ ਕਰ ਗਿਆ।

"ਦਲੇਰ ਕਮਲੈ ! ਬਈ ਏਹਦਾ ਦਮਾਗ ਹੱਲਿਐ !! ਯਕੀਨ ਕਰ ਲਿਆ ਕਰੋ ..।" ਗੁਰਮੁਖ ਭੀੜ ਨੂੰ ਟੁੱਟ ਕੇ ਪੈ ਗਿਆ।

"ਯਕੀਨ ਕਰੋ ... ਏਹ ਸੱਚ ਐ .. ਕੁਝ ਦਿਨਾਂ ਵਿੱਚ ਸਾਰੀ ਸਥਿਤੀ ਸਪਸ਼ਟ ਹੋ ਜਾਣੀ ਏ।" ਦਲੇਰ ਨੇ ਗੱਲ 'ਤੇ ਪਹਿਲਾਂ ਨਾਲੋਂ ਦੂਹਰਾ ਦਬਾਅ ਪਾਇਆ।

"ਚਲੋ ਵੇਖਦੇ ਆਂ ਰੰਗ ਕਰਤਾਰ ਦੇ।" ਕਾਲੀ ਨੇ ਗੱਲ ਰੱਬ ਆਸਰੇ ਛੱਡ ਦਿੱਤੀ।

"ਹੁਣ ਅਸੀਂ ਕੀ ਕਰਨੈ , ਦਲੇਰਾ .. ਤੂੰ ਅਗਲੀ ਗੱਲ ਦੱਸ।" ਗੁਰਮੁਖ ਸਿੰਘ ਨੇ ਦਲੇਰ ਨੂੰ ਗੱਲ ਤੋਰਨ ਲਈ ਕਿਹਾ।

"ਸ਼ਾਂਤੀ ਬਣਾ ਕੇ ਰੱਖਣੀ ਐ।" ਦਲੇਰ ਸਿੰਘ ਨੇ ਸੁਝਾਅ ਦਿੱਤਾ।

"ਅਸੀਂ ਚਿੜੀ ਨੀ ਫਟਕਣ ਦਿੰਦੇ ਛੋਟਿਆ।" ਝੰਡਾ ਸਿੰਘ ਹਿੱਕ ਥਾਪੜ ਕੇ ਬੋਲਿਆ।

"ਕਿਸੇ ਪਾਸੇ ਲੁੱਟ-ਖੋਹ ਨੀ ਹੋਣ ਦੇਣੀ, ਰਿਸ਼ਤੇਦਾਰਾਂ ਨੂੰ ਵੀ ਸੁਨੇਹੇ ਲਾ ਦਿਓ ਕਿ ਸਹਿਯੋਗ ਦੇਣਾ। ਮਾਹੌਲ ਕਦੇ ਵੀ ਖਰਾਬ ਹੋ ਸਕਦੈ।" ਦਲੇਰ ਦੀ ਸੂਝ-ਬੂਝ ਦੱਸ ਰਹੀ ਸੀ, ਹਾਲਾਤ ਕਦੇ ਵੀ ਵਿਗੜ ਸਕਦੇ ਹਨ।

"ਮਜਲੂਮਾਂ ਦੀ ਰੱਖਿਆ ਕਰਨੀ ਸਾਡਾ ਮੁੱਢਲਾ ਫਰਜ ਐ, ਅਸੀਂ ਹਾਲਾਤਾਂ

ਤੇ ਕਾਬੂ ਪਾਵਾਂਗੇ ਬਾਈ।" ਗੁਰਮੁਖ ਆਉਣ ਵਾਲ਼ੇ ਸਮੇਂ ਨਾਲ਼ ਨਜਿੱਠਣ ਲਈ ਤਿਆਰ-ਬਰ-ਤਿਆਰ ਸੀ।

ਸਾਰੇ ਮੁਜਾਰਾਕਾਰੀ ਦੇਸ਼ ਆਜ਼ਾਦ ਹੋਣ ਦੀ ਗੱਲ ਸੁਣ ਕੇ ਖ਼ੁਸ਼ ਸੀ, ਪਰ ਬਟਵਾਰੇ ਵਾਲ਼ੀ ਗੱਲ ਤਾਂ ਕਿਸੇ ਦੇ ਵੀ ਹਜਮ ਨਹੀਂ ਸੀ ਹੋਈ।

ਪਿੱਛੋਂ ਆਪਸ ਵਿੱਚ ਘੁਸਰ-ਮੁਸਰ ਵੀ ਸ਼ੁਰੂ ਹੋ ਗਈ।

ਕੋਈ ਆਖੇ, "ਭਾਈ ਸਭ ਸੱਚ ਐ।"

ਤੇ ਕੋਈ ਕਹੇ, "ਐਂ ਕਿਮੇ ਹੋਜੂ, ਮਿਰੇਅਰ !"

"ਕਿਸੇ ਦਾ ਕੋਈ ਸਵਾਲ ...." ਦਲੇਰ ਨੇ ਭਰੇ ਇਕੱਠ ਨੂੰ ਪੁੱਛਿਆ।

"ਆਹ ਵਿਸਵੇਦਾਰਾਂ ਤੋਂ ਤਾਂ ਖਹਿੜਾਂ ਛੁੱਟਜੂ ਫਿਰ ਦਲੇਰ ਸਿਆਂ ?" ਗੁਰਮੁਖ ਸਿੰਘ ਨੇ ਸਵਾਲ ਕੀਤਾ।

"ਫੇਰ ਤਾਂ ਆਪਾਂ ਵੀ ਸੌਖੇ ਹੋਜਾਂਗੇ। ਜਮੀਨਾਂ ਮਿਲ ਜਾਣਗੀਆਂ।" ਗੁਰਮੁਖ ਸਿੰਘ ਦਾ ਜਵਾਬ ਮਿਲਣ ਤੋਂ ਪਹਿਲਾਂ ਝੰਡਾ ਸਿੰਘ ਨੇ ਜ਼ਮੀਨਾਂ ਦੀ ਮਾਲਕੀ ਦੀ ਗੱਲ ਕੀਤੀ। ਜ਼ਮੀਨਾਂ ਦੀ ਮਲਕੀਅਤ ਦੀ ਗੱਲ ਚੱਲੀ ਤਾਂ ਸਭ ਦੇ ਚਿਹਰਿਆਂ 'ਤੇ ਰੌਣਕ ਆ ਗਈ।

"ਇਹ ਚਿੱਚੜ ਆਪਣਾ ਖਹਿੜਾ ਅਜੇ ਨੀ ਛੱਡਦੇ। ਲਾਮਬੰਦ ਹੋਣਾ ਪੈਣੈ .. ਲਹੂ ਦੀ ਕੁਰਬਾਨੀ ਦਿੱਤੇ ਬਿਨਾਂ ਨੀ ਕੋਈ ਕ੍ਰਾਂਤੀ ਆਉਂਦੀ।" ਦਲੇਰ ਨੇ ਸਾਰਿਆਂ ਦੀ ਅਸਥਾਈ ਖ਼ੁਸ਼ੀ ਨੂੰ ਫਿਰ ਖੱਖਰ-ਭੱਖਰ ਕਰ ਦਿੱਤਾ। ਸਭ ਚਿਹਰੇ ਫਿਰ ਮੁਰਝਾ ਗਏ।

"ਚੰਗਾ ਬਈ ਸੰਗਤੇ, ਜੋ ਵਿਚਾਰਾਂ ਹੋਈਆਂ, ਉਨ੍ਹਾਂ 'ਤੇ ਅਮਲ ਕਰਨਾ।ਅੱਜ ਤੁਹਾਨੂੰ ਸਿਰਫ ਤੇ ਸਿਰਫ ਆਜਾਦੀ ਦੀ ਖਬਰ ਹੀ ਦੇਣੀ ਸੀ ਤੇ ਨਾਲ਼ ਹੀ ਨਾਲ਼ ਸ਼ਾਂਤੀ ਬਣਾ ਕੇ ਰੱਖਣ ਤੇ ਮਜਲੂਮਾਂ ਦੀ ਰੱਖਿਆ ਬਾਰੇ ਸੁਚੇਤ ਕਰਨਾ ਸੀ। ਜੇ ਵੱਧ-ਘੱਟ ਬੋਲਿਆ ਗਿਆ ਹੋਵੇ ਤਾਂ ਖਿਮਾ ਚਾਹੁੰਦਾ ਹਾਂ। ਜੈ ਜਨਤਾ .. ਜੈ ਸੰਘਰਸ਼, ਜਿੱਤ ਲੜਦੇ ਲੋਕਾਂ ਦੀ।" ਦਲੇਰ ਅੱਜ ਦੀ ਮੀਟਿੰਗ ਦਾ ਉਦੇਸ਼ ਦੱਸ ਕੇ, ਹੱਥ ਜੋੜ ਬੈਠ ਗਿਆ।

ਇਕੱਠ 'ਚ ਹਿਲ-ਜੁਲ ਹੋਈ। ਮਰਦ ਉੱਠ ਗਏ। ਬੀਬੀਆਂ ਮਰਦਾਂ ਦੇ ਨਾਲ਼ ਘਰਾਂ ਨੂੰ ਚੱਲ ਵੀ ਪਈਆਂ।

"ਵਾਹ ਬਈ ਵਾਹ ! ਦਲੇਰਾ, ਜੇ ਤੇਰੇ ਵਰਗੇ ਲੀਡਰ ਸਾਡੇ 'ਚ ਹੋਣ ਤਾਂ ਸਾਨੂੰ ਕਾਹਦਾ ਘਾਟਾ।" ਝੰਡਾ ਸਿੰਘ ਨੇ ਦਲੇਰ ਕੋਲ਼ ਆ ਕੇ ਉਸਨੂੰ ਗਲਵੱਕੜੀ ਪਾਈ, ਪਿੱਛਾ ਥਾਪੜਿਆ ਤੇ ਸ਼ਾਬਾਸ਼ ਦਿੱਤੀ।

"ਤੜਕੇ ਆਈਂ ਬਾਈ ਘਰੇਂ, ਅੰਨ-ਜਲ ਛਕ ਕੇ ਜਾਈਂ।" ਜਾਂਦਿਆਂ ਵਕਤ ਲਗਪਗ ਹਰੇਕ ਕਿਸਾਨ ਹੀ ਦਲੇਰ ਨੂੰ ਘਰ ਆਉਣ ਦਾ ਬੁਲਾਵਾ ਦੇ ਕੇ ਗਿਆ।

"ਹਾਂ ... ਹਾਂ ... ਜਰੂਰ।" ਦਲੇਰ ਸਿੰਘ ਨੇ ਵੀ ਸਭ ਦਾ ਮਾਣ ਰੱਖਿਆ।

ਵਿਚਾਰ-ਚਰਚਾ ਕਰਦਿਆਂ ਪਤਾ ਹੀ ਨਾ ਲੱਗਾ, ਸਵਾ ਗਿਆਰਾਂ ਤੋਂ ਵੀ

ਉੱਤੇ ਟਾਈਮ ਹੋ ਗਿਆ ਸੀ। ਅੱਜ ਤਾਂ ਕਿਸੇ ਨੂੰ ਬਠਿੰਡੇ ਵਾਲ਼ੀ ਗੱਡੀ ਦਾ ਵੀ ਪਤਾ ਨਾ ਲੱਗਾ, ਕਦੋਂ ਲੰਘ ਗਈ। ਦਿਨ ਦੇ ਕੰਮਾਂ 'ਚ ਥੱਕੇ-ਟੁੱਟੇ ਮਰਦ ਤੇ ਔਰਤਾਂ ਜਾਣ ਸਾਰ ਸੌਂ ਗਏ।

"ਬਾਈ ਇਹ ਵੰਡ ਵਾਲ਼ਾ ਸਿਆਪਾ ਕਿਸ ਨੇ ਪਾਇਐ?" ਮੰਜਾ ਡਾਹੁੰਦਿਆਂ ਗੁਰਮੁਖ ਨੇ ਦਲੇਰ ਨੂੰ ਸਵਾਲ ਕੀਤਾ।

"ਇਹ ਡੂੰਘੇਰੀ ਸਾਜਸ਼ ਹੈ ਗੁਰਮੁਖ ਸਿਆਂ। ਮਾਊਂਟਬੈਟਨ ਨੇ ਜੂਨ ਮਹੀਨੇ 'ਚ ਮੁਲਕ ਦੇ ਦੋ ਟੁਕੜੇ ਕਰਨ ਦੀ ਘੋਸ਼ਣਾ ਕੀਤੀ ਸੀ। ਸਰ ਹੈਡਕਲਿਫ ਨੇ ਹਿੰਦੋਸਤਾਨ ਦੇ ਨਕਸ਼ੇ 'ਤੇ ਲਕੀਰ ਮਾਰ ਕੇ ਦੁਨੀਆਂ ਦੇ ਨਕਸ਼ੇ 'ਤੇ ਨਵਾਂ ਮੁਲਕ ਵਸਾ ਦਿੱਤਾ।"

"ਅੱਛਾ! ਮਤਲਬ ਤੇਜ਼ ਦਿਮਾਗ ਵਾਲ਼ੇ ਪਹਿਲਾਂ ਹੀ ਤਿਆਰੀ ਕਰਨ ਲੱਗੇ ਪਏ ਸੀ।" ਗੁਰਮੁਖ ਨੇ ਦਲੇਰ ਨਾਲ਼ ਸੁਰ ਮਿਲਾਈ।

"ਬਿਲਕੁਲ ਜੀ! ਹਰੇਕ ਆਪਣੀਆਂ ਰੋਟੀਆਂ ਸੇਕਣ ਤੇ ਲੱਗਾ ਪਿਐ। ਘੱਟ ਕੋਈ ਨੀਂ।"

"ਮੁਲਕ ਦੀ ਵੰਡ ਧਰਮ ਦੇ ਆਧਾਰ 'ਤੇ ਮੈਂਨੂੰ ਤਾਂ ਠੀਕ ਨਹੀਂ ਲੱਗੀ, ਦਲੇਰ ਬਾਈ।" ਹੁਣ ਉਹ ਦੋਵੇਂ ਮੰਜਿਆਂ 'ਤੇ ਠੀਕ ਹੋ ਕੇ ਬੈਠ ਗਏ ਸੀ।

"ਬਿਲਕੁਲ ਗਲਤ ਫੈਸਲਾ ਹੈ। ਵੰਡ ਆਬਾਦੀ ਦੇ ਆਧਾਰ 'ਤੇ ਹੋਣੀ ਚਾਹੀਦੀ ਸੀ ਨਾ ਕਿ ਧਰਮ ਦੇ ਆਧਾਰ 'ਤੇ। ਹੁਣ ਦੇਖਦੇ ਜਾਣਾ ਇਨਸਾਨੀਅਤ ਦਾ ਘਾਣ ਹੋਵੇਗਾ। ਬੇਦੋਸ਼ਿਆਂ ਦਾ ਖ਼ੂਨ ਡੁੱਲ੍ਹੇਗਾ, ਧਰਤੀ ਲਾਲ ਹੋਵੇਗੀ, ਪਾਣੀ ਗੰਧਲ਼ੇ ਹੋਣਗੇ ਪਰ ਵੰਡ ਦੇ ਦੋਸ਼ੀਆਂ ਨੂੰ ਝਰੀਟ ਨਹੀਂ ਆਉਣੀ। ਬਲਕਿ ਉਹ ਤਾਂ ਪਾਸੇ ਹੋ ਕੇ ਤਮਾਸ਼ਾ ਵੇਖਣਗੇ।" ਦਲੇਰ ਦੀ ਸੂਝ-ਬੂਝ ਭਵਿੱਖ ਦੀ ਤਸਵੀਰ ਘੜ ਰਹੀ ਸੀ।

"ਧਰਮ ਰੱਖਿਆ ਲਈ ਹੈ ਪਰ ਹੁਣ ਲੋਕ ਧਰਮ ਦੇ ਨਾਂ 'ਤੇ ਲੜਨਗੇ।" ਸਿਰਹਾਣਾ ਠੀਕ ਕਰਦਿਆਂ ਗੁਰਮੁਖ ਵੀ ਬੋਲਿਆ।

"ਰਿਆਸਤੀ ਲੂੰਬੜਾਂ ਦੀ ਚਾਲ ਵੀ ਇਹ ਐ ਬਈ ਮੁਸਲਮਾਨਾਂ ਨੂੰ ਕੱਢੋ ਤੇ ਸਿੱਖ ਰਾਜ ਕਾਇਮ ਕਰੋ।" ਦਲੇਰ ਨੇ ਦੇਸੀ ਰਿਆਸਤਾਂ ਦੀ ਮੁਲਕ ਵੰਡ ਸਬੰਧੀ ਨੀਤੀ ਬਾਰੇ ਦੱਸਿਆ।

"ਮਤਲਬ ਰਿਆਸਤਾਂ ਕਾਇਮ ਰਹਿਣਗੀਆਂ?" ਗੁਰਮੁਖ ਨੇ ਸਵਾਲ ਕੀਤਾ।

"ਅਜੇ ਕੁੱਝ ਸਪਸ਼ਟ ਨੀ ਗੁਰਮੁਖ ਵੀਰ। ਬਸ, ਆਪਾਂ ਤਕੜਾਈ ਰੱਖੀਏ, ਆਪਾਂ ਸੱਚਾ ਧਰਮ ਨਿਭਾਉਣਾ ਹੈ। ਮਜ਼ਲੂਮਾਂ, ਬੱਚਿਆਂ ਤੇ ਔਰਤਾਂ ਦੀ ਰੱਖਿਆ ਕਰਨੀ ਹੈ।"

"ਬਿਲਕੁਲ ਬਾਈ, ਆਪਾਂ ਧਰਮ ਨਿਭਾਵਾਂਗੇ। ਹਿੱਕ ਤਾਣ ਕੇ ਟਾਕਰਾ ਕਰਾਂਗੇ।" ਗੁਰਮੁਖ ਨੇ ਧਰਮ ਨਿਭਾਉਣ ਦਾ ਵਾਅਦਾ ਕੀਤਾ।

"ਇਹ ਗੱਲਾਂ ਆਪਾਂ ਭਰੀ ਸੰਗਤ ਵਿੱਚ ਵੀ ਕਰ ਸਕਦੇ ਸੀ ਪਰ ਉਹਨਾਂ ਨੂੰ ਸਮਝ ਨਹੀਂ ਸੀ ਆਉਣੀਆਂ।"

"ਚਲ ਹੁਣ ਅੱਖ ਲਾ ਲਈਏ।" ਦਲੇਰ ਸੌਣਾ ਚਾਹੁੰਦਾ ਸੀ।

ਵਿਚਾਰ ਚਰਚਾ ਕਰਦਿਆਂ ਨੂੰ ਵੀ ਕਾਫ਼ੀ ਸਮਾਂ ਹੋ ਗਿਆ ਸੀ। ਉਹ ਦੇਸ਼ ਵੰਡ ਦੇ ਬਹੁਪਰਤੀ ਕਾਰਨਾਂ, ਵੰਡ ਦੇ ਹੋਣ ਵਾਲ਼ੇ ਅਸਰ, ਵੰਡ ਕਾਰਨ ਪੈਦਾ ਹੋਣ ਵਾਲ਼ੇ ਸੰਕਟ, ਸੰਕਟਾਂ ਨਾਲ਼ ਨਜਿੱਠਣ ਵਾਲ਼ੀ ਰਣਨੀਤੀ ਬਾਰੇ ਗੰਭੀਰਤਾ ਨਾਲ਼ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਦੇ ਰਹੇ।

———

ਲੋਈ ਪਾਟਦਿਆਂ ਹੀ ਸਾਰਾ ਪਿੰਡ ਮੁਰਗੇ ਦੀ ਬਾਂਗ ਨਾਲ਼ ਜਾਗ ਗਿਆ। ਅੱਜ ਦੀ ਸਵੇਰ ਇੱਕ ਵੱਖਰੀ ਸਵੇਰ ਸੀ। ਅੱਜ ਦੇ ਸੂਰਜ 'ਤੇ ਇੱਕ ਵੱਖਰੀ ਕਿਸਮ ਦੀ ਚਮਕ ਸੀ। ਚਮਕ ਵੀ ਕਿਉਂ ਨਾ ਹੁੰਦੀ ! ਮੁਲਕ ਆਜ਼ਾਦ ਹੋ ਗਿਆ ਸੀ। ਸਾਰੇ ਦੇਸ਼ 'ਚ ਆਜ਼ਾਦੀ ਦਾ ਡੰਕਾ ਵੱਜ ਗਿਆ। ਜਸ਼ਨ ਮਨਾਏ ਜਾਣ ਲੱਗੇ, ਮਠਿਆਈਆਂ ਵੰਡੀਆਂ ਜਾ ਰਹੀਆਂ ਸੀ। ਪਰ ਉਹ ਲੋਕ, ਜਿਨ੍ਹਾਂ ਦੇ ਕੰਨਾਂ 'ਚ ਭਿਣਕ ਪੈ ਰਹੀ ਸੀ- "ਮੁਲਕ ਛੱਡਣਾ ਪਊ। " ਉਨ੍ਹਾਂ ਦੇ ਸਾਹ ਸੂਤੇ ਗਏ। ਉਨ੍ਹਾਂ ਦੇ ਆਜ਼ਾਦੀ ਦੇ ਚਾਅ ਵਿੱਚੇ ਰੁਲ਼ ਗਏ। ਉਨ੍ਹਾਂ ਦੇ ਚਿਹਰਿਆਂ 'ਤੇ ਤਾਂ ਪ੍ਰਸ਼ਨ ਚਿੰਨ੍ਹ ਲੱਗ ਗਿਆ।

ਗੁਰਮੁਖ ਵੀ ਜਾਗ ਪਿਆ। ਉਸਦੇ ਮਗਰੇ ਹੀ ਦਲੇਰ ਉੱਠ ਗਿਆ। ਉਹ ਤਾਂ ਕਦੋਂ ਦਾ ਜਾਗੋ-ਮੀਚੀ ਪਿਆ ਸੀ।

"ਨੀਂਦ ਚੰਗੀ ਆਈ ਦਲੇਰ ਸਿਆਂ ?" ਗੁਰਮੁਖ ਨੇ ਦਲੇਰ ਨੂੰ ਪਾਣੀ ਦਿੰਦਿਆਂ ਪੁੱਛਿਆ।

"ਹਾਂ ਬਾਈ, ਮੈਂ ਤਾਂ ਘੋੜੇ ਵੇਚ ਕੇ ਸੌਂ ਗਿਆ ਸੀ। ਸਾਰੇ ਦਿਨ ਦਾ ਥੱਕਿਆ ਸੀ।"

"ਆਪਣੇ ਲਈ ਤਾਂ ਇਹ ਸੂਰਜ ਆਮ ਸੂਰਜ ਹੀ ਐ, ਦਲੇਰ ਸਿਆਂ।" ਗੁਰਮੁਖ ਨੇ ਆਜ਼ਾਦੀ ਦੀ ਨਵੀਂ ਸਵੇਰ ਵੱਲ ਤੱਕਿਆ।

ਅੱਜ ਦੇ ਸੂਰਜ ਦਾ ਰੰਗ ਹਰੇਕ ਲਈ ਭਿੰਨ-ਭਿੰਨ ਸੀ। ਨੇਤਾਵਾਂ ਲਈ ਹੋਰ, ਮੁਸਲਮਾਨਾਂ ਲਈ ਹੋਰ ਤੇ ਸਿੱਖਾਂ-ਹਿੰਦੂਆਂ ਲਈ ਹੋਰ। ਕਿਸੇ ਲਈ ਆਸ ਦਾ ਪ੍ਰਤੀਕ ਤੇ ਕਿਸੇ ਲਈ ਨਿਰਾਸ਼ਾ ਦਾ ਚਿੰਨ੍ਹ ਸੀ ਅੱਜ ਦਾ ਸੂਰਜ।

"ਨਹੀਂ ਵੀਰ, ਆਪਾਂ ਆਪਣੀ ਏਕਤਾ ਦੇ ਬਲਬੂਤੇ 'ਤੇ ਬਾਜ਼ੀ ਪਲਟ ਸਕਦੇ ਹਾਂ। ਗੁਰਮੁਖ ਦੀ ਗੱਲ ਨਾਕਾਰ ਕੇ ਦਲੇਰ ਨੇ ਏਕਤਾ 'ਤੇ ਜ਼ੋਰ ਦਿੱਤਾ।

ਛੰਨੋ ਰਾਤ ਦੀ ਬਚੀ ਹੋਈ ਖਿਚੜੀ ਵਿੱਚ ਲੱਸੀ ਪਾ ਕੇ ਦੇ ਗਈ।

"ਆਜਾ ਬਾਈ, ਘੁੰਮ-ਫਿਰ ਆਈਏ ।" ਖਿਚੜੀ ਖਾਣ ਤੋਂ ਬਾਅਦ ਗੁਰਮੁਖ ਨੇ ਕਿਹਾ।

"ਚੱਲ ਬਾਈ, ਮੈਂ ਬੀ ਕਹਿਣ ਲੱਗਿਆ ਸੀ। ਬਹਾਨੇ ਸਿਰ ਪਿੰਡ ਦਾ ਮੂੰਹ-ਮੱਥਾ ਵੇਖ ਆਮਾਂਗੇ।" ਦਲੇਰ ਵੀ ਪਿੰਡ ਵੇਖਣਾ ਚਾਹੁੰਦਾ ਸੀ। ਆਖ਼ਰ ਉਹ ਵੀ ਕਿੰਨੇ ਵਰ੍ਹਿਆਂ ਬਾਅਦ ਕਾਹਨਗੜ੍ਹ ਆਇਆ ਸੀ। ਖਿਚੜੀ ਖਾਂਦਿਆਂ ਸਾਰ ਦੋਵੇਂ

ਬਾਹਰ ਨੂੰ ਚੱਲ ਪਏ।

ਘਰ ਮੁੜਦਿਆਂ ਤਕ ਛੰਨੋ ਨੇ ਰੋਟੀ ਦੀ ਤਿਆਰੀ ਕਰ ਲਈ।

ਦਲੇਰ ਨੇ ਝੋਲ਼ਾ ਚੁੱਕਿਆ ਤੇ ਚੱਲਣ ਲੱਗਾ-"ਚੰਗਾ ਬਈ ਗੁਰਮੁਖਾ, ਦੇ ਆਗਿਆ।"

"ਨਾ ਬਈ ਨਾ, ਐ ਕਿਮੇਂ !" ਗੁਰਮੁਖ ਨੇ ਬਾਂਹੋਂ ਫੜ ਰੋਕ ਲਿਆ।

"ਰੋਟੀ ਛਕ ਕੇ ਹੀ ਜਾਣਾ ਭਾਈ, ਲੰਮੀ ਵਾਟ ਐ ਤੇਰੀ।" ਛੰਨੋ ਵੀ ਰੋਟੀ ਤੋਂ ਬਿਨਾਂ ਨਹੀਂ ਸੀ ਜਾਣ ਦੇਣਾ ਚਾਹੁੰਦੀ।

ਪਰਿਵਾਰ ਦਾ ਪਿਆਰ ਵੇਖ ਕੇ ਦਲੇਰ ਨੂੰ ਰੁਕਣਾ ਪਿਆ।

"ਲੈ ਬਈ, ਹੁਣ ਦਿਓ ਆਗਿਆ। ਪਾਈਏ ਰਵਾਨਗੀ, ਵਾਟ ਵਾਹਵੈ।" ਰੋਟੀ ਖਾਣ ਤੋਂ ਬਾਅਦ ਦਲੇਰ ਜਾਣ ਲਈ ਕਾਹਲ਼ਾ ਪੈ ਰਿਹਾ ਸੀ।

"ਅੱਜ ਦਾ ਦਿਨ ਰੁਕ ਜਾਂਦਾ।" ਗੁਰਮੁਖ ਬੋਲਿਆ।

"ਰੁਝੇਵੇਂ ਬਹੁਤ ਨੇ ਬਾਈ।" ਉਹ ਤੁਰਦਾ-ਤੁਰਦਾ ਦੇਹਲ਼ੀ ਤਕ ਅੱਪੜ ਗਿਆ।

"ਚੱਲ ਫਿਰ ਮੈਂ ਤੈਨੂੰ ਵਿਦਾ ਕਰ ਆਮਾਂ।" ਗੁਰਮੁਖ ਵੀ ਦਲੇਰ ਨਾਲ਼ ਚੱਲ ਪਿਆ। ਦੋ ਟੁੱਕ ਓਹ ਵੀ ਕਾਹਲ਼ੀ ਨਾਲ਼ ਝਲਾਨੀ ਨੇੜੇ ਬਣੇ ਓਟੇ 'ਚ ਜਾ ਕੇ ਖਾ ਆਇਆ ਸੀ।

"ਫੱਕਰ ਨੂੰ ਆਖੀਂ, ਸਭ ਠੀਕ-ਠਾਕ ਐ।" ਗੱਡੀ ਦੀ ਪਟੜੀ ਲੰਘਾ ਕੇ ਵਿਦਾਇਗੀ ਦਿੰਦਿਆਂ ਗੁਰਮੁਖ ਨੇ ਕਿਹਾ।

"ਹਾਂ ਬਾਈ। ਸਾਰੀ ਗੱਲਬਾਤ ਜਾ ਕੇ ਦੱਸੂੰ। ਚੰਗਾ ਹੁਣ ਜਾਣ ਦਿਓ।" ਦਲੇਰ ਨੇ ਮੋਢੇ ਪਾਇਆ ਝੋਲ਼ਾ ਠੀਕ ਕੀਤਾ।

"ਹਾਂ ਬਾਈ, ਧੁੱਪ ਵੀ ਚੜ੍ਹੀ ਜਾਂਦੀ ਐ।" ਗੁਰਮੁਖ ਨੇ ਸੂਰਜ ਵੱਲ ਤੱਕਦਿਆਂ ਅੰਦਾਜ਼ਾ ਲਾਇਆ।

ਵਿਦਾ ਹੋਣ ਤੋਂ ਬਾਅਦ ਦਲੇਰ ਸੇਢਾ ਸਿੰਘ ਵੱਲ ਨੂੰ ਚੱਲ ਪਿਆ ਅਤੇ ਗੁਰਮੁਖ ਸੱਥ ਵੱਲ। ਸੱਥ 'ਚ ਜ਼ਿਆਦਾ ਰੌਣਕ ਨਹੀਂ ਸੀ।

ਭਾਦੋਂ ਦਾ ਮਹੀਨਾ ਹੋਣ ਕਾਰਨ ਕਿਸਾਨਾਂ ਦੇ ਰੁਝੇਵੇਂ ਵਧ ਗਏ ਸੀ। ਸਿਰ ਖੁਰਕਣ ਦੀ ਵੀ ਵਿਹਲ ਨਹੀਂ ਸੀ। ਪਰ ਦਲੇਰ ਦੇ ਆਉਣ ਕਾਰਨ ਗੁਰਮੁਖ ਅੱਜ ਵਿਹਲਾ ਸੀ। ਬਾਜਰਾ ਕੱਲ੍ਹ ਬੀਜ ਦਿੱਤਾ ਸੀ। ਕਰੀਰ ਵਾਲ਼ੀ ਜ਼ਮੀਨ 'ਚ ਦੇਸੀ ਕਪਾਹ ਨੇ ਵਿੱਚ ਫੁੱਲ-ਬੂਕੀ ਵੀ ਚੱਕ ਲਈ ਸੀ। ਚੜ੍ਹਦੇ ਅੱਸੂ ਟੀਂਡੇ ਤੇ ਫਿਰ ਟੀਂਡਿਆਂ ਤੋਂ ਚਿੱਟੀਆਂ ਫੁੱਟੀਆਂ ਬਣਨੀਆਂ ਸ਼ੁਰੂ ਹੋ ਜਾਣੀਆਂ ਹਨ।

"ਚੱਲ ਮਨਾਂ ! ਅੱਜ ਸੱਥ 'ਚ ਚੱਲਦੇ ਆਂ। ਵੇਖਦੇ ਹਾਂ ਲੋਕਾਂ ਦੇ ਕੀ ਵਿਚਾਰ ਨੇ !" ਉਹ ਸੱਥ ਨੂੰ ਚੱਲ ਪਿਆ।

ਸੰਘਣੇ ਬੋਹੜ ਹੇਠ ਜਬਰੇ ਹੋਰੀਂ ਜੁੜੇ ਬੈਠੇ ਸੀ।

"ਹੋਰ ਠੀਕ ਐ ਬਈ ਸੰਗਤੇ ?" ਗੁਰਮੁਖ ਨੇ ਬੈਠਦਿਆਂ ਹੀ ਸਭ ਦਾ ਹਾਲ-

ਚਾਲ ਪੁੱਛਿਆ।

"ਜਮਾਂ ਲੋਟ ਐ ! ਨਿਰਾ ਦੁੱਧ ਐ, ਪਾਣੀ ਭੋਰਾ ਨੀ।" ਜਬਰਾ ਮਰਾਸੀ ਪੂਰੀ ਤੜ੍ਹ ਨਾਲ਼ ਬੋਲਿਆ।

"ਹੌਲ਼ੀ ਬੋਲ, ਆਸਾ-ਪਾਸਾ ਵੀ ਵੇਖ ਲਿਆ ਕਰ।" ਇੱਕ ਅੱਧਖੜ ਜਿਹਾ ਬਜ਼ੁਰਗ ਉਸਨੂੰ ਹੂੜੀ ਕਰਕੇ ਪੈ ਗਿਆ।

ਜਬਰੇ ਨੇ ਸਾਹਮਣੇ ਨਿਗ੍ਹਾ ਮਾਰੀ, ਝਿਉਰੀਆਂ ਖੂਹ ਤੋਂ ਪਾਣੀ ਲੈ ਕੇ ਆ ਰਹੀਆਂ ਸੀ। ਉਹ ਘਰੋ-ਘਰੀ ਪਾਣੀ ਰੱਖ ਕੇ ਆਉਂਦੀਆਂ ਹਨ। ਪਿੰਡ ਦੇ ਤਿੰਨ ਖੂਹ, ਮਰਦ-ਔਰਤਾਂ ਤੇ ਪਸ਼ੂ-ਪੰਛੀਆਂ ਦੀ ਪਿਆਸ ਬੁਝਾਉਂਦੇ ਹਨ, ਦਿਨ-ਰਾਤ ਅਣਥੱਕ ਗਿੜਦੇ ਹਨ।

ਝਿਉਰੀਆਂ ਕਾਫੀ ਅੱਗੇ ਲੰਘ ਗਈਆਂ। ਜਬਰੇ ਨੂੰ ਟੋਕਣ ਵਾਲ਼ੇ ਉਸੇ ਬਜ਼ੁਰਗ ਨੇ ਖੂਹ ਬਾਬਤ ਗੱਲ ਤੋਰੀ -"ਪਾਣੀ ਜਿੰਨਾ ਮਰਜੀ ਵਰਤ ਲੋ, ਖੂਹ ਭਰੇ ਦਾ ਭਰਿਆ।"

"ਖਵਾਜਾ ਪੀਰ ਐ, ਰਿੱਧੀਆਂ-ਸਿੱਧੀਆਂ ਦਾ ਮਾਲਕ ਐ .... ਐਂ ਕਿਮੇਂ ਖਾਲੀ ਹੋਜੂ !" ਜਲ ਦੇਵਤਾ 'ਤੇ ਬਹਿਸ ਭਖ ਗਈ ਸੀ। ਵਿਸਾਖਾ ਬੁੜ੍ਹਾ ਬੋਲਿਆ। ਮੱਝਾਂ ਨੂੰ ਪਾਣੀ ਵਿਖਾ ਕੇ ਉਹ ਬੰਨ੍ਹ ਵੀ ਆਇਆ।

"ਕੁਦਰਤ ਵੀ ਕੋਈ ਚੀਜ ਐ, ਯਰ।" ਜਬਰੇ ਨੇ ਕੁਦਰਤ ਨੂੰ ਵਡਿਆਇਆ।

ਪਾਣੀ ਤੋਂ ਸ਼ੁਰੂ ਹੋਈ ਗੱਲ ਆਕਾਸ਼-ਪਾਤਾਲ਼ ਨੂੰ ਛੂੰਹਦੀ ਹੋਈ ਕੁਦਰਤ ਤਕ ਜਾ ਪਹੁੰਚੀ।

ਜਬਰਾ ਮਰਾਸੀ ਸੱਥ ਦਾ ਸ਼ਿੰਗਾਰ ਹੈ। ਪਿੰਡ ਦੀ ਹਰ ਜਾਣਕਾਰੀ ਉਸ ਕੋਲ਼ ਹੁੰਦੀ ਐ ਕਿ ਕਿਸ ਦਾ ਮੁੰਡਾ ਜਾਂ ਕੁੜੀ ਵਿਆਹੁਣ ਦੇ ਯੋਗ ਹੈ, ਕਿਹੜੀ ਜ਼ਨਾਨੀ ਦੀ ਕੁੱਖ ਹਰੀ ਹੋਣ ਵਾਲ਼ੀ ਐ, ਨਿੱਕਾ-ਨਿਆਣਾ ਕਦ ਹੋਣਾ ਹੈ ।

ਰਿਸ਼ਤਿਆਂ ਦਾ ਕੰਮ ਉਹ ਪੂਰੀ ਤਨਦੇਹੀ ਨਾਲ਼ ਕਰਦਾ ਹੈ। ਪਿੰਡ ਦੀਆਂ ਕਈ ਰਿਸ਼ਤੇਦਾਰੀਆਂ ਦਾ ਉਹ ਸਿਆਣੂ ਹੈ। ਦੁੱਖ-ਸੁੱਖ ਦੇ ਸਮੇਂ ਸੁਨੇਹਾ ਦੇਣ ਦਾ ਕੰਮ ਉਹ ਹੀ ਕਰਦਾ ਹੈ। ਰਿਸ਼ਤੇਦਾਰੀਆਂ 'ਚ ਜਾਣ ਸਮੇਂ ਉਹ ਵਿਹੜੇ 'ਚ ਫਿਰਦੀ ਕੁੜੀ-ਕੱਤਰੀ ਵੱਲ ਵੀ ਨਿਗ੍ਹਾ ਮਾਰ ਕੇ ਨਿਰਖ ਪਰਖ ਕਰਦਿਆਂ, ਮਨ ਅੰਦਰ ਹੀ ਢਾਹ-ਭੰਨ ਕਰ ਲੈਂਦਾ ਹੈ- "ਜਬਰਾ ਸਿਆਂ ! ਫਲਾਣੀਂ ਥਾਂ ਟੰਕਾ ਫਿੱਟ ਹੋ ਸਕਦੈ।"

ਉਸਦੀ ਏਸੇ ਖੂਬੀ ਕਰਕੇ ਘੱਟ ਜ਼ਮੀਨੇ ਘਰਾਂ ਜਾਂ ਛੜਿਆਂ ਵਿੱਚ ਉਸਦੀ ਪੂਰੀ ਵੁੱਕਤ ਹੈ। ਜਿਹਨਾਂ ਦਾ ਰਿਸ਼ਤਾ ਨਹੀਂ ਬਣਦਾ, ਆ ਕੇ ਜਬਰੇ ਦੇ ਪੈਰ ਫੜ ਲੈਂਦੇ ਨੇ- "ਬਾਈ ਤੇਰੇ ਰੱਖਣ ਦੇ ਆਂ। ਜਿਮੇਂ ਮਰਜੀ ਕਰ, ਪਰ ਗਊਂ ਗਾਰ'ਚੋਂ ਬਾਹਰ ਕੱਢ। ਸਾਡੇ ਘਰ ਵੀ ਚਾਨਣ ਕਰਦੇ।"

ਜਬਰਾ ਵੀ ਕਿਸੇ ਨੂੰ ਨਾਰਾਜ਼ ਨਹੀਂ ਕਰਦਾ। ਹਰ ਇੱਕ ਨੂੰ ਲੱਕੜ ਦਾ ਮੁੰਡਾ ਦੇ ਦਿੰਦਾ ਹੈ। ਮੋਢਾ ਥਾਪੜ ਕੇ ਹਰੇਕ ਨੂੰ ਧਰਵਾਸ ਦਿੰਦਿਆਂ ਆਖਦਾ ਹੈ- "ਘੁੱਦੂਆਲੇ ਗਿਆ ਸੀ ਮੈਂ, ਸੁਨੇਹਾ ਦੇਣ। ਵਿਹੜੇ 'ਚ ਤੁਰੀ ਫਿਰਦੀ ਸੀ ਕੁੜੀ। ਮੂੰਹ ਤਾਂ ਮੈਂ ਚੰਗੀ ਤਰ੍ਹਾਂ ਵੇਖਿਆ ਨੀ ਪਰ ਲੱਗੀ ਲਾਟਣ ਵਰਗੀ। ਕੋਈ ਨਾ ਭਾਈ

! ਗੱਲ ਤੋਰ ਕੇ ਵੇਖਲਾਂ ਗੇ।"

ਕਈ ਵਾਰ ਤਾਂ ਉਹ ਇੱਕੋ ਟਿਕਾਣਾ, ਦੋ-ਤਿੰਨ ਥਾਂ ਵਿਖਾ ਕੇ ਆਪਣਾ ਤੋਰੀ-ਫੁਲਕਾ ਚਲਾਈ ਰੱਖਦਾ ਹੈ। ਉਸਦੀ ਇਸੇ ਕਮੀ ਕਰਕੇ ਸੱਥ 'ਚ ਬਜ਼ੁਰਗ ਉਸ ਨੂੰ ਖਿਝਾਉਣ ਲੱਗੇ -

"ਜਬਰਿਆ, ਘੁੱਦੂਆਲ਼ੇ ਫਿਰ ਜੰਨ ਲੈ ਕੇ ਕਿਹੜਾ ਜਾਊ ?" ਸੱਥ 'ਚ ਆਜ਼ਾਦੀ ਦੀਆਂ ਗੱਲਾਂ ਕਰਨ ਆਏ ਗੁਰਮੁਖ ਨੇ ਵੀ ਜਬਰੇ ਨੂੰ ਛੇੜਿਆ।

"ਜਿਹੜੀ ਘੁੱਦੂਆਲ਼ੇ ਕੁੜੀ ਦੱਸਦਾ ਸੀ, ਫਿਰ ਕਿੰਨਿਆਂ ਨੂੰ ਸਾਈ ਲਾ ਰੱਖੀ ਐ ?" ਗੁਰਮੁਖ ਮਗਰ ਹੀ ਇੱਕ ਹੋਰ ਬਜ਼ੁਰਗ ਬੋਲ ਪਿਆ।

"ਸਾਈ ਤਾਂ ਕਈ ਨੂੰ ਲਾ ਰੱਖੀ ਐ। ਤਿੰਨ ਜਣਿਆਂ ਤੋਂ ਤਾਂ ਖ਼ਰਚਾ-ਪੱਠਾ ਵੀ ਲੈ ਰੱਖਿਐ। ਬਾਕੀ ਭਾਈ ਸਾਰੀ ਗੱਲ ਸੰਜੋਗਾਂ ਦੀ।" ਜਬਰੇ ਨੇ ਵੀ ਬੇਝਿਜਕ ਸਾਰੀ ਗੱਲ ਦੱਸ ਦਿੱਤੀ।

"ਮਾਂ ਦਿਆ ਪੁੱਤਾ ! ਕੋਈ ਗੱਲ ਆਪਣੇ ਸਿਰ ਨਾ ਲਿਆਈਂ।" ਕਾਫੀ ਚਿਰ ਤੋਂ ਚੁੱਪ ਬੈਠਾ ਦੇਸੂ ਚਮਾਰ ਬੋਲਿਆ। ਉਹ ਚਮਾਰਾਂ ਵਾਲ਼ੀ ਛੱਪੜੀ ਵੱਲ ਗੇੜਾ ਮਾਰਨ ਆਇਆ ਸੀ। ਰੌਣਕ-ਮੇਲਾ ਲੱਗਿਆ ਵੇਖ ਰੁਕ ਗਿਆ।

"ਦੇਸੂ ਸਿਆਂ ! ਇਹਦੀ ਤਾਂ ਉਹ ਗੱਲ ਐ, ਬਈ ਸਾਈਆਂ ਕਿਤੇ, ਵਧਾਈਆਂ ਕਿਤੇ।" ਵਿਸਾਖਾ ਬੁੜ੍ਹਾ ਆਸਾ-ਪਾਸਾ ਵੇਖ ਬੋਲਿਆ। ਤੂਤ ਦੀ ਛਟੀ ਉਸ ਨੇ ਆਪਣੇ ਕੋਲ਼ ਘੜੀਸ ਲਈ ਸੀ।

"ਗੱਲ ਤਾਂ ਸੰਜੋਗਾਂ ਦੀ ਐ ਯਰ .... ਤੁਸੀਂ ਮੰਨਦੇ ਕਿਉਂ ਨੀ।" ਜਬਰਾ ਆਪਣੀ ਗੱਲ 'ਤੇ ਦ੍ਰਿੜ੍ਹ ਸੀ।

"ਲਉ ਫਿਰ ਇੱਕ ਨਵੀਂ ਗੱਲ ਸੁਣੋ ! ਥੋਨੂੰ ਪਤੈ ਬਈ ਮੁਲਕ ਆਜਾਦ ਹੋ ਗਿਆ। ਆਜਾਦੀ ਦੀਆਂ ਗੱਲਾਂ ਕਰੋ, ਇਹ ਗੱਲਾਂ ਛੱਡੋ।" ਗੁਰਮੁਖ ਤੋਂ ਜ਼ਿਆਦਾ ਚਿਰ ਰਿਹਾ ਨਾ ਗਿਆ। ਉਸ ਨੇ ਆਜ਼ਾਦੀ ਦੀਆਂ ਗੱਲਾਂ ਛੇੜ ਲਈਆਂ।

"ਵਾਹ ਬਈ ਵਾਹ ! ਇਹ ਤਾਂ ਕਮਾਲ ਹੋਗੀ ! ਸਾਡੇ ਤਕ ਪਹੁੰਚਦੀ-ਪਹੁੰਚਦੀ ਲੇਟ ਹੋਗੀ।" ਜਬਰਾ ਸੁਣਦਿਆਂ ਸਾਰ ਖ਼ੁਸ਼ ਹੋ ਗਿਆ।

"ਚੱਲੀ ਨੂੰ ਤਾਂ ਕੈਂਅ੍ਹਦੇ ਪੰਜ-ਛੀ ਮਹੀਨੇ ਹੋ ਗਏ ਮਿਰੇਅਰ।" ਵਿਸਾਖਾ ਵੀ ਬੋਲ ਪਿਆ ਸੀ। ਵਿਸਾਖਾ ਪਸ਼ੂ-ਡੰਗਰਾਂ ਨੂੰ ਟੋਭੇ ਤੋਂ ਪਾਣੀ ਪਿਆ ਕੇ, ਰੋਟੀ ਟੁੱਕਰ ਖਾ ਕੇ ਸੱਥ 'ਚ ਆ ਜਾਂਦਾ ਹੈ।

ਆਜ਼ਾਦੀ ਦਾ ਨਾਂ ਸੁਣ ਕੇ ਸੱਥ 'ਚ ਬੈਠੇ ਹਰ ਸ਼ਖ਼ਸ ਦੇ ਚਿਹਰੇ 'ਤੇ ਰੌਣਕ ਆ ਗਈ।

"ਗਾਂਧੀ ਹੋਰਾਂ ਦੇ 'ਦੋਲਨ ਨੇ ਕਮਾਲ ਕਰਤੀ ਬਈ।" ਸਾਰਿਆਂ ਤੋਂ ਪਿੱਛੇ ਬੈਠੇ ਬਜ਼ੁਰਗ ਨੇ ਗਾਂਧੀ ਦਾ ਗੁਣ-ਗਾਣ ਕੀਤਾ।

"ਹੂੰ ! ਛੱਕੂ ਕਰਤੀ ਕਮਾਲ ! ਭਗਤ ਸਿੰਘ ਹੋਰੀਂ ਜਾਨ ਗਵਾ ਗਏ, ਏਹ ਕੈਂਅ੍ਹਦਾ ਗਾਂਧੀ ਨੇ ਕਮਾਲ ਕਰਤੀ। ਵਾਹ ਉਏ ਸੰਦ ! " ਉਸ ਦੀ ਗੱਲ ਸੁਣ ਕੇ ਜਬਰਾ ਭਖ ਗਿਆ।

“ਜਬਰਾ ਠੀਕ ਆਖਦੈ, ਆਜਾਦੀ ਤਾਂ ਬਈ, ਪੰਜਾਬੀਆਂ ਦੀ ਹਿੰਮਤ ਕਰਕੇ ਆਈ ਐ। ਕਮਲ਼ਿਓ ! ਭਗਤ ਸਿੰਘ, ਸਰਾਭੇ ਵਰਗੇ ਫਾਂਸੀ ’ਤੇ ਚੜ੍ਹ ਗਏ। ਇਹ ਹੀਰੇ ਕਿੱਥੋਂ ਦੇ ਸੀ ! ਪੰਜਾਬ ਦੇ ਹੀ ਸੀ।” ਦੇਸ਼ ਦੀ ਆਜ਼ਾਦੀ ਦਾ ਸਿਹਰਾ ਗੁਰਮੁਖ ਨੇ ਪੰਜਾਬੀਆਂ ਦੇ ਸਿਰ ਬੰਨ੍ਹਿਆ।

“ਰਾਤ ਫਿਰ ਆਹੀ ਗੱਲਾਂ ਚੱਲ ਰਹੀਆਂ ਸੀ, ਥੋਡੇ ਆਲ਼ੇ ਪਾਸੇ ? ਆਉਣ ਮੈਂ ਬੀ ਲੱਗਿਆ ਸੀ, ਫਿਰ ਘੌਲ਼ ਜੀ ਕਰ ਗਿਆ।” ਜਬਰੇ ਨੂੰ ਰਾਤ ਵਾਲ਼ੀ ਕਾਰਵਾਈ ਦੀ ਖ਼ਬਰ ਮਿਲ ਗਈ ਸੀ।

“ਹਾਂ ... ਰਾਤ ਵੀ ਏਹੀ ਗੱਲਾਂ-ਬਾਤਾਂ ਹੋਈਆਂ ਸੀ। ਦਲੇਲਆਲ਼ੇ ਤੋਂ ਆਇਆ ਸੀ, ਇੱਕ ਆਗੂ। ਸਾਰੀਆਂ ਗੱਲਾਂ ਉਹੀ ਖੋਲ੍ਹ ਕੇ, ਦੱਸ ਕੇ ਗਿਐ। ਪਰ ਦੁੱਖ ਦੀ ਗੱਲ ਆ ਬਈ ਮੁਸਲਮਾਨਾਂ ਨੂੰ ਮੁਲਕ ਛੱਡਣਾ ਪਊ। ਪਰ ਆਪਾਂ ਸ਼ਾਂਤੀ ਬਣਾ ਕੇ ਰੱਖਣੀ ਐ।” ਗੁਰਮੁਖ ਨੇ ਸਾਰੀ ਗੱਲ ਸਾਂਝੀ ਕੀਤੀ।

“ਮੁਸਲਮਾਨਾਂ ਨੇ ਕੀ ਕਰਨੈ ਜਾ ਕੇ, ਜਮੀਨਾਂ ਜੈਦਾਦਾਂ ਤਾਂ ਸਾਰੀਆਂ ਇਥੇ ਪਈਆਂ ਨੇ।” ਦੇਸੂ ਬੋਲਿਆ।

“ਵੱਡੇ ਬਾਈ, ਚਾਰ ਦਿਨ ਰੌਲ਼ਾ-ਰੱਪਾ ਪੈ ਕੇ ਆਪੇ ਟਿਕ-ਟਿਕਾਅ ਹੋਜੂ।” ਜਬਰੇ ਨੂੰ ਟਿਕ-ਟਿਕਾ ਹੋਣ ਦੀ ਪੂਰੀ ਆਸ ਸੀ।

“ਬਾਈ ਇੱਕ ਗੱਲ ਸਮਝ ਨਹੀਂ ਆਈ, ਮੁਲਕ ਵੰਡਿਆ ਕਿਉਂ ਗਿਆ ?” ਜਬਰਾ ਗੰਭੀਰਤਾ ਨਾਲ਼ ਬੋਲਿਆ ਤਾਂ ਸਾਰੇ ਚੁੱਪ ਕਰ ਗਏ। ਸ਼ਾਇਦ ਜਬਰੇ ਦੇ ਸਵਾਲ ਨੇ ਉਹਨਾਂ ਦੇ ਜ਼ਿਹਨ ’ਚ ਸਵਾਲ ਪੈਦਾ ਕਰ ਦਿੱਤੇ ਸੀ।

“ਹਾਂ ਬਈ, ਇਹ ਮਸਲਾ ਕਿਥੋਂ ਪੈਦਾ ਹੋਇਆ ?” ਦੇਸੂ ਵੀ ਇਸ ਸਵਾਲ ਦਾ ਜਵਾਬ ਗੁਰਮੁਖ ਮੂੰਹੋਂ ਸੁਣਨਾ ਚਾਹੁੰਦਾ ਸੀ।

“ਅੰਗਰੇਜਾਂ ਦੀ ਚਲਾਕੀ ਹੈ ਸਭ, ਬਹੁਤ ਸਾਤਰ ਕੌਮ ਹੈ ਅੰਗਰੇਜ਼।” ਗੁਰਮੁਖ ਦੇ ਬੋਲਣ ਤੋਂ ਪਹਿਲਾਂ ਹੀ ਬਜ਼ੁਰਗ ਵਿਸਾਖਾ ਬੋਲ ਪਿਆ।

“ਜ਼ਿੰਮੇਵਾਰ ਤਾਂ ਅੰਗਰੇਜ਼ ਵੀ ਹਨ, ਇਸ ਮਸਲੇ ਲਈ, ਆਪਣੇ ਵਾਲ਼ੇ ਕਾਲ਼ੇ ਅੰਗਰੇਜ਼ ਘੱਟ ਨੀਂ। ਹਰੇਕ ਚੌਧਰ ਦਾ ਭੁੱਖੈ। ਲੀਡਰਾਂ ਦੀ ਕੁਰਸੀਆਂ ਦੀ ਭੁੱਖ ਆਮ ਲੋਕਾਂ ਲਈ ਕਹਿਰ ਬਣ ਕੇ ਆਵੇਗੀ।” ਗੁਰਮੁਖ ਨੇ ਸਾਰੀ ਗੱਲ ਸਪੱਸ਼ਟ ਕੀਤੀ।

“ਲੋਕਾਂ ਦਾ ਭਾਈਚਾਰਾ ਤਾਂ ਬਣਿਆ ਰਹੂ। ਲਾਹੌਰ-ਪਸੌਰ ਕਿਹੜਾ ਦੂਰ ਨੇ, ਮਿਲਣ ਆਲ਼ੇ ਤਾਂ ਮਿਲ ਆਇਆ ਕਰਨਗੇ। ” ਵਿਸਾਖੇ ਲਈ ਮੁਲਕ ਦੀ ਵੰਡ ਸਾਧਾਰਨ ਗੱਲ ਹੀ ਸੀ।

“ਭਾਈਚਾਰਾ ਟੱਟੂ ਦਾ ਰਹਿ ਗਿਆ। ਜਦ ਮੁਲਕ ਹੀ ਦੋ ਬਣਗੇ।” ਦੇਸੂ ਨੇ ਵਿਸਾਖੇ ਦੀ ਗੱਲ ਦਾ ਖੰਡਨ ਕੀਤਾ।

“ਲੜਦੇ ਕਿਉਂ ਹੋ, ਸ਼ਾਂਤੀ ਬਣਾ ਕੇ ਰੱਖੋ। ਵੇਖਦੇ ਹਾਂ ਕੀ ਬਣਦੈ।” ਗੁਰਮੁਖ ਨੇ ਉਹਨਾਂ ਨੂੰ ਸ਼ਾਂਤ ਰਹਿਣ ਲਈ ਕਿਹਾ।

“ਫੇਰ ਰੋਸ਼ਨੀ ਦਾ ਮੇਲਾ ਤਾਂ ਕਿਹੜਾ ਭਰੂ, ਅੱਜ ਕਾਲੀਏ ?” ਵਿਸਾਖੇ ਨੂੰ

ਰੋਸ਼ਨੀ ਦੇ ਮੇਲੇ ਦੀ ਫਿਕਰ ਪਈ ਸੀ।

"ਮੇਲਾ ਤਾਂ ਭਰੂ, ਪੂਰੀ ਤਿਆਰੀ ਐ, ਮੈਨੂੰ ਪਤੈ।" ਜਬਰਾ ਬੋਲਿਆ। ਉਹ ਸਵੇਰੇ ਕਾਲੀਏ ਤਕ ਜਾ ਕੇ ਆਇਆ ਸੀ।

"ਕਮਲ਼ਿਓ ! ਥੋਨੂੰ ਮੇਲੇ ਦੀ ਪਈ ਐ, ਸਮਾਂ ਤਾਂ ਵੇਖ ਲੋ ਕਿਹੜਾ ਚੱਲ ਰਿਹੈ।" ਗੁਰਮੁਖ ਨੂੰ ਦੇਸ਼ ਦੀ ਵੰਡ ਦੇ ਪ੍ਰਸੰਗ ਵਿੱਚ ਮੇਲੇ ਵਾਲ਼ੀ ਗੱਲ ਉੱਕਾ ਚੰਗੀ ਨਾ ਲੱਗੀ।

"ਹਲੇ ਪਤਾ ਵੀ ਨੀ ਲੋਕਾਂ ਨੂੰ, ਬਈ ਕੀ ਹੋਣ ਵਾਲ਼ੈ ! ਮੇਲਾ ਤਾਂ ਭਰੂ।" ਜਬਰਾ ਆਪਣੀ ਗੱਲ 'ਤੇ ਬਜ਼ਿੱਦ ਸੀ।

ਦੁਪਹਿਰ ਹੋ ਗਈ ਸੀ। ਸਾਰੀ ਦੁਪਹਿਰ ਆਜ਼ਾਦੀ ਦੇ ਨਾਲ਼-ਨਾਲ਼ ਰੋਸ਼ਨੀ ਦੇ ਮੇਲੇ ਦੀਆਂ ਗੱਲਾਂ ਚੱਲਦੀਆਂ ਰਹੀਆਂ। ਗੁਰਮੁਖ ਉੱਠ ਕੇ ਘਰ ਨੂੰ ਜਾਣ ਲੱਗਾ, ਇੱਕ-ਇੱਕ ਕਰਕੇ ਸਭ ਉੱਠ ਕੇ ਚੱਲ ਪਏ। ਬਿੰਦ ਕੁ ਪਹਿਲਾਂ ਭਰੀ-ਭਰੀ ਲੱਗਦੀ ਸੱਥ ਖ਼ਾਲੀ ਹੋ ਗਈ।

---

ਅੱਜ ਆਲ਼ੇ-ਦੁਆਲ਼ੇ ਦੇ ਪਿੰਡਾਂ ਵਿੱਚ ਆਜ਼ਾਦੀ ਦੀ ਚਰਚਾ ਘੱਟ, ਪਰ ਕਾਲੀਏ ਪਿੰਡ ਵਾਲ਼ੇ ਰੌਸ਼ਨੀ ਦੇ ਮੇਲੇ ਦੀ ਚਰਚਾ ਜ਼ਿਆਦਾ ਸੀ।

ਦੁਪਹਿਰ ਢਲ਼ਣ ਤੋਂ ਬਾਅਦ, ਲੋਕ ਬੈਲ-ਗੱਡੀਆਂ ਜੋੜ, ਕਈ ਪੈਦਲ ਕੱਚੇ ਰਾਹਾਂ ਰਾਹੀਂ ਮੇਲੇ ਨੂੰ ਆਉਣ ਲੱਗੇ। ਅੱਜ ਹਾਲ਼ੀ-ਪਾਲ਼ੀ ਵੀ ਖੇਤੋਂ ਜਲਦੀ ਵਾਪਸ ਆ ਗਏ।

ਪੰਜਾਬਾ ਵੀ ਗੁਰਮੁਖ ਦੇ ਖਹਿੜੇ ਪੈ ਗਿਆ। ਕਹਿੰਦਾ -"ਬਾਪੂ, ਮੈਨੂੰ ਵੀ ਮੇਲਾ ਵਿਖਾ ਕੇ ਲਿਆ।"

ਛੰਨੋ ਤੋਂ ਵੀ ਜਵਾਕ ਦਾ ਕਮਲ਼ਾਇਆ ਚਿਹਰਾ ਵੇਖਿਆ ਨਾ ਗਿਆ। ਜਦ ਵਿਲਕਦਾ ਜਵਾਕ ਝੱਲਿਆ ਨਾ ਗਿਆ, ਗੁਰਮੁਖ ਨੂੰ ਆਖਣ ਲੱਗੀ - "ਲੈ ਜਾ, ਜਵਾਕ ਰੌਣਕ-ਮੇਲਾ ਵੇਖ ਆਊ।"

ਛੰਨੋ ਦੇ ਕਹਿਣ 'ਤੇ ਗੁਰਮੁਖ ਮੰਨ ਗਿਆ।

ਛੰਨੋ ਨੇ ਪਿਉ ਤੋਂ ਚੋਰੀਓਂ, ਮੇਲਾ ਵੇਖਣ ਲਈ ਪੰਜਾਬ ਨੂੰ, ਆਪਣੀ ਗੁਥਲੀ 'ਚੋਂ ਖੁੱਲ੍ਹੇ ਪੈਸੇ ਵੀ ਦੇ ਦਿੱਤੇ। ਪੰਜਾਬਾ ਤਾਂ ਚਾਅ 'ਚ ਭੱਜਿਆ ਫਿਰਦਾ ਸੀ, ਇੱਕ ਤਾਂ ਬਾਪੂ ਨੇ ਨਾਲ਼ ਲੈ ਕੇ ਜਾਣ ਲਈ ਹਾਂ ਕਰ ਦਿੱਤੀ ਸੀ ਤੇ ਦੂਜੀ ਗੱਲ, ਮਾਂ ਨੇ ਕੁਝ ਪੈਸੇ ਵੀ ਦੇ ਦਿੱਤੇ ਸੀ। ਉਸ ਤੋਂ ਖ਼ੁਸ਼ੀ ਸੰਭਾਲ਼ੀ ਨਹੀਂ ਸੀ ਜਾ ਰਹੀ, ਉਹ ਰਫੀਕ ਨੂੰ ਵੀ ਨਾਲ਼ ਜਾਣ ਲਈ ਕਹਿ ਆਇਆ।

"ਆਜਾ ਆੜੀਆ ! ਮੇਲਾ ਦੇਖਣ ਜਾਂਮਾਂਗੇ, ਬਾਪੂ ਨਾਲ਼। ਬਾਪੂ ਮੰਨ ਗਿਆ।"

"ਆਏ ! ਹਾਏ !! ਨਜਾਰਾ ਆਊ।" ਰਫੀਕ ਖ਼ੁਸ਼ੀ 'ਚ ਉਸ ਨੂੰ ਚਿੰਬੜ ਗਿਆ। ਰਫੀਕ ਜਦ ਵੀ ਖ਼ੁਸ਼ ਹੁੰਦਾ ਹੈ, ਪੰਜਾਬ ਨੂੰ ਘੁੱਟ ਕੇ ਜੱਫੀ ਪਾ ਲੈਂਦੈ।

“ਤੂੰ ਵੀ ਬਾਪੂ ਨੂੰ ਪੁੱਛ ਕੇ ਆ, ਚੱਲਾਂਗੇ ਫਿਰ ਮੇਲੇ ’ਤੇ।” ਪੰਜਾਬ ਨੇ ਉਹਨੂੰ ਵੀ ਸੁਝਾਅ ਦਿੱਤਾ।

“ਹਾਂ.. ਪੁੱਛ ਕੇ ਆਉਂਨੈ।” ਰਫੀਕ ਵੀ ਪੂਰੀ ਤੇਜ਼ੀ ਨਾਲ਼, ਭੱਠੀ ਵੱਲ ਚਲਾ ਗਿਆ। ਮੇਲੇ ’ਤੇ ਜਾਣ ਦੀ ਇੱਛਾ ਜਤਾਈ। ਕਾਲੀ ਨੇ ਜਦ ਸੁਣਿਆ, ਗੁਰਮੁਖ ਆਪ ਨਾਲ਼ ਜਾ ਰਿਹਾ ਹੈ, ਹਾਂ ਕਰ ਦਿੱਤੀ।

ਗੁਰਮੁਖ ਦੀ ਉਂਗਲ਼ੀ ਫੜ, ਪੰਜਾਬ ਤੇ ਰਫੀਕ ਚਾਈਂ-ਚਾਈਂ ਮੇਲੇ ਨੂੰ ਜਾ ਰਹੇ ਸੀ।

ਲੋਕ ਵਹੀਰਾਂ ਘੱਤੀ ਕਾਲੀਏ ‘ਪੀਰ ਦੀ ਸਮਾਧ’ ਵੱਲ ਵੱਧ ਰਹੇ ਸੀ।

“ਜੇ ਰੁਲ਼ ਗੇ ਪੁੱਤ ! ਤੇਰੇ ਨਵਾਬ ਚਾਚੇ ਕੇ ਘਰੇ ਵਗਜਿਓ। ਕਿਤੇ ਮੈਂ ਭਾਲ਼ੀ ਜਾਵਾਂ।” ਮੇਲੇ ਵਾਲ਼ੀ ਥਾਂ ’ਤੇ ਪਹੁੰਚਣ ਸਾਰ, ਗੁਰਮੁਖ ਨੇ ਉਹਨਾਂ ਨੂੰ ਹਦਾਇਤ ਦੇ ਦਿੱਤੀ।

“ਚੰਗਾ....ਤਾਇਆ।” ਰਫੀਕ ਸਿਆਣੇ ਬੱਚਿਆਂ ਵਾਂਗ ਬੋਲਿਆ।

“ਸੁਲਤਾਨ ਹੋਰੀਂ ਵੀ ਆਉਂਦੇ ਹੋਣੇ, ਮੇਲੇ ’ਤੇ।” ਪੰਜਾਬ ਨੇ ਆਪਣੇ ਹਾਣੀ, ਨਵਾਬ ਦੇ ਬੱਚਿਆਂ ਬਾਰੇ ਪੁੱਛਿਆ।

“ਹਾਂ ... ਉਹ ਵੀ ਮੇਲੇ ’ਚ ਹੀ ਹੋਣੇ।” ਗੁਰਮੁਖ ਨੇ ਜਵਾਬ ਦਿੱਤਾ।

ਸੂਰਜ ਢਲਣ ਤੋਂ ਪਹਿਲਾਂ ਮੇਲਾ ਪੂਰੀ ਤਰ੍ਹਾਂ ਭਰ ਗਿਆ। ਲੱਕੜ ਦੇ ਪੰਘੂੜੇ ‘ਚੂੰ-ਚੂੰ’ ਕਰਦੇ, ਉੱਪਰ ਹੇਠਾਂ ਘੁੰਮ ਰਹੇ ਸੀ। ਰਫੀਕ ਦੇ ਜ਼ਿੱਦ ਕਰਨ ’ਤੇ, ਗੁਰਮੁਖ ਨੇ ਉਨ੍ਹਾਂ ਨੂੰ ਝੂਟੇ ਵੀ ਦਵਾ ਦਿੱਤੇ।

ਕਾਲ਼ੇ ਡੋਰੀਏ, ਲਾਲ ਪਰਾਂਦੇ, ਗੋਟੇ ਵਾਲ਼ੀਆਂ ਚੁੰਨੀਆਂ, ਤਿੱਖੇ ਕਟਾਰ ਵਰਗੇ ਨੈਣ, ਨੈਣਾਂ ’ਚ ਸੁਰਮੇ ਦੀ ਧਾਰੀ, ਅੱਲੜ੍ਹ ਮੁਟਿਆਰਾਂ, ਸੰਮਾਂ ਵਾਲ਼ੀ ਡਾਂਗ ਚੁੱਕੀ ਫਿਰਦੇ ਗੱਭਰੂਆਂ ਦੇ ਕਾਲ਼ਜੇ ਧੂਹ ਪਾ ਰਹੀਆਂ ਸੀ। ਦੁਪਹਿਰ ਢਲਣ ਕਾਰਨ ਉਹ ਤਾਂ ਘਰਾਂ ਨੂੰ ਪਰਤਣੀਆਂ ਵੀ ਸ਼ੁਰੂ ਹੋ ਗਈਆਂ। ਕੈਂਠੇ ਵਾਲ਼ੇ ਗੱਭਰੂ, ਉਨ੍ਹਾਂ ਨੂੰ ਵੇਖ, ਨੱਚ-ਨੱਚ ਧੂੜ ਪੱਟ ਰਹੇ ਸੀ ਤੇ ਮਸਤੀ ਅਤੇ ਲੋਰ ’ਚ ਆਏ ਪਏ ਸੀ।

ਬੁਘਚੂ, ਢੋਲ, ਕਾਟੋ ਦੇ ਸੰਗੀਤ ਵਿੱਚ ਜਿਵੇਂ ਬੋਲੀਆਂ ਦਾ ਮੀਂਹ ਹੀ ਪੈ ਰਿਹਾ ਸੀ।

ਸਿਰਸਾ ਰਾਣੀਆਂ ਤੋਂ ਆਏ ਜੋਗੀਆਂ ਦਾ ਸਪੇਰਾ ਨਾਚ ਵੀ ਹਰੇਕ ਨੂੰ ਮੰਤਰ-ਮੁਗਧ ਕਰ ਰਿਹਾ ਸੀ। ਜਲੇਬੀਆਂ ਤੇ ਵੇਸਣ ਦੇ ਲੱਡੂਆਂ ਦੀ ਖ਼ੁਸ਼ਬੂ, ਹਰ ਮੇਲੀ ਨੂੰ ਆਪਣੇ ਵੱਲ ਖਿੱਚ ਰਹੀ ਸੀ।

ਸਪੇਰਾ ਨਾਚ ਵਾਲ਼ਿਆਂ ਕੋਲ਼ ਭੀੜ ਜ਼ਿਆਦਾ ਹੋਣ ਕਾਰਨ, ਗੁਰਮੁਖ ਨੇ ਦੋਵਾਂ ਦੀ ਉਂਗਲ ਘੁੱਟ ਕੇ ਫੜ ਲਈ।

“ਛੱਡਿਓ ਨਾ ਪੁੱਤ।” ਗੁਰਮੁਖ ਭੀੜ ਨੂੰ ਚੀਰਦਾ ਮਠਿਆਈ ਵਾਲ਼ੀ ਦੁਕਾਨ ’ਤੇ ਆ ਗਿਆ।

ਪੰਜਾਬ ਨੇ ਡਰਦੇ-ਡਰਦੇ ਜਲੇਬੀਆਂ ਵੱਲ ਉਂਗਲ ਕੀਤੀ- “ਬਾਪੂ ......

ਜਲੇਬੀਆਂ.....”

ਗੁਰਮੁਖ ਬੱਚਿਆਂ ਨੂੰ ਨਾਰਾਜ਼ ਨਹੀਂ ਸੀ ਕਰਨਾ ਚਾਹੁੰਦਾ। ਉਸਨੇ ਪੰਜ ਪੈਸਿਆਂ ਦੀ ਤੱਤੀਆਂ ਜਲੇਬੀਆਂ ਲੈ ਕੇ ਦੇ ਦਿੱਤੀਆਂ। ਫਿਰ ਲੱਕੜ ਦੇ ਖਿਡੌਣਿਆਂ ਵਾਲ਼ੀ ਦੁਕਾਨ ਤੋਂ ਦੋਂਹਾਂ ਨੇ, ਮਨਭਾਉਂਦੇ ਖਿਡੌਣੇ ਵੀ ਲੈ ਲਏ ਸੀ। ਰਫੀਕ ਨੇ ਦੋਹਾਂ ਦੇ ਖੇਡਣ ਲਈ ਗੁੱਲੀ-ਡੰਡਾ ਖ਼ਰੀਦਿਆ।

“ਲੈ ਬਈ ਆੜੀਆ, ਡੰਡਾ ਮੇਰਾ ਤੇ ਗੁੱਲੀ ਤੇਰੀ, ਰਲ਼ ਕੇ ਖੇਡਿਆ ਕਰਾਂਗੇ। ਗੁੱਲੀ ਤੂੰ ਰੱਖੀਂ, ਡੰਡਾ ਮੈਂ ਰੱਖੂੰ।” ਰਫੀਕ ਗੁੱਲੀ ਡੰਡਾ ਖ਼ਰੀਦ ਕੇ ਖ਼ੁਸ਼ ਸੀ।

ਉੱਧਰ ਖੁੱਲ੍ਹੇ ਪਿੜ ਵਿੱਚ ਛਿੰਝ ਦੀ ਤਿਆਰੀ ਹੋ ਗਈ। ਦੂਰੋਂ-ਨੇੜਿਓਂ ਮੇਲੇ ਦੀ ਸ਼ੋਭਾ ਵਧਾਉਣ ਲਈ ਪਹਿਲਵਾਨ ਵੀ ਪਿੜ ਵਿੱਚ ਆ ਗਏ। ਲੋਕ ਕੁਸ਼ਤੀ ਵਾਲ਼ੇ ਅਖਾੜੇ ਦੇ ਆਲ਼ੇ-ਦੁਆਲ਼ੇ, ਗੋਲ ਚੱਕਰ ਬਣਾ ਕੇ ਬੈਠ ਗਏ। ਢੋਲ ਦੇ ਡਗੇ ’ਤੇ ‘ਦੈਂਗੜ-ਦੈਂਗੜ’ ਹੋਣ ਲੱਗੀ। ਲਾਲ ਜਾਂਘੀਏ ਪਾ ਕੇ ਪਹਿਲਵਾਨ, ਅਖਾੜੇ ’ਚ ਪੱਟਾਂ ’ਤੇ ਹੱਥ ਮਾਰਨ ਲੱਗੇ। ਮੱਲਾਂ ਦੇ ਘੋਲ਼ ਵੇਖਦਿਆਂ ਲੋਕ ਕੂਕਾਂ ਮਾਰਨ। ਕਈ ਕੁਸ਼ਤੀਆਂ ਤਾਂ ਪੂਰੀਆਂ ਰੌਚਕ ਬਣ ਗਈਆਂ। ਕਿੰਨਾ ਹੀ ਚਿਰ ਮੱਲ ਆਪਸ ਵਿੱਚ ਗੁੱਥਮ-ਗੁੱਥੀ ਹੁੰਦੇ ਰਹੇ। ਢੂੰਈਂ ਲੱਗਣ ’ਤੇ ਹੀ ਨਹੀਂ ਸੀ ਆ ਰਹੀ।

ਆਖ਼ਰੀ ਕੁਸ਼ਤੀ ਹੋਣ ਤਕ ਸੂਰਜ ਢਲ ਗਿਆ। ਮੰਡੇਰ ਵਾਲ਼ਾ ਗੱਠੇ ਸਰੀਰ ਵਾਲ਼ਾ ਪਹਿਲਵਾਨ ਝੰਡੀ ਲੈ ਗਿਆ ਸੀ। ਲੋਕਾਂ ਨੇ ਉਸ ਨੂੰ ਮੋਢਿਆਂ ’ਤੇ ਚੁੱਕ ਲਿਆ। ਉਸ ਦੀ ਬੱਲੇ-ਬੱਲੇ ਹੋ ਗਈ। ਬੱਲੇ-ਬੱਲੇ ਵੀ ਤਾਂ ਹੋਣੀ ਹੀ ਸੀ, ਝੰਡੀ ਉਸ ਦੇ ਹੱਥ ਜੁ ਆ ਗਈ ਸੀ। ਪ੍ਰਸੰਸ਼ਕਾਂ ਦੇ ਪਿਆਰ ਅਤੇ ਪੈਸੇ ਨਾਲ਼ ਉਹ ਮਾਲੋ-ਮਾਲ ਹੋ ਗਿਆ।

ਦੂਰ-ਦੁਰੇਡੇ ਪਿੰਡ ਦੇ ਲੋਕ ਤਾਂ ਆਖ਼ਰੀ ਕੁਸ਼ਤੀ ਵੇਖ ਵਾਪਸ ਗਰਾਂ ਵੱਲ ਚੱਲ ਪਏ। ਮੇਲੇ ਦਾ ਦੂਜਾ ਦੌਰ ਤਾਰਾ ਨਿਕਲਦਿਆਂ ਸ਼ੁਰੂ ਹੋ ਜਾਣਾ ਸੀ।

ਪੰਦਰਾਂ ਅਗਸਤ ਦੀ ਰਾਤ ਦਾ, ਪਹਿਲਾ ਤਾਰਾ ਨਿਕਲਦਿਆਂ ਹੀ, ਰੌਸ਼ਨੀ ਦੇ ਮੇਲੇ ਦਾ ਦੂਜਾ ਦੌਰ ਸ਼ੁਰੂ ਹੋ ਗਿਆ। ਮੇਲੇ ਦੀ ਸ਼ੋਭਾ ਵਧਾਉਣ ਲਈ ਸੱਭਾ ਨ੍ਰਤਕੀ ਵੀ ਪਹੁੰਚ ਗਈ ਸੀ। ਉਸਦੇ ਨਾਲ਼ ਢੋਲਕ, ਵਾਜਾ ਅਤੇ ਖੰਜਰੀ ਵਾਲ਼ੇ ਵੀ ਪਹੁੰਚ ਗਏ। ਜਦ ਸੱਭਾ ਨ੍ਰਤਕੀ ਪੀਲ਼ੇ, ਚਮਕੀਲੇ ਅਤੇ ਭੜਕੀਲੇ ਕੱਪੜਿਆਂ ਵਿੱਚ ਅਖਾੜੇ ’ਚ ਆਈ ਤਾਂ ਲਲਕਾਰੇ ਵੱਜਣੇ ਸ਼ੁਰੂ ਹੋ ਗਏ। ਉਸਦੇ ਠੁਮਕਿਆਂ ਨੇ ਸਭ ਨੂੰ ਕੀਲ ਲਿਆ। ਦਰਸ਼ਕ ਅਤੇ ਸਰੋਤੇ ਮੱਟਾਂ ਦੇ ਮੱਟ ਦਾਰੂ ਦੇ ਪੀ ਗਏ।

ਪਿਛਲੇ ਸਾਲ ਤਾਂ ਮਲੇਰਕੋਟਲੇ ਵਾਲ਼ਾ ਨੂਰ ਮੁਹੰਮਦ ਆਇਆ ਸੀ। ਪਰ ਇਸ ਵਾਰ ਸੱਭਾ ਦੇ ਆਉਣ ਨਾਲ਼ ਮੇਲੇ ਦੀ ਰੌਣਕ ਪਹਿਲਾਂ ਨਾਲ਼ੋਂ ਦੁੱਗਣੀ-ਚੌਗੁਣੀ ਹੋ ਗਈ।

ਬਾਰਾਂ ਵਜੇ ਤਕ ਅਖਾੜਾ ਚੱਲਿਆ। ਲੋਕ ਆਪਣੇ ਗੀਝੇ ਖ਼ਾਲੀ ਕਰਕੇ ਘਰਾਂ ਨੂੰ ਤੁਰ ਗਏ।

———

ਸੋਲ਼ਾਂ ਅਗਸਤ ਦੀ ਸਵੇਰ ਤਕ, ਕਿਰਤੀ ਲੋਕ ਤਾਂ ਆਪਣੇ ਕੰਮਾਂ ਨੂੰ ਜਾ ਚਿੰਬੜੇ ਪਰ ਵਿਹਲੜ ਅਤੇ ਬਜ਼ੁਰਗ ਸੱਥ 'ਚ ਰੌਸ਼ਨੀ ਦੇ ਮੇਲੇ ਦੀ ਚਰਚਾ ਕਰਨ ਲੱਗੇ–

"ਐਤਕੀ ਤਾਂ ਬਈ ਭੀੜ ਈ ਬਹੁਤ ਸੀ।"

"ਹੂੰ ... ਤਿਲ ਸੁੱਟਣ ਨੂੰ ਵੀ ਥਾਂ ਨੀ ਸੀ।"

"ਮੱਲਾਂ ਨੇ ਵੀ ਬੜਾ ਰੰਗ ਬੰਨ੍ਹਿਆਂ।"

"ਮੰਡੇਰ ਆਲ਼ਾ ਮੱਲ ਤਾਂ ਬੜਾ ਹੀ ਕਮਾਲ ਦਾ ਸੀ !"

"ਦੇਖ ਲੋ ਫਿਰ ! ਪਤੰਦਰ ਧਰਤੀ 'ਤੇ ਹੀ ਸਾਪਲ਼ ਕੇ ਬੈਠ ਗਿਆ !"

"ਮੰਢਾਲੀ ਆਲ਼ੇ ਮੱਲ ਦੀ ਤਾਂ ਜਮ੍ਹਾਂ ਈ ਘੀਸੀ ਕਰਾਤੀ। ਉਹ ਵੀ ਥਾਪੀਆਂ ਜੀਆਂ ਵਾਹਵਾ ਮਾਰਦਾ ਫਿਰਦਾ ਸੀ।"

"ਵੇਖ ਲੋ ਫਿਰ, ਮਾਰ ਕੇ ਪਲਟੀ.... ਕੈਂਅ੍ਹਦੇ-ਕਹੌਂਦੇ ਖੱਬੀਖਾਨ ਦੀ ਢੂੰਈ ਲਾ 'ਤੀ।"

"ਸੱਭਾ ਕੰਜਰੀ ਨੇ ਬੀ ਚੰਗਾ ਰੰਗ ਬੰਨ੍ਹਿਆ।"

"ਹੀਰ ਦੀ ਵਿਥਿਆ ਕੀ ਤੋਰੀ !!! ਆਹ ਹਾ ...ਹਾ...ਹਾ... ਧਰਮ ਨਾਲ਼ ਐਂ ਲੱਗੇ, ਜਿਵੇਂ ਹੀਰ ਆਪ ਹੀ ਤੁਰੀ ਫਿਰਦੀ ਐ।"

"ਪਿਛਲੇ ਸਾਲ ਆਲ਼ਾ ਨੀਰੂ ਤਾਂ ਕੁਸ਼ ਨੀ ਸੀ ਕੋਹੜੀ। ਊਂਈਂ ਹਾਏ-ਬੂਹ ਕਰੀਂ ਗਿਆ, ਉਹ ਤਾਂ।"

"ਕਲਾਕਾਰ ਤਾਂ ਉਹ ਵੀ ਮਾੜਾ ਨੀ, ਪਰ ਉਹਦੇ ਤੋਂ ਭਾਈ ਸੱਭਾ ਮਾਂਗੂ ਠੁਮਕੇ ਜੇ ਨੀ ਲੱਗਦੇ। ਸੱਭਾ ਨੇ ਠੁਮਕਿਆਂ ਨਾਲ਼ ਕੀਲ ਲਿਆ ਸਭ ਨੂੰ। ਬਸ ! ਆਹ ਫਰਕ ਆ। ਰਤਾ ਝੂਠ ਨੀ।"

ਤਿੱਖੜ ਦੁਪਹਿਰ ਤਕ ਰੌਸ਼ਨੀ ਦੇ ਮੇਲੇ ਦੀਆਂ ਤਕਰੀਰਾਂ ਚੱਲਦੀਆਂ ਰਹੀਆਂ।

"ਲੈ ਬਈ ਜਬਰਿਆ, ਤੂੰ ਵੀ ਸੁਣਾ ਦੇ ਹੁਣ ਕੁਸ਼।" ਜਬਰੇ ਨੂੰ ਜਦ ਸੱਥ ਵਿਚਲੇ ਬਜ਼ੁਰਗਾਂ ਨੇ ਹੱਲਾ-ਸ਼ੇਰੀ ਦਿੱਤੀ, ਉਸਨੇ ਵੀ ਹੇਕ ਲਾ ਦਿੱਤੀ –

"ਕੁਝ ਦਿਨ ਖੇਡ ਲੈ,
ਮੌਜਾਂ ਮਾਣ ਲੈ,
ਉਏ ਤੈਂ ਭੱਜ ਜਾਵਣਾ...
ਤੈਂ ਟੁੱਟ ਜਾਵਣਾ...
ਉਏ ਕੰਗਣਾਂ ਕੱਚ ਦਿਆ....
ਓ...ਹੋ...ਓ...ਹੋ....ਓ ਹੋਅਅਅਅ ।"

ਜਬਰੇ ਦੀ ਕਲੀ ਖ਼ਤਮ ਹੋ ਗਈ ਸੀ। ਖੁਡਾਲ ਵਾਲ਼ੇ ਰਾਹ ਤੋਂ ਇੱਕ ਮੁੜ੍ਹਕੋ-ਮੁੜ੍ਹਕੀ ਹੋਇਆ ਪਾਂਧੀ ਤੁਰਿਆ ਆਉਂਦਾ ਸੀ। ਆਉਂਦਾ-ਆਉਂਦਾ ਸੱਥ 'ਚ ਸਭ ਨੂੰ ਸਲਾਮ-ਦੁਆ ਕਰਕੇ ਰੁਕ ਗਿਆ। ਉਸਨੂੰ ਜਬਰੇ ਦੀ ਦਮਦਾਰ ਆਵਾਜ਼ ਨੇ ਰੋਕ ਲਿਆ ਜਾਂ ਫਿਰ ਭਾਦੋਂ ਦੀ ਭੜਦਾਅ ਨੇ ਮੱਤ ਮਾਰ ਦਿੱਤੀ ਹੋਣੀ।

"ਕਿੱਧਰੋਂ ਆਇਐਂ ਤੇ ਕਿੱਧਰ ਜਾਨੈ ਖਾਨ ਸਾਹਬ ?" ਚੌਂਕੜੀ ਕੋਲ਼ ਆ ਕੇ ਬੈਠ ਰਹੇ ਮੁਸਲਮਾਨ ਪਾਂਧੀ ਨੂੰ, ਇੱਕ ਵਿਸਾਖੇ ਨੇ ਪੁੱਛਿਆ।

"ਆਇਆ ਤਾਂ ਬਹੁਤ ਦੂਰੋਂ ਆਂ।" ਉਸਨੇ ਮੋਢੇ ਰੱਖੇ ਪਰਨੇ ਨਾਲ਼ ਮੂੰਹ ਪੂੰਝਿਆ।

"ਦੂਰੋਂ ਕੀ ਲਾਹੌਰ ਤੋਂ ਆਇਐਂ !" ਜਬਰਾ ਬੋਲੇ ਬਿਨਾਂ ਨਾ ਰਹਿ ਸਕਿਆ।

"ਲਾਹੌਰ ਤੋਂ ਹੀ ਸਮਝੋ। ਬਾਲਿਆਂ ਆਲ਼ੀ ਤੋਂ ਆਇਐਂ।"

"ਅੱਗੇ ਕਿੱਥੇ ਜਾਣੈ, ਸ਼ੇਰਾ ?" ਚਿੱਟੀ ਦਾੜ੍ਹੀ ਵਾਲ਼ੇ ਬਜ਼ੁਰਗ ਨੇ ਅਗਲਾ ਟਿਕਾਣਾ ਪੁੱਛਿਆ।

"ਕਾਲੀਏ ਜਾਣੈ, ਲੀਲਾ ਖਾਨ ਨਾਂ ਐ ਮੇਰਾ।" ਨਾਂ ਉਸਨੇ ਬਿਨਾਂ ਪੁੱਛਿਆਂ ਹੀ ਦੱਸ ਦਿੱਤਾ।

"ਫਿਰ ਤਾਂ ਖਿੱਚ ਲੀ ਵਾਟ, ਆਹ ਸਾਹਮਣੇ ਕਾਲੀਆ।" ਜਬਰੇ ਨੇ ਉਹਨੂੰ ਹੌਸਲਾ ਦਿੱਤਾ।

"ਆਹ 'ਜਾਦੀ-ਜੂਦੀ ਸੋਡੇ ਆਲ਼ੇ ਪਾਸੇ ਵੀ ਆਈ ਐ, ਬਾਈ ?" ਇੱਕ ਸਿੱਧਰੇ ਜਿਹੇ ਬੰਦੇ ਨੇ ਉਹਨੂੰ ਸਵਾਲ ਕੀਤਾ।

"ਕਿਹੜੀ 'ਜਾਦੀ ! ਉਧਰ ਤਾਂ ਮਾਹੌਲ ਖਰਾਬ ਐ। ਸਿਆਣੇ ਮੁਸਲਮਾਨ ਤਾਂ ਪਿੰਡ ਛੱਡਣ ਲੱਗਪੇ।"

"ਐਂ ਕੀ ਹੋ ਗਿਆ ਜਵਾਨ ! ਭੜਿਆ, ਗੱਲ ਖੋਲ੍ਹ ਕੇ ਦੱਸ।" ਵਿਸਾਖੇ ਨੇ ਉਸਦੇ ਮੋਢੇ 'ਤੇ ਹੱਥ ਰੱਖ ਪੁੱਛਣਾ ਚਾਹਿਆ।

ਉਸਦੀਆਂ ਗੱਲਾਂ ਸੁਣਨ ਲਈ ਸਭ ਸ਼ਾਂਤ ਹੋ ਕੇ ਬੈਠ ਗਏ।

"ਆਹ ਅੰਗਰੇਜਾਂ ਨੇ ਸਿਆਪਾ ਪਾਇਐ, ਸਾਡੇ ਲਈ ਵੱਖਰਾ ਮੁਲਕ ਬਣਾਤਾ।" ਖਾਨ ਨੇ ਆਪਣੀ ਚਿੰਤਾ ਦਾ ਕਾਰਨ ਦੱਸਿਆ।

"ਫਿਕਰ ਨਾ ਕਰੋ ਖਾਨ ਸਾਹਬ, ਆਪੇ ਟਿਕ-ਟਿਕਾਅ ਹੋਜੂ। ਦੋ-ਚਾਰ ਦਿਨ ਹਲਾ ਉਏ, ਹਲਾ ਉਏ ਹੁੰਦੀ ਐ। ਅਸੀਂ ਤਾਂ ਆਹ ਬੈਠੇ ਆਂ, ਠਾਠ ਨਾਲ਼।" ਜਬਰਾ ਬੋਲਿਆ। ਜਬਰਾ ਵੀ ਮੁਸਲਮਾਨ ਹੀ ਹੈ।

"ਦੋ ਰਾਤਾਂ ਹੋ ਗਈਆਂ, ਮੈਂ ਚੱਜ ਨਾਲ਼ ਸੁੱਤਾ ਨੀ। ਸਰਦਾਰਾਂ ਨੇ ਸਾਨੂੰ ਪਿੰਡੋਂ 'ਜਾੜਤਾ। ਸਾਡੇ ਪੱਲੇ ਕੱਖ ਨੀ ਰਿਹਾ।" ਆਖਦਿਆਂ ਉਸਦੀਆਂ ਅੱਖਾਂ 'ਚ ਪਾਣੀ ਛਲਕ ਪਿਆ।

"ਮਨ ਭਾਰਾ ਨਾ ਕਰ। ਬੰਦੇ ਦੀ ਸੁੱਖ ਚਾਹੀਦੀ ਐ। ਸਭ ਠੀਕ ਹੋਜੂ।" ਉਸਦੇ ਕੋਲ਼ ਬੈਠੇ ਸਿਆਣੇ ਬਜ਼ੁਰਗ ਨੇ ਉਸਨੂੰ ਦਿਲਾਸਾ ਦਿੱਤਾ।

"ਆਪਣੇ ਤਾਂ ਕੋਈ ਡਿੱਕਤ ਨੀ, ਸਾਰੇ ਹੱਸਦੇ-ਖੇਡਦੇ ਫਿਰਦੇ ਨੇ ਕੰਮ ਕਰਦੇ। ਸਾਡੇ ਆਲ਼ੇ ਸਰਦਾਰ ਨੀ ਕੁਸਕਦੇ ਮਜਾਰਿਆਂ ਮੂਹਰੇ।" ਜਬਰਾ ਮੁਲਕ ਵੰਡੇ ਜਾਣ ਤੋਂ ਅਜੇ ਤਕ ਬੇਪਰਵਾਹ ਸੀ।

"ਕਿਤੇ ਗਪੌੜ ਤਾਂ ਨੀ ਮਾਰਦਾ!" ਦੇਸੂ ਚਮਾਰ ਨੂੰ ਲੀਲਾ ਖਾਨ ਤੇ ਯਕੀਨ

ਨਹੀਂ ਸੀ। ਆਜ਼ਾਦੀ ਦੀਆਂ ਅਜੀਬੋ-ਗਰੀਬ ਗੱਲਾਂ ਦੀ ਚੱਸ ਉਸ ਨੂੰ ਸੱਥ ਵਿੱਚ ਖਿੱਚ ਲਿਆਉਂਦੀ ਹੈ।

"ਚੰਗਾ ਬੀ ਸੰਗਤੇ, ਦਿਓ ਆਗਿਆ।" ਦੁਪਹਿਰ ਢਲੀ ਵੇਖ ਉਹਨੇ ਜਾਣ ਵਿੱਚ ਹੀ ਸਿਆਣਪ ਸਮਝੀ।

"ਰੋਟੀ-ਟੁੱਕਰ ਤਾਂ ਭੁੱਲ ਹੀ ਗਏ। ਅੰਨ-ਜਲ ਵੀ ਛਕਜਾ ਭਾਈ।" ਵਿਸਾਖੇ ਨੇ ਰੋਟੀ ਦੀ ਸੁਲਾ ਮਾਰੀ।

ਪਰ ਉਹ "ਰੱਬ ਬਹੁਤਾ ਦੇਵੇ" ਆਖ ਕਾਲੀਏ ਦੇ ਰਾਹ ਪੈ ਗਿਆ।

———

ਬਾਲਿਆਂ ਵਾਲ਼ੀ ਦੇ ਲੀਲਾ ਖਾਨ ਨੇ ਕਾਲੀਏ ਜਾ ਕੇ ਵੇਖਿਆ, ਪਿੰਡ ਰੰਗਾਂ 'ਚ ਵੱਸਦਾ ਸੀ, ਸੱਚਮੁੱਚ ਹੀ ਕੋਈ ਦਿੱਕਤ ਹੀ ਨਹੀਂ ਸੀ। ਟਿਕ-ਟਿਕਾਅ ਵੇਖ ਕੇ ਖਾਨ ਹੈਰਾਨ ਹੋਇਆ। ਉਸਨੇ ਵੇਖਿਆ, ਮਾਲਵੇ ਦੇ ਅਖ਼ੀਰਲੇ ਪਿੰਡ ਅਜੇ ਅੱਗ ਦੀ ਲਪੇਟ 'ਚ ਨਹੀਂ ਸੀ ਆਏ।

ਮਗ਼ਰਿਬ (ਨਮਾਜ਼-ਏ-ਸ਼ਾਮ) ਦਾ ਵਕਤ ਹੋਇਆ ਤਾਂ ਸਾਰੇ ਮੁਸਲਮਾਨ ਮਸੀਤ 'ਚ ਇਕੱਠੇ ਹੋ ਗਏ। ਨਮਾਜ਼ ਤੋਂ ਬਾਅਦ ਲੀਲਾ ਖਾਨ ਆਪਣੀ ਵਿਥਿਆ ਸੁਣਾਉਣ ਲੱਗ ਪਿਆ।

"ਸਰਦਾਰਾਂ ਨੇ ਸਾਰੇ ਮੁਸਲਮਾਨਾਂ ਨੂੰ ਪਿੰਡੋਂ 'ਜਾੜਤਾ। ਤੁਸੀਂ ਹੱਥ 'ਤੇ ਹੱਥ ਧਰੀ ਬੈਠੇ ਓਂ। ਸੋਡਾ ਖ਼ੂਨ ਕਿਉਂ ਨੀ ਖੌਲਦਾ !"

"ਅਸੀਂ ਕੀ ਕਰੀਏ ! ਤੂੰ ਦੱਸਦੇ ਭਾਈ, ਸਾਨੂੰ ਤਾਂ ਕੋਈ ਤਕਲੀਫ ਨੀ।" ਸਾਰੇ ਬੋਲੇ।

"ਕੁਰਾਨ 'ਤੇ ਹੱਥ ਧਰਕੇ ਕਸਮ ਖਾਓ, ਪਿੰਡ 'ਚ ਕੋਈ ਸਿੱਖ-ਹਿੰਦੂ ਬਚਣਾ ਨੀ ਚਾਹੀਦਾ। ਸੁੱਤੇ ਪਿਆਂ ਦੇ ਕਰ ਦਿਓ ਡੱਕਰੇ।" ਗੱਜੂ ਦੇ ਘਰ ਬੈਠ ਕੇ ਬਣਾਈ ਵਿਉਂਤ ਮੁਤਾਬਕ, ਗੱਜੂ ਖਾਨ ਨੇ ਮੌਲਵੀ ਦੇ ਹੱਥੋਂ ਕੁਰਾਨ-ਸ਼ਰੀਫ਼ ਫੜ ਕੇ ਸਾਰਿਆਂ ਦੇ ਅੱਗੇ ਕਰ ਦਿੱਤੀ।

ਗੱਜੂ ਖਾਨ ਕਾਲੀਏ ਦਾ ਛਟਿਆ ਬਦਮਾਸ਼ ਹੈ। ਹਰ ਸਮੇਂ ਲੜਾਈ ਮੁੱਲ ਲੈਣ ਲਈ ਤਿਆਰ ਰਹਿੰਦੈ। ਪਿੰਡ ਦੀ ਕੋਈ ਤੀਵੀਂ ਤਾਂ ਕੀ, ਉਸ ਨੂੰ ਕੋਈ ਮਰਦ ਵੀ ਮੂੰਹ ਨੀ ਲਾਉਂਦਾ। ਗੁੱਜਰਾਂ ਨਾਲ਼ ਤਾਂ ਉਸਦਾ ਇੱਟ-ਕੁੱਤੇ ਦਾ ਵੈਰ ਹੈ। ਕਾਰਨ - ਪਿਛਲੇ ਵਰ੍ਹੇ ਦੀ ਗੱਲ ਹੈ। ਗੱਜੂ ਸਧਾਣੀ ਤੋਂ ਗਊ ਦਾ ਮਾਸ ਲਿਆ ਕੇ ਵੇਚਣ ਲੱਗਾ। ਗੱਲ ਹੌਲ਼ੀ-ਹੌਲ਼ੀ ਬੇਪਰਦ ਹੋ ਗਈ। ਗੁੱਜਰਾਂ ਨੇ ਇਕੱਠੇ ਹੋ ਕੇ ਇਸ ਗੱਲ ਦਾ ਵਿਰੋਧ ਕੀਤਾ। ਸਤੀਆ ਰਾਮ ਹਲੀਮੀ ਨਾਲ਼ ਬੋਲਿਆ -

"ਗੱਜੂ ਖਾਨ ! ਇਹ ਕੰਮ ਠੀਕ ਨੀ। ਤੂੰ ਬੰਦਾ ਬਣਜਾ। ਸਾਡੇ ਧਰਮ ਦੇ ਵਿਰੁੱਧ ਐ, ਇਹ ਸਭ।"

ਗੱਜੂ 'ਤੇ ਅਸਰ ਤਾਂ ਕੀ ਹੋਣਾ ਸੀ, ਸਗੋਂ ਉਲਟਾ ਗੁੱਜਰਾਂ ਨੂੰ ਹੀ ਭੱਜ-ਭੱਜ ਪਏ -"ਮਾਸ ਮਿੱਟੀ ਮੈਂ ਖਾਨੈ, ਥੋਡਾ ਕੀ ਢਿੱਡ ਦੁੱਖਦੈ !"

ਹੋਰ ਤਾਂ ਹੋਰ, ਮੌਲਵੀ ਵੀ ਗੱਜੂ ਦੇ ਪੱਖ 'ਚ ਆ ਖਲੋਇਆ। ਉਹ ਤਾਂ ਹਿੰਦੂ ਧਰਮ ਦੀਆਂ ਧੱਜੀਆਂ ਉਡਾਉਣ ਲੱਗਾ– "ਥੋਡਾ ਧਰਮ ਤਾਂ ਨਿਰਾ ਪਾਖੰਡ ਐ ਤੇ ਸਾਡਾ ਧਰਮ ਪਾਕ–ਪਵਿੱਤਰ।"

"ਮੌਲਵੀ ਜੀ, ਸੋਚ–ਸਮਝ ਕੇ ਬੋਲੋ।" ਸਾਰੇ ਪਿੰਡ ਨੇ ਨਸੀਹਤ ਦਿੱਤੀ।

ਪਰ ਮੌਲਵੀ ਦੇ ਕੰਨ 'ਤੇ ਜੂੰ ਨਾ ਸਰਕੀ। ਉਹ ਵੀ ਉਲਟਾ ਬੋਲਿਆ – "ਤੁਸੀਂ ਕਰਲੋ ਜੋ ਕਰਨਾ।"

ਪਾਣੀ ਸਿਰੋਂ ਲੰਘਿਆ ਵੇਖ, ਗੁੱਜਰ ਇਕੱਠੇ ਹੋ ਕੇ ਚੋਟੀਆਂ ਚੌਂਕੀ ਜਾ ਪੁੱਜੇ। ਜਾ ਕੇ ਸਾਰੀ ਹਕੀਕਤ ਦੱਸੀ। ਪੁਲਿਸ ਨੇ ਮੌਲਵੀ ਤੇ ਗੱਜੂ ਨੂੰ ਤਿੰਨ ਦਿਨ ਚੌਂਕੀ 'ਚ ਰੱਖਿਆ, ਪਿੰਡ ਦੀ ਪੰਚਾਇਤ ਦੇ ਸਾਹਮਣੇ ਪੰਜ–ਪੰਜ ਡੰਡ ਬੈਠਕਾਂ ਕਢਵਾਈਆਂ। ਫਿਰ ਕਿਤੇ ਜਾ ਕੇ ਉਨ੍ਹਾਂ ਦਾ ਛੁਟਕਾਰਾ ਹੋਇਆ।

ਵਿਰੋਧ ਦੀ ਭਾਵਨਾ ਗੱਜੂ ਤੇ ਮੌਲਵੀ ਦੇ ਅੰਦਰ ਕਦੋਂ ਦੀ ਦੱਬੀ ਪਈ ਸੀ। ਉਹ ਢੁਕਵੇਂ ਸਮੇਂ ਦੀ ਤਾਕ 'ਚ ਸਨ। ਹੁਣ ਉਹ ਮੁਸਲਮਾਨਾਂ ਤੇ ਪਖੀਰਾਂ ਨੂੰ ਵਰਤ ਕੇ ਆਪਣਾ ਮਸਲਾ ਹੱਲ ਕਰਨਾ ਚਾਹੁੰਦੇ ਸੀ। ਗੱਜੂ ਆਪਣੇ ਰਿਸ਼ਤੇਦਾਰ ਲੀਲਾ ਖਾਨ ਦੀ ਹਮਾਇਤ 'ਤੇ ਸੀ। ਜਦ ਉਸਨੇ ਹਿੰਦੂਆਂ–ਸਿੱਖਾਂ 'ਤੇ ਹਮਲੇ ਦੀ ਗੱਲ ਕੀਤੀ ਤਾਂ ਵਿੱਚੋਂ ਨਵਾਬ ਬੋਲ ਪਿਆ – "ਕਿਉਂ ਕਮਲ਼ ਮਾਰਦੈਂ ! ਏਨ੍ਹਾਂ ਦਾ ਕੀ ਕਸੂਰ ਐ ?"

"ਤੇ ਸਾਡੇ ਭਰਾਵਾਂ ਦਾ ਕੀ ਕਸੂਰ ਸੀ ! ਤੈਨੂੰ ਪਤੈ !! ਸਾਡੇ ਵਾਲ਼ੇ ਪਾਸੇ ਕੀ ਹੋਈ ਜਾਂਦੈ ? ਸਾਡੀਆਂ ਜਨਾਨੀਆਂ ਨੂੰ ਨੰਗੀਆਂ ਕਰਕੇ ਮਾਰੀ ਜਾਂਦੇ ਨੇ। ਦੋ ਮੁੰਡੇ ਕੌਡੀ–ਬਾਡੀ ਖੇਡੀ ਜਾਂਦੇ ਸੀ, ਜਦ ਪਤਾ ਲੱਗਿਆ ਮੁਸਲਮਾਨਾਂ ਦੇ ਨੇ, ਤਾਂ ਨੇੜਲੇ ਪਿੰਡ ਵਾਲ਼ਿਆਂ ਨੇ ਭਜਾ–ਭਜਾ ਮਾਰ 'ਤੇ।" ਲੀਲਾ ਖਾਨ ਅੱਗ ਬੁਝਣ ਨਹੀਂ ਸੀ ਦੇਣੀ ਚਾਹੁੰਦਾ।

"ਉਏ ਭਾਈ, ਇਹ ਵੀ ਤਾਂ ਆਪਣੇ ਹੀ ਭੈਣ–ਭਰਾ ਨੇ। ਸਾਰੀ ਉਮਰ ਦੇ ਦੁੱਖ–ਸੁੱਖ ਦੇ ਸਾਂਝੀ। ਅੱਜ ਤੁਸੀਂ ਆਪਣੀਆਂ ਹੀ ਜੜ੍ਹਾਂ ਵੱਢੋਂਗੇ।" ਨਵਾਬ ਨੇ ਸਮਝਾਉਣ ਦਾ ਯਤਨ ਕੀਤਾ।

"ਹਾਂ ਵੱਢਾਂਗੇ। ਜੇ ਕੋਈ ਰਾਹ 'ਚ ਆਇਆ ਹਮੈਤ ਕਰਨ, ਛੱਡਦੇ ਉਹਨੂੰ ਵੀ ਨੀ।" ਮੌਲਵੀ ਨੇ ਹਿੱਕ ਥਾਪੜ ਕੇ ਧਰਮ ਦੀ ਰੱਖਿਆ ਲਈ, ਤਬਾਹੀ ਦੀ ਹਾਮੀ ਭਰੀ।

"ਕੁਰਾਨ ਦੀ ਸਹੁੰ ਚੱਕੋ, ਨਹੀਂ ਹਾਲ ਥੋਡਾ ਵੀ ਮਾੜਾ ਹੋਊ। ਏਥੇ ਕਿਸੇ ਨੇ ਨੀ ਰਹਿਣ ਦੇਣਾ ਥੋਨੂੰ।" ਗੱਜੂ ਲਗਾਤਾਰ ਭੀੜ ਨੂੰ ਪ੍ਰਭਾਵਿਤ ਕਰਦਾ ਜਾ ਰਿਹਾ ਸੀ।

ਨਵਾਬ ਤਾਂ ਬੇਚੈਨ ਹੋਇਆ ਭੀੜ 'ਚੋਂ ਉੱਠ ਕੇ ਘਰ ਨੂੰ ਆ ਗਿਆ।

ਬੇਚੈਨ ਜਿਹੇ ਨੂੰ ਘਰ ਆਇਆ ਵੇਖ ਸੁਲਤਾਨਾ ਬੋਲੀ– "ਚਿੰਤਾ 'ਚ ਲੱਗਦੇ ਓ !"

"ਗੱਲ ਹੀ ਚਿੰਤਾ ਵਾਲ਼ੀ ਐ।" ਨਵਾਬ ਦੇ ਮੱਥੇ 'ਤੇ ਵੱਖਰੀ ਕਿਸਮ ਦਾ ਪਸੀਨਾ ਟਪਕ ਰਿਹਾ ਸੀ।

"ਕੀ ਹੋ ਗਿਆ ? ਸੁੱਖ ਤਾਂ ਹੈ ?" ਸੁਲਤਾਨਾ ਦੀ ਵੀ ਤਾਂ ਚਿੰਤਾ ਵਧ ਰਹੀ ਸੀ।

ਸੁਲਤਾਨਾ ਦੇ ਪੁੱਛਣ 'ਤੇ, ਨਵਾਬ ਨੇ ਕੋਲ਼ ਬਿਠਾ ਕੇ ਉਸਨੂੰ ਸਾਰੀ ਵਿਥਿਆ ਸੁਣਾਈ। ਸੁਣ ਕੇ ਸੁਲਤਾਨਾ ਹੈਰਾਨ ਤੇ ਪ੍ਰੇਸ਼ਾਨ ਹੋ ਗਈ।

"ਬੇੜਾ ਬੈਠੀ ਆਲ਼ੇ ! ਆਪਾਂ ਪਿੰਡ ਦੀ ਰੱਖਿਆ ਕਰਨੀ ਐ।" ਸੁਲਤਾਨਾ ਨੇ ਵੀ ਚੰਗੇ ਕੰਮ ਲਈ ਨਵਾਬ ਦੀ ਹਾਮੀ ਭਰੀ।

"ਆਪਾਂ ਏਹ ਜੁਲਮ ਨੀ ਕਰ ਸਕਦੇ, ਸੁਲਤਾਨਾਂ। ਆਪਾਂ ਵੀ ਧੀਆਂ-ਪੁੱਤਾਂ ਵਾਲ਼ੇ ਆਂ।"

"ਤੁਸੀਂ ਗੁਰਮੁਖ ਹੋਰਾਂ ਕੋਲ਼ ਜਾਓ। ਉਹ ਕਰਨਗੇ ਕੋਈ ਹੱਲ।" ਸੁਲਤਾਨਾਂ ਨੇ ਕਾਹਨਗੜ੍ਹ ਜਾਣ ਦੀ ਸਲਾਹ ਦਿੱਤੀ।

"ਮੈਂ ਆਥਣੇ ਜਾ ਕੇ ਆਊਂ। ਸੁਲਤਾਨ ਹੋਰਾਂ ਦਾ ਧਿਆਨ ਰੱਖੀਂ।" ਨਵਾਬ ਵੀ ਸਮਝ ਗਿਆ ਸੀ, ਹੱਲ ਤਾਂ ਕਾਹਨਗੜ੍ਹ ਜਾ ਕੇ ਹੀ ਹੋਣਾ ਹੈ।

ਸੂਰਜ ਢਲ਼ ਗਿਆ ਸੀ।

ਸੰਘਣਾ ਹਨ੍ਹੇਰਾ ਹੋਣ ਤੋਂ ਪਹਿਲਾਂ, ਨਵਾਬ ਸਿਰ 'ਤੇ ਮੂਕਾ ਲਪੇਟਦਾ, ਕਾਹਨਗੜ੍ਹ ਨੂੰ ਚੱਲ ਪਿਆ। ਉਸਦੇ ਕਾਹਲ਼ੇ ਕਦਮ ਇੱਕ-ਦੂਜੇ ਨੂੰ ਵੀ ਰਲ਼ਣ ਹੀ ਨਹੀਂ ਸੀ ਦੇ ਰਹੇ।

ਪਿੰਡ ਦੇ ਰਾਹੀ-ਪਾਂਧੀ ਅਤੇ ਕੰਮੀ ਉਸ ਦੇ ਕੋਲ਼ ਦੀ ਲੰਘੇ, ਉਸਨੇ ਮੂੰਹ ਲਪੇਟ ਲਿਆ ਤਾਂ ਜੋ ਕਿਸੇ ਨੂੰ ਭਿਣਕ ਨਾ ਪੈ ਜਾਵੇ। ਉਹ ਅਜੇ ਪਿੱਪਲ ਵਾਲ਼ੇ ਟੋਭੇ ਕੋਲ਼ ਹੀ ਪਹੁੰਚਿਆ ਸੀ, ਜਾਖਲ ਵਾਲ਼ੇ ਪਾਸਿਓਂ ਗੱਡੀ ਕੂਕਾਂ ਮਾਰਦੀ ਆ ਰਹੀ ਸੀ। ਨਵਾਬ ਦਾ ਦਿਲ ਕੀਤਾ, ਉਹ ਗੱਡੀ ਤੋਂ ਵੀ ਕਾਹਲ਼ੀ ਨਾਲ਼ ਅੱਗੇ ਲੰਘ ਜਾਵੇ, ਗੁਰਮੁਖ ਨੂੰ ਜਾ ਮਿਲੇ, ਸਭ ਕੁੱਝ ਉਸ ਨੂੰ ਛੇਤੀ ਦੱਸ ਦੇਵੇ।

ਜਿਵੇਂ ਹੀ ਗੱਡੀ ਉਸ ਕੋਲ਼ ਦੀ ਲੰਘੀ, ਉਸਦੀ ਲੂੰਗੀ ਉੱਡ-ਉੱਡ ਜਾਵੇ। ਉਸ ਨੇ ਪਟੜੀ ਤੋਂ ਉਲਟ ਦਿਸ਼ਾ ਵੱਲ ਮੂੰਹ ਕਰਕੇ ਆਪਣੀ ਲੂੰਗੀ ਨੂੰ ਉੱਡਣੋ ਰੋਕਿਆ। ਰੇਲ ਦੇ ਲੰਘਣ ਤਕ ਉਹ ਪਾਸਾ ਵੱਟੀ ਖੜ੍ਹਾ ਰਿਹਾ, ਜਿਵੇਂ ਕੋਈ ਪਾਂਧੀ ਤੇਜ਼ ਝੱਖੜ ਵਿੱਚ ਫਸ ਜਾਣ 'ਤੇ ਰੁਕ ਜਾਂਦਾ ਹੈ ਉਹ ਝੱਖੜ ਦੇ ਲੰਘ ਜਾਣ ਦੀ ਉਡੀਕ ਕਰਦਾ ਹੈ।

ਗੱਡੀ ਤਾਂ ਕਦੋਂ ਦੀ ਲੰਘ ਗਈ ਸੀ। ਹੁਣ ਉਸਦੀ ਨਜ਼ਰ ਪਿਛਾਂਹ ਆਪਣੇ ਪਿੰਡ ਵੱਲ ਟਿਕੀ। ਉਹ ਪਿੰਡ 'ਚੋਂ ਭਵਿੱਖ ਦੀ ਤਸਵੀਰ ਵੇਖਣ ਲੱਗਾ। ਸੋਚ ਰਿਹਾ ਸੀ - "ਕੱਲ੍ਹ ਤਕ ਤਾਂ ਪਿੰਡ ਤਹਿਸ-ਨਹਿਸ ਹੋ ਜਾਵੇਗਾ ਪਰ .... ਨਹੀਂ .... ਨਹੀਂ .... ਮੈਂ ਪਿੰਡ ਨੂੰ ਬਚਾਉਣਾ ਹੈ। ਆਖ਼ਰ ਗੁੱਜਰ ਹੋਰ ਮੇਰੇ ਭਾਈ ਨੇ।"

ਉਹ ਕਾਹਨਗੜ੍ਹ ਪਿੰਡ 'ਚ ਵੜ ਗਿਆ। ਉਸਦੇ ਅੱਗੇ-ਪਿੱਛੇ ਕਿੰਨੇ ਹੀ

ਬੰਦੇ ਗੁਜ਼ਰ ਰਹੇ ਸੀ। ਕਈ ਪੁਰਾਣੇ ਲਿਹਾਜ਼ੀ ਉਸਨੂੰ ਬੁਲਾ ਕੇ ਵੀ ਲੰਘੇ। ਉਸਨੇ ਸਿਰਫ 'ਹੂੰ-ਹਾਂ' ਹੀ ਕੀਤੀ। ਜ਼ਿਆਦਾ ਹੁੰਗਾਰਾ ਨਾ ਭਰਿਆ। ਸੋਚਾਂ ਦੀ ਗਹਿਰਾਈ 'ਚ ਗੁਆਚੇ ਨਵਾਬ ਨੂੰ ਪਤਾ ਹੀ ਨਾ ਲੱਗਾ, ਕਦ ਗੁਰਮੁਖ ਦੇ ਬੂਹੇ 'ਤੇ ਜਾ ਪਹੁੰਚਿਆ। ਤਖਤੇ 'ਤੇ ਠੱਕ-ਠੱਕ ਕੀਤੀ। ਪੰਜਾਬੇ ਨੇ ਦਰਵਾਜ਼ਾ ਖੋਲ੍ਹਿਆ ਹੀ ਸੀ, ਬੂਹੇ 'ਤੇ ਖੜ੍ਹੇ ਨਵਾਬ ਨੇ ਪੁੱਛਿਆ - "ਤੇਰਾ ਬਾਪੂ ?"

"ਰੋਟੀ ਖਾਈਂ ਜਾਂਦੈ। ਆ ਜਾ ਚਾਚਾ....ਅੰਦਰੇ ਆ ਜਾ।"

ਨਵਾਬ ਅੰਦਰ ਲੰਘ ਆਇਆ। ਪੰਜਾਬ ਨੇ ਚਤੁਰਾਈ ਨਾਲ਼ ਪਹਿਲਾਂ ਦੀ ਤਰ੍ਹਾਂ ਤਖਤਾ ਭੇੜਿਆ ਤੇ ਬਾਹਰ ਰਫੀਕ ਹੋਰਾਂ ਨਾਲ਼ 'ਦਾਈ-ਦੁਕੜੇ' ਖੇਡਣ ਚਲਾ ਗਿਆ।

ਗੁਰਮੁਖ ਰੋਟੀ ਖਾ ਕੇ ਕੁਰਲੀ ਕਰ ਰਿਹਾ ਸੀ। ਨਵਾਬ ਚੁੱਪ-ਚਾਪ ਆ ਕੇ ਬੈਠ ਗਿਆ। ਛੰਨੋ ਨੇ ਉਸਦਾ ਚਿਹਰਾ ਪੜ੍ਹ ਲਿਆ, ਚਿਹਰੇ 'ਤੇ ਪਹਿਲਾਂ ਵਾਲ਼ੀ ਰੌਣਕ ਨਹੀਂ ਸੀ।

"ਕੀ ਗੱਲ ਨਵਾਬ ! ਸੁੱਖ ਤਾਂ ਹੈ !! ਐਸ ਵੇਲ਼ੇ ਆਇਐਂ।" ਸੁਆਹ ਨਾਲ਼ ਭਾਂਡੇ ਮਾਂਜਦੀ ਛੰਨੋ ਬੋਲੀ।

"ਹੂੰ.... ਸਭ ਠੀਕ ਐ ਭਾਬੀ।" ਬੋਲ ਕੇ ਉਹ ਫਿਰ ਖਾਮੋਸ਼ ਹੋ ਗਿਆ।

ਉਸ ਨੇ ਜਵਾਬ ਤਾਂ ਦਿੱਤਾ ਪਰ ਬੋਲਾਂ 'ਚ ਜਾਨ ਨਹੀਂ ਸੀ। ਚਿਹਰਾ ਵੀ ਬੁਝੇ ਦੀਵੇ ਵਰਗਾ ਹੋਇਆ ਪਿਆ ਸੀ।

"ਕਿੱਧਰ ਕਵੇਲ਼ੇ ਗੇੜਾ ਮਾਰਿਐ, ਬਾਈ ਨੇ ? ਪਾਣੀ ਵਾਲ਼ੀ ਗੜਵੀ ਕੰਧੋਲ਼ੀ 'ਤੇ ਰੱਖਦਾ ਗੁਰਮੁਖ ਬੋਲਿਆ।

"ਕੀ ਦੱਸਾਂ ਬਾਈ ! ਖਲਾਰਾ ਜਾ ਪੈ ਗਿਆ। ਮੈਨੂੰ ਤਾਂ ਕੁੱਝ ਨੀ ਸੁੱਝ ਰਿਹਾ।"

"ਤੂੰ ਫੁੱਟ ਤਾਂ ਸਹੀ, ਕੋਈ ਢਿੱਲ ਮੱਠ ਤਾਂ ਨੀ।" ਗੁਰਮੁਖ ਵਿਹਲਾ ਹੋ ਕੇ ਉਸਦੇ ਕੋਲ਼ ਹੀ ਬੈਠ ਗਿਆ।

"ਤੈਨੂੰ ਪਤਾ ਹੀ ਐ ਹਾਲਾਤਾਂ ਦਾ। ਪਿੰਡ 'ਚ ਜੋ ਵੀ ਹੋ ਰਿਹੈ, ਠੀਕ ਨਹੀਂ ਹੋ ਰਿਹਾ।" ਨਵਾਬ ਚਿੰਤਤ ਸੀ।

ਦੀਵੇ ਦੀ ਮੱਧਮ ਰੋਸ਼ਨੀ 'ਚ, ਨਵਾਬ ਦਾ ਚਿਹਰਾ ਹੋਰ ਪੀਲ਼ਾ ਦਿਖਾਈ ਦੇਣ ਲੱਗਾ।

"ਮੈਨੂੰ ਵੀ ਦੱਸ ਦੋ, ਦੋਵੇਂ ਭਾਈ ਆਪ ਹੀ ਘੁਸਰ-ਮੁਸਰ ਕਰੀ ਜਾਨੇ ਓਂ।" ਭਾਂਡੇ ਸੰਭਾਲ਼ਦੀ ਛੰਨੋ ਵੀ ਝਿੜਕਾਂ ਲੈ ਰਹੀ ਸੀ।

ਨਵਾਬ ਗੱਲ ਕਰਨ ਲੱਗਾ ਤਾਂ ਛੰਨੋ ਵੀ ਕੋਲ਼ ਪੀੜ੍ਹੀ ਡਾਹ ਕੇ ਬੈਠ ਗਈ। ਉਸਨੇ ਸਾਰੀ ਗੱਲ ਵਿਸਥਾਰ 'ਚ ਦੱਸੀ ਤਾਂ ਛੰਨੋ ਨੇ ਦੰਦਾਂ ਥੱਲੇ ਜੀਭ ਰੱਖ ਲਈ।

"ਏਸ ਅੱਗ ਦਾ ਸੇਕ ਤੇਰੇ ਪਿੰਡ ਤੋਂ ਮੇਰੇ ਪਿੰਡ ਵੀ ਆਊ ... ਮੇਰੇ ਪਿੰਡ ਹੀ ਨਹੀਂ ਆਸ-ਪਾਸ ਦੇ ਪਿੰਡਾਂ ਨੂੰ ਵੀ ਆਪਣੀ ਲਪੇਟ 'ਚ ਲਊ। ਇਹ ਥੋਡੀ ਕੱਲਿਆਂ ਦੀ ਚਿੰਤਾ ਨੀ ਨਵਾਬ, ਸਾਡੀ ਆਪਣੀ ਚਿੰਤਾ ਹੈ।" ਗੁਰਮਖ ਦੀ

ਚੇਤੰਨਤਾ ਭਵਿੱਖ ਦੀ ਤਸਵੀਰ ਬਣਾ ਰਹੀ ਸੀ।

"ਬਾਈ ਮੈਂ ਆਹੀ ਗੱਲ ਕਰਨ ਆਇਆ ਹਾਂ। ਸਾਰੇ ਮੁਸਲਮਾਨ ਕਸਮ ਖਾਈ ਬੈਠੇ ਨੇ। ਕੱਲ੍ਹ ਨੂੰ ਸੁੱਤੇ ਪਿਆਂ 'ਤੇ ਹਮਲਾ ਕਰਨ ਦੀ ਸਕੀਮ ਬਣਾਈ ਬੈਠੇ ਨੇ।" ਨਵਾਬ ਨੇ ਸਾਰੀ ਗੱਲ ਸਾਂਝੀ ਕਰਨ ਤੋਂ ਬਾਅਦ ਕਿਹਾ।

"ਆਪਾਂ ਰਲ਼-ਮਿਲ਼ ਕੇ ਮਸਲੇ ਦਾ ਹੱਲ ਕਰਾਂਗੇ ... ਫਿਕਰ ਨਾ ਕਰੀਂ ਬਾਈ।" ਗੁਰਮੁਖ ਨੇ ਪੂਰਨ ਸਹਿਯੋਗ ਦਾ ਵਾਅਦਾ ਕੀਤਾ।

"ਓ ..ਹੋ....ਹੋ...!! ਵਾਖਰੂ .... ਵਾਖਰੂ ! ਆਹ ਤਾਂ ਜਮ੍ਹਾ ਈ ਨੇਰ੍ਹ ਐ।" ਛੰਨੋ ਦਾ ਦਿਲ ਕੰਬ ਉੱਠਿਆ।

"ਮਾਲਕਾ, ਪਾਪੀਆਂ ਨੂੰ ਮੱਤ ਬਖਸ।" ਫਿਰ ਛੰਨੋ ਨੇ ਦੋਵੇਂ ਹੱਥ ਜੋੜ ਉਤਾਂਹ ਵੱਲ ਕੀਤੇ, ਜਿਵੇਂ ਵਾਹਿਗੁਰੂ ਅੱਗੇ ਅਰਦਾਸ ਕਰ ਰਹੀ ਹੋਵੇ।

"ਰੱਬ ਦਾ ਜਮ੍ਹਾ ਡਰ ਨੀ ਮੰਨਦੇ, ਨਵਾਬ ਸਿਆਂ।" ਕੋਲ਼ ਬੈਠਾ ਗੁਰਮੁਖ ਵੀ ਧੁਰ ਅੰਦਰ ਤਕ ਹਲੂਣਿਆ ਗਿਆ।

"ਵੇਖ ਲੈ ਭਾਈ, ਸਮੇਂ ਦੇ ਰੰਗ। ਕੱਲ੍ਹ ਤਾਂ ਸਾਰੇ ਰੰਗਾਂ 'ਚ ਵੱਸਦੇ ਸੀ, ਦੁੱਖ-ਸੁੱਖ ਦੇ ਸਾਂਝੀ ਸੀ।" ਆਖਦੀ ਛੰਨੋ ਉੱਠ ਕੇ ਚਲੀ ਗਈ। ਉਸ ਵਿੱਚ ਹੋਰ ਸੁਣਨ ਦੀ ਸਮਰੱਥਾ ਨਹੀਂ ਸੀ।

"ਸਾਰੀ ਚਿੰਗਾਰੀ ਗੱਜੂ ਖਾਨ ਦੇ ਰਿਸ਼ਤੇਦਾਰ ਲੀਲੇ ਨੇ ਡੇਗੀ ਆ।" ਨਵਾਬ ਨੇ ਸਾਜ਼ਿਸ਼ ਦੇ ਅਸਲ ਦੋਸ਼ੀ ਦਾ ਚਿਹਰਾ ਨੰਗਾ ਕੀਤਾ।

"ਅੱਛਾ ! ਅੱਛਾ !! ਪਿੰਡ ਆਲ਼ੇ ਦੱਸਦੇ ਸੀ, ਉਹ ਤਾਂ ਏਥੇ ਵੀ ਸੱਥ 'ਚ ਬਹਿ ਕੇ ਗਿਐ।" ਗੁਰਮੁਖ ਨੂੰ ਜਬਰੇ ਦੀ ਦੱਸੀ ਗੱਲ ਯਾਦ ਆਈ।

"ਤੂੰ ਕੱਲ੍ਹ ਨੂੰ ਪਿੰਡ ਆਈਂ। ਕਿਸੇ ਨੂੰ ਗੱਲ ਦੀ ਭਿਣਕ ਨੀ ਪੈਣੀ ਚਾਹੀਦੀ।" ਨਵਾਬ ਨੇ ਗੁਰਮੁਖ ਵੱਲ ਹੱਥ ਜੋੜ ਬੇਨਤੀ ਕੀਤੀ।

"ਜਰੂਰ ... ਨਾਲ਼ੇ ਝੰਡਾ ਸਿੰਘ ਨੂੰ ਵੀ ਨਾਲ਼ ਲੈ ਕੇ ਆਊਂ। ਤੂੰ ਸਤੀਏ ਦੇ ਕੰਨੀਂ ਵੀ ਗੱਲ ਪਾ ਦਿੰਦਾ।" ਗੁਰਮੁਖ ਬੋਲਿਆ।

"ਸਤੀਏ ਨਾਲ਼ ਵੀ ਗੱਲ ਕਰਲੂੰਗਾ। ਮੈਂ ਹੁਣ ਚੱਲਿਆਂ।" ਨਵਾਬ ਨੇ ਬਾਹਰ ਨਿਗ੍ਹਾ ਮਾਰੀ, ਹਨੇਰਾ ਕਾਫ਼ੀ ਹੋ ਗਿਆ ਸੀ। ਰਾਤ ਨੇ ਆਪਣਾ ਸਫ਼ਰ ਸ਼ੁਰੂ ਕਰ ਦਿੱਤਾ ਸੀ।

"ਹੂੰ... ਜਵਾਕ ਵੀ ਕੱਲੇ ਹੋਣੇ, ਤੂੰ ਜਾ ਹੁਣ।" ਗੁਰਮੁਖ ਨੇ ਵੀ ਹੁਣ ਉਹਨੂੰ ਜਾਣ ਦੀ ਸਲਾਹ ਦਿੱਤੀ।

"ਚੰਗਾ ਬਾਈ, ਕੱਲ੍ਹ ਨੂੰ ਜਰੂਰ ਆਈਂ।" ਆਖ ਨਵਾਬ ਰਾਤ ਦੇ ਹਨੇਰੇ 'ਚ, ਕਾਲੀਏ ਵੱਲ ਅਲੋਪ ਹੋ ਗਿਆ।

ਪੰਜਾਬ ਤੇ ਰਫੀਕ ਦਰਵਾਜ਼ਾ ਖੁੱਲ੍ਹਾ ਵੇਖ, ਅੰਦਰ ਲੰਘ ਆਏ।

ਗੁਰਮੁਖ ਇੱਕ ਵਾਰ ਤਾਂ ਉਨ੍ਹਾਂ ਨੂੰ ਵੇਖ ਲੋਹਾ-ਲਾਖਾ ਹੋਇਆ -"ਟੈਮ ਨਾਲ਼ ਵੜ ਜਿਆ ਕਰੋ ਘਰੇਂ।"

ਸਹਿਮੇ ਜਿਹੇ ਉਹ ਅੰਦਰ ਵੜ ਗਏ। ਦੋਵਾਂ ਦੀ ਸਾਂਝ ਵੇਖੋ, ਇਕੱਠਿਆਂ ਖੇਡਣਾ, ਖਾਣਾ-ਪੀਣਾ, ਹੋਰ ਤਾਂ ਹੋਰ ਸੌਣਾ ਵੀ ਇਕੱਠਿਆਂ। ਕਾਲੀ ਦੀਆਂ ਝਿੜਕਾਂ ਦਾ ਵੀ ਉਨ੍ਹਾਂ ਦੀ ਦੋਸਤੀ 'ਤੇ ਕੋਈ ਅਸਰ ਨਹੀਂ ਪੈਂਦਾ। ਜਦ ਕਾਲੀ ਲੋਹਾ-ਲਾਖਾ ਹੋ ਜਾਂਦਾ ਹੈ ਤਾਂ ਬਸੀਰਾਂ ਉਸ ਨੂੰ ਸਮਝਾਉਂਦੀ -

"ਕੋਈ ਨਾ, ਜਵਾਕ ਨੇ। ਆਹੀ ਦਿਨ ਨੇ ਇਨ੍ਹਾਂ ਦੇ ਖੇਡਣ ਦੇ।"

ਆਖ਼ਰ ਕਾਲੀ ਦਾ ਗੁੱਸਾ ਠੰਢਾ ਹੋ ਜਾਂਦਾ।

ਰਫੀਕ ਅੱਜ ਵੀ ਪੰਜਾਬ ਕੋਲ਼ ਹੀ ਪੈ ਗਿਆ ਸੀ। ਪੰਜਾਬ ਕੋਲ਼ ਪੈਣ ਦੀ ਸੂਚਨਾ ਮਾਂ ਬਸੀਰਾਂ ਨੂੰ ਜ਼ਰੂਰ ਦੇ ਆਇਆ ਸੀ।

ਗੁਰਮੁਖ ਤਖਤਾ ਭੇੜ ਆਇਆ।

ਭੂਰ ਜਿਹੀ ਫਿਰ ਡਿੱਗਣ ਲੱਗ ਪਈ। ਛੰਨੋ ਨੇ ਲੱਕੜਾਂ ਤੇ ਪਾਥੀਆਂ ਝਲਾਨੀ 'ਚ ਰੱਖ ਦਿੱਤੀਆਂ, ਚੁੱਲ੍ਹੇ 'ਤੇ ਬੱਠਲ ਮੂਧਾ ਮਾਰ ਦਿੱਤਾ। ਮੀਂਹ ਦੇ ਡਰੋਂ ਕੰਧ ਤੋਂ ਕੱਪੜੇ-ਲੀੜੇ ਉਤਾਰ ਕੇ, ਅੰਦਰ ਰੱਖ ਦਿੱਤੇ।

———

ਬੇਸ਼ੱਕ ਰਾਤ ਵੀ ਭੂਰ ਜਿਹੀ ਡਿੱਗੀ ਪਰ ਸਵੇਰ ਹੁੰਦਿਆਂ ਹੀ ਵਟ ਜਿਹਾ ਹੋ ਗਿਆ। ਗੁਰਮੁਖ ਛੰਨੋ ਤੋਂ ਪਹਿਲਾਂ ਹੀ ਉੱਠ ਗਿਆ। ਰਾਤ ਵੀ ਉਸ ਨੂੰ ਅੱਚਵੀ ਜਿਹੀ ਲੱਗੀ ਰਹੀ। ਘੰਟੇ-ਘੰਟੇ ਦੇ ਵਕਫੇ ਨਾਲ਼ ਉੱਠ ਕੇ, ਸਿਰਹਾਣੇ ਰੱਖੀ ਗੜਵੀ 'ਚੋਂ ਪਾਣੀ ਪੀਂਦਾ ਰਿਹਾ।

ਢੁੱਕਵਾਂ ਸਮਾਂ ਵੇਖ, ਫਿਰ ਉਹ ਡੰਗਰਾਂ ਨੂੰ ਨੀਰਾ-ਪੱਠਾ ਕਰਨ ਚਲਾ ਗਿਆ। ਬਲ਼ਦਾਂ ਤੇ ਮੱਝਾਂ ਨੂੰ ਟਿਕਾਣੇ 'ਤੇ ਬੰਨ੍ਹ ਕੇ ਬਾਹਰ ਨੂੰ ਚੱਲ ਪਿਆ। ਰੇਲ ਦੀ ਪਟੜੀ ਦੇ ਨਾਲ਼-ਨਾਲ਼ ਉਹ ਖੁਡਾਲ ਤਕ ਜਾ ਪਹੁੰਚਿਆ।

ਉਸਦੇ ਵਾਪਸ ਮੁੜਦਿਆਂ ਤਕ ਸਾਰਾ ਪਿੰਡ ਹਰਕਤ 'ਚ ਆ ਗਿਆ। ਸਟੇਸ਼ਨ ਨੇੜੇ ਬਾਬਾ ਕੁੰਦਨ ਦਾਸ ਦੇ ਡੇਰੇ ਕੋਲ਼, ਝਿੜੀ ਦੇ ਮੋਰ ਮਸਤ ਹੋਏ ਫਿਰਦੇ ਸੀ। ਤੁਰਦੇ-ਤੁਰਦੇ ਇਕਦਮ ਰੁਕਣ ਤੋਂ ਬਾਅਦ, ਗਰਦਨ ਉਤਾਂਹ ਨੂੰ ਚੁੱਕ, ਪੋਲੇ-ਪੋਲੇ ਪੈਰ ਧਰਦੇ, ਆਪਣੇ ਰੰਗ-ਬਿਰੰਗੇ ਖੰਭਾਂ ਨੂੰ ਹਿਲਾਉਂਦੇ, ਉਹ ਕਿੰਨੇ ਸੋਹਣੇ ਲੱਗ ਰਹੇ ਸੀ ! ਇਕੱਲੇ ਮੋਰ ਹੀ ਨਹੀਂ, ਡੇਰੇ 'ਚ ਚਿੜੀਆਂ, ਘੁੱਗੀਆਂ, ਗੁਟਾਰਾਂ, ਕਬੂਤਰ, ਤਿੱਤਰ ਆਪੋ-ਆਪਣੀ ਸੁਰ 'ਚ ਗਾ ਰਹੇ ਸੀ। ਹਰ ਪੰਛੀ ਦੀ ਆਪਣੀ-ਆਪਣੀ ਸੁਰ, ਲੈਅ ਤੇ ਮਿਠਾਸ ਸੀ।

ਕੁੰਦਨ ਦਾਸ ਦਾ ਛੋਟਾ ਚੇਲਾ ਵਿਹੜੇ 'ਚ ਚੋਗ ਖਿਲਾਰਨ ਤੋਂ ਬਾਅਦ ਪਦਮ ਆਸਣ ਕਰਨ ਲੱਗਾ।

ਸਵੇਰ ਹੁੰਦਿਆਂ ਹੀ ਪਿੰਡ ਦੀਆਂ ਅਤੇ ਬਾਹਰ ਦੀਆਂ ਔਰਤਾਂ ਦਾ ਡੇਰੇ ਵੱਲ ਆਉਣਾ-ਜਾਣਾ ਸ਼ੁਰੂ ਹੋ ਗਿਆ। ਗੁਰਮੁਖ ਡੇਰੇ ਕੋਲ਼ੋਂ ਲੰਘਿਆ ਤਾਂ ਰਸਤੇ 'ਚ ਕਈ ਜ਼ਨਾਨੀਆਂ ਪੱਲਾ ਕਰ ਕੇ ਉਸਦੇ ਕੋਲ਼ੋਂ ਲੰਘੀਆਂ।

ਗੁਰੁਮੁਖ ਭੱਠੀ ਕੋਲ਼ ਪਹੁੰਚਿਆ, ਕਾਲੀ ਹੁਣੇ ਉੱਠਿਆ ਸੀ। ਉਹ ਅਜੇ

ਭੱਠੀ ਚਾਲੂ ਕਰ ਰਿਹਾ ਸੀ। ਕਿੰਨੇ ਹੀ ਸੰਦ ਚੰਡਣ ਵਾਲ਼ੇ ਪਏ ਸੀ। ਸਧਾਣੀ ਵਾਲ਼ੇ ਚਹਿਲਾਂ ਦੇ ਹਲ਼ ਬਣਾਉਣ ਵਾਲ਼ੇ ਸੀ, ਮੁਖਤਿਆਰ ਗੁੱਜਰ ਦੀਆਂ ਕਹੀਆਂ ਦੇ ਬਾਂਹੇ ਪਾਉਣ ਵਾਲ਼ੇ ਸੀ। ਕੰਮ ਚੜ੍ਹਿਆ ਪਿਆ ਸੀ।

ਗੁਰਮੁਖ ਭੱਠੀ ਕੋਲ਼ ਆ ਕੇ ਕਾਲੀ ਕੋਲ਼ ਪਏ ਮੂੜ੍ਹੇ 'ਤੇ ਬੈਠ ਗਿਆ। ਕਾਲੀ ਨੇ ਭੱਠੀ 'ਚ ਅੱਗ ਭਖਾ ਲਈ।

"ਬਸੀਰਾਂ ਕਿੱਥੇ ਐ ?" ਗੁਰਮੁਖ ਨੇ ਵੇਖਿਆ, ਬਸੀਰਾਂ ਨਜ਼ਰ ਨਹੀਂ ਸੀ ਆ ਰਹੀ।

"ਧਾਰ ਕੱਢਣ ਗਈ ਐ।" ਕਾਲੀ ਨੇ ਬੱਠਲ਼ੀ 'ਚੋਂ ਕੋਲਿਆਂ ਦੀ ਮੁੱਠੀ ਭਰੀ।

"ਕਾਲੀ ਤੈਨੂੰ ਇੱਕ ਗੱਲ ਦੱਸਾਂ ?" ਗੁਰਮੁਖ ਨੇ ਮੂੜ੍ਹਾ ਅਗਾਂਹ ਨੂੰ ਘੜੀਸ ਲਿਆ।

"ਕੀ ਬਾਈ ?" ਉਸਨੇ ਹਥੌੜਾ ਪਰ੍ਹਾਂ ਰੱਖ ਦਿੱਤਾ।

"ਮਾਹੌਲ ਖਰਾਬ ਐ। ਆਪਣਾ ਖਿਆਲ ਰੱਖੀਂ " ਗੁਰਮੁਖ ਨੇ ਉਸਨੂੰ ਚੌਕੰਨਾ ਕਰਨਾ ਜ਼ਰੂਰੀ ਸਮਝਿਆ।

"ਥੋਡੇ ਹੁੰਦੇ ਕਾਹਦਾ ਫਿਕਰ ਬਾਈ।" ਕਾਲੀ ਵੀ ਮੁਜਾਰਿਆਂ ਦੀ ਦਲੇਰੀ ਤੋਂ ਜਾਣੂ ਸੀ। ਭੱਠੀ 'ਤੇ ਭਾਂਤ-ਭਾਂਤ ਦੇ ਬੰਦੇ ਆਉਣ ਕਾਰਨ ਉਸਦੇ ਵੀ ਸਭ ਧਿਆਨ 'ਚ ਹੈ, ਜੋ ਕੁਝ ਵਾਪਰ ਰਿਹਾ ਹੈ। ਫਿਰ ਵੀ ਕਾਲੀ ਬੇਫਿਕਰ ਜ਼ਰੂਰ ਹੈ।

ਗੁਰਮੁਖ ਅੰਦਰੋਂ-ਅੰਦਰੀ ਸੋਚਣ ਲੱਗਾ - "ਕਾਲੀਏ ਆਲ਼ੇ ਮਸਲੇ ਨੂੰ ਕਿਮੇ ਹੱਲ ਕਰੀਏ ? ਜੇ ਕਾਲੀਏ ਵੱਢਾ-ਟੁੱਕੀ ਹੋਈ ਤਾਂ ਮਾਹੌਲ ਏਥੇ ਵੀ ਵਿਗੜੂ।"

"ਕਿੱਧਰ ਗੁਆਚ ਗਿਆ, ਬਾਈ ?" ਕਾਲੀ ਨੇ ਉਹਨੂੰ ਹਲੂਣਿਆ।

"ਅੱਜ ਚਿੱਤ ਠੀਕ ਨੀ ਲੱਗਦਾ ਸਰਦਾਰ ਦਾ।" ਵਾੜੇ 'ਚੋਂ ਦੁੱਧ ਵਾਲ਼ਾ ਦੋਹਣਾ ਲੈ ਕੇ, ਬਸੀਰਾਂ ਵੀ ਆ ਗਈ।

"ਗਾਂਈਂ ਤਾਂ ਨੀ ਹੱਲੀ ?" ਕਾਲੀ ਗੁਰਮੁਖ ਵੱਲੋਂ ਧਿਆਨ ਹਟਾਉਂਦਾ ਬਸੀਰਾਂ ਤੋਂ ਗਾਂ ਬਾਰੇ ਪੁੱਛਣ ਲੱਗਾ।

"ਨਾ, ਨਿਆਣਾ ਪਾ ਲਿਆ ਸੀ।"

ਕਾਲੀ ਦਾ ਧਿਆਨ ਬਸੀਰਾਂ ਵਾਲ਼ੇ ਪਾਸੇ ਹੋਣ ਕਾਰਨ, ਗੁਰਮੁਖ ਦੀ ਚੇਤਨਾ ਭੰਗ ਹੋ ਗਈ। ਉਸ ਨੂੰ ਤਾਂ ਆਪਣੀਆਂ ਅੱਖਾਂ ਅੱਗੇ ਅੱਗ ਦੇ ਭਾਂਬੜ ਮੱਚਦੇ ਨਜ਼ਰ ਆਉਣ ਲੱਗੇ। ਹਿੰਦੂ, ਮੁਸਲਮਾਨ, ਸਿੱਖ ਹਰ ਕੋਈ ਉਸ ਅੱਗ 'ਚ ਝੁਲਸਿਆ ਜਾ ਰਿਹਾ ਸੀ। ਉਸਦੇ ਅੰਦਰੋਂ ਧਾਹ ਨਿੱਕਲੀ। ਉਹ ਉੱਠ ਕੇ ਗੱਲ ਦੀ ਤਹਿ ਬਣਾਉਣ ਲਈ ਝੰਡਾ ਸਿੰਘ ਵੱਲ ਚੱਲ ਪਿਆ।

"ਦੁੱਧ ਦੀ ਪਿਆਲੀ ਪੀ ਜਾਂਦਾ, ਗੁੜ ਨਾਲ਼।" ਕਾਲੀ ਨੇ ਪਿੱਛੋਂ ਆਵਾਜ਼ ਮਾਰੀ।

"ਫੇਰ ਸਹੀ, ਬੱਸ ਰੱਬ ਬਹੁਤਾ ਦੇਵੇ।" ਆਖਦਾ ਹੋਇਆ ਉਹ ਝੰਡਾ ਸਿੰਘ ਦੇ ਘਰ ਨੂੰ ਚੱਲ ਪਿਆ।

ਝੰਡਾ ਸਿੰਘ ਘਰ ਨਹੀਂ ਸੀ। ਘਰੋਂ ਪਤਾ ਲੱਗਾ, ਕੋਈ ਜ਼ਰੂਰੀ ਕੰਮ ਲਈ ਖੁਡਾਲ ਗਿਆ ਹੈ।

"ਆਖਣਾ ਗੁਰਮੁਖ ਆਇਆ ਸੀ, ਕੰਮ ਐ ਕੋਈ ਜਰੂਰੀ।" ਗੁਰਮੁਖ ਸੁਨੇਹਾ ਲਾ ਕੇ ਘਰ ਆ ਗਿਆ। ਛੰਨੋ ਦੇ ਕਹਿਣ ਤੇ ਉਸ ਨੇ ਰੋਟੀ ਦੀਆਂ ਦੋ ਕੁ ਬੁਰਕੀਆਂ ਮਸਾਂ ਹੀ ਖਾਧੀਆਂ।

"ਜੇ ਚਿੱਤ ਠੀਕ ਨੀ, ਖੇਤ ਵਗਜੋ।" ਛੰਨੋ ਨੇ ਸਲਾਹ ਦਿੱਤੀ ਤਾਂ ਉਹ ਖੇਤ ਨੂੰ ਚੱਲ ਪਿਆ।

ਕਾਲੀ ਦੇ ਹਥੌੜੇ ਦੀ ਅਹਿਰਨ ਤੋਂ ਪਰਤਵੀਂ ਆਵਾਜ਼, ਅਜੇ ਵੀ ਉਸ ਦੀਆਂ ਪੁੜਪੁੜੀਆਂ ਵਿੱਚ ਵੱਜ ਰਹੀ ਸੀ। ਰੇਲਵੇ ਸਟੇਸ਼ਨ ਕੋਲ਼ੋਂ ਲੰਘਦਾ ਹੋਇਆ, ਉਹ ਪਿੱਪਲ ਵਾਲ਼ੇ ਟੋਭੇ ਕੋਲ਼ ਪਹੁੰਚ ਗਿਆ। ਕੱਲ੍ਹ ਵਾਲ਼ੇ ਮੀਂਹ ਨਾਲ਼ ਪਿੱਪਲ ਦੇ ਪੱਤੇ ਵੀ ਧੋਤੇ-ਸਵਾਰੇ ਗਏ ਸੀ। ਕੋਲ਼ੋ-ਕੋਲ਼ ਖੜ੍ਹੇ ਦੋਵੇਂ ਪਿੱਪਲ ਜਮ੍ਹਾਂ ਨਵੇਂ-ਨਕੋਰ ਹੋ ਗਏ।

ਗੁਰਮੁਖ ਨੇੜਿਉਂ ਲੰਘਿਆ ਤਾਂ ਚੁੱਪ ਪਸਰੀ ਹੋਈ ਸੀ, ਸਿਰਫ ਕਾਂਵਾਂ ਨੇ ਹੀ ਰੌਲ਼ਾ ਪਾਇਆ ਹੋਇਆ ਸੀ।

ਉਹਨੂੰ ਯਾਦ ਆਇਆ, ਸਾਉਣ ਦੀ ਤੀਜ ਲੰਘੀ ਨੂੰ ਅਜੇ ਕੁਝ ਦਿਨ ਹੀ ਹੋਏ ਹਨ, ਦੋਵੇਂ ਪਿੰਡਾਂ ਦੀਆਂ ਸਾਂਝੀਆਂ ਤੀਆਂ ਇਨ੍ਹਾਂ ਪਿੱਪਲਾਂ ਹੇਠ ਹੀ ਲੱਗੀਆਂ ਸੀ। ਦੋਵੇਂ ਪਿੰਡ ਦੀਆਂ ਵਿਆਹੀਆਂ-ਵਰ੍ਹੀਆਂ ਕੁੜੀਆਂ, ਆਪਣੀਆਂ ਨਣਦਾਂ ਨੂੰ ਲੈ ਕੇ ਸ਼ਾਮ ਨੂੰ ਪਿੱਪਲਾਂ ਹੇਠ ਆ ਜੁੜਦੀਆਂ ਸੀ। ਬੁੱਢੇ ਪਿੱਪਲਾਂ ਦੇ ਮੋਟੇ ਟਾਹਣਿਆਂ ਨਾਲ਼ ਪੀਂਘਾਂ ਪਾ ਝੂਟਦੀਆਂ, ਅੱਖੋਂ ਉਹਲੇ ਕੰਤਾਂ ਨਾਲ਼ ਜੁੜੀਆਂ ਮੋਹ-ਪਿਆਰ ਦੀਆਂ ਯਾਦਾਂ ਤਰੋ-ਤਾਜ਼ਾ ਕਰਦੀਆਂ। ਚਿਰਾਂ ਬਾਅਦ ਮਿਲੀਆਂ ਸਹੇਲੀਆਂ, ਮਿਲਣ ਸਮੇਂ ਇੱਕ-ਦੂਜੀ ਦੇ ਵਿੱਚ ਵੜਨ ਨੂੰ ਜਾਂਦੀਆਂ।

ਤੀਆਂ ਦੌਰਾਨ ਮਰਦ ਜਾਂ ਛੋਕਰਿਆਂ ਦਾ ਉੱਧਰ ਜਾਣਾ ਸਖਤ ਮਨ੍ਹਾਂ ਸੀ।

ਪਿਛਲੇ ਵਾਰ ਤੀਆਂ 'ਚ ਭਾਣਾ ਹੀ ਵਰਤ ਗਿਆ ਹੁੰਦਾ। ਤੀਆਂ ਦੌਰਾਨ ਕਾਲੀਏ ਦਾ ਇੱਕ ਮਛੋਰ ਸੀ, ਮੁਸਲਮਾਨਾਂ ਦਾ, ਅਜੇ ਤਕ ਉਸ ਦੀ ਸੂਹ ਨਹੀਂ ਮਿਲੀ। ਉਹ ਦੋ-ਤਿੰਨ ਦਿਨ ਲਗਾਤਾਰ ਆ ਕੇ ਟੋਭੇ ਦੀ ਪੱਤਣ ਕੋਲ਼ ਬੈਠਦਾ ਰਿਹਾ। ਕਾਹਨਗੜ੍ਹ ਦੀ ਕੁੜੀ ਨਾਲ਼ ਉਸਦੀ ਅੱਖ ਮੈਲ਼ੀ ਸੀ। ਕੁੜੀ ਤਾਂ ਲਹਿੰਦੇ ਅੱਸੂ ਵਿਆਹੀ ਗਈ ਸੀ। ਵਿਆਹ ਤੋਂ ਬਾਅਦ ਉਹ ਤੀਆਂ 'ਚ ਪੇਕੇ ਪਿੰਡ, ਪਹਿਲੀ ਵਾਰ ਆਈ ਸੀ। ਗਿੱਧੇ ਵਾਲ਼ੇ ਪਿੜ ਵਿੱਚ ਉਹ ਵੀ ਪਿੱਛੇ ਮੁੜ-ਮੁੜ, ਟੋਭੇ ਦੀ ਪੱਤਣ ਵੱਲ ਝਾਕਦੀ ਰਹੀ।

ਜਦ ਕਾਹਨਗੜ੍ਹ ਦੀ ਸੱਥ 'ਚ ਇਸ ਗੱਲ ਦੀ ਭਿਣਕ ਪਈ ਤਾਂ, ਮੁੰਡ੍ਹੀਰ ਨੇ ਡਾਂਗਾਂ-ਸੋਟੀਆਂ ਉਲਾਰ ਲਈਆਂ। ਟੋਭੇ ਵੱਲ ਜਾਣ ਹੀ ਲੱਗੇ ਸੀ, ਝੰਡਾ ਸਿੰਘ ਤੇ ਇੱਕ-ਦੋ ਹੋਰ ਸਿਆਣਿਆਂ ਨੇ ਸਮਝਾਏ –

"ਸ਼ੇਰੋ, ਕੋਈ ਹੱਡ-ਗੋਡਾ ਨਾ ਤੋੜ ਦਿਓ, ਬਸ ! ਡਰਾ-ਧਮਕਾ ਕੇ ਦਬੱਲ ਦਿਓ।"

ਮੁੰਡੇ ਤਾਂ ਅਜੇ ਸਟੇਸ਼ਨ ਕੋਲ਼ ਹੀ ਪਹੁੰਚੇ ਸੀ, ਉਸ ਸ਼ਾਤਰ ਨਾਰ ਨੂੰ ਦੂਰੋਂ ਹੀ ਸ਼ੱਕ ਪੈ ਗਿਆ। ਉਸਦਾ ਖਿੜਿਆ ਚਿਹਰਾ ਇਕਦਮ ਮੁਰਝਾ ਗਿਆ, ਤਾਲ ਵਿੱਚ ਵੱਜ ਰਹੀ ਤਾੜੀ ਵੀ ਬੇਤਾਲ ਹੋ ਗਈ। ਉਸਨੇ ਅਨਹੋਣੀ ਨੂੰ ਟਾਲਣ ਲਈ ਮਛੋਰ ਨੂੰ ਇਸ਼ਾਰਾ ਕੀਤਾ। ਮਛੋਰ ਨੇ ਧੌਣ ਘੁੰਮਾ ਕੇ ਸਟੇਸ਼ਨ ਵੱਲ ਵੇਖਿਆ, ਉਹ ਨਾਲ਼ ਦੀ ਨਾਲ਼ ਹੀ, ਕੱਚੇ ਪਹੇ ਵਾਲ਼ੇ ਸਰਕੜੇ ਉਹਲੇ ਹੁੰਦਾ ਹੋਇਆ ਖਿਸਕ ਗਿਆ। ਮੁੰਡ੍ਹੀਰ ਅਜੇ ਟੋਭੇ ਕੋਲ਼ ਹੀ ਪਹੁੰਚੀ ਸੀ, ਪਰ ਗੱਭਰੂ ਚਤੁਰਾਈ ਨਾਲ਼ ਅਲੋਪ ਹੋ ਗਿਆ।

"ਕਰਮ ਚੰਗੇ ਸੀ, ਸਾਲ਼ੇ ਦੇ।" ਖੂੰਘੀਆਂ ਵਾਲ਼ੀ ਡਾਂਗ ਵਾਲ਼ਾ ਗੱਭਰੂ ਹਰਖਿਆ ਪਿਆ ਸੀ।

"ਮੈਂ ਤਾਂ ਸਾਲ਼ੇ ਦੀ ਮੁਰਗੇ ਮਾਂਗੂ ਧੌਣ ਮਰੋੜ ਦਿੰਦਾ।" ਲੰਗੜਾ ਕੇ ਤੁਰਦਾ ਮਛੋਰ ਵੀ ਪੂਰਾ ਗਰਮ ਸੀ।

"ਚਲੋ ਹੁਣ, ਆਪਣਾ ਵੀ ਕੋਈ ਕੰਮ ਨੀ ਏਥੇ।" ਸਿਆਣੇ ਜਿਹੇ ਮਛੋਰ ਨੇ ਹੱਥੋਂ ਸ਼ਿਕਾਰ ਨਿਕਲਿਆ ਵੇਖ, ਜਾਣ ਦੀ ਨਸੀਹਤ ਦਿੱਤੀ। ਬੇਵੱਸ ਹੋਏ ਜਵਾਨ ਆਪਸ ਵਿੱਚ ਗੱਲਾਂ ਕਰਦੇ, ਵਾਪਸ ਪਰਤ ਗਏ।

ਲੋਕ-ਬੋਲੀਆਂ ਅਤੇ ਗਿੱਧੇ 'ਚ ਮਸਤ ਮੁਟਿਆਰਾਂ 'ਚੋਂ ਕਿਸੇ ਨੂੰ ਇਸ ਘਟਨਾ ਦਾ ਪਤਾ ਨਾ ਲੱਗਾ, ਸਿਵਾਏ ਉਸ ਚੰਚਲ ਨਾਰ ਦੇ।

ਤੀਆਂ ਲੰਘ ਗਈਆਂ ਪਰ ਉਹ ਮੁੱਛ ਫੁੱਟ ਗੱਭਰੂ ਕਾਹਨਗੜ੍ਹੀਆਂ ਦਾ ਦਬਕਾਇਆ, ਦੁਬਾਰਾ ਏਧਰ ਨਜ਼ਰ ਨਾ ਆਇਆ। ਪਰ ਰੌਸ਼ਨੀ ਦੇ ਮੇਲੇ ਤੋਂ ਇੱਕ ਦਿਨ ਪਹਿਲਾਂ ਉਸ ਗੱਭਰੂ ਦੀ ਪਛਾਣ ਹੋ ਗਈ। ਉਹ ਬਦਮਾਸ਼ ਗੱਜੂ ਹੀ ਸੀ ਤੇ ਰਕਾਨ ਵੀ ਕਾਹਨਗੜ੍ਹ ਦੇ ਤਰਖਾਣਾਂ ਦੀ ਕੁੜੀ। ਮੇਲੇ ਵਿੱਚ ਰੌਲ਼ਾ ਵੀ ਪੈ ਗਿਆ ਸੀ। ਗੁਰਮੁਖ ਤਾਂ ਜਵਾਕਾਂ ਨੂੰ ਲੈ ਕੇ ਦਿਨ ਖੜ੍ਹੇ ਹੀ ਆ ਗਿਆ ਸੀ। ਲੜਾਈ ਹੋਣ ਕਾਰਨ ਨਵਾਬ ਦੇ ਘਰ ਵੀ ਨਾ ਜਾ ਸਕਿਆ। ਮੇਲੇ ਵਿੱਚ ਨਵਾਬ ਜਵਾਕਾਂ ਸਮੇਤ ਮਿਲਿਆ ਵੀ ਸੀ।

"ਘਰੇਂ ਲੈ ਆਈ ਜਵਾਕਾਂ ਨੂੰ।" ਉਹ ਪੰਜਾਬ ਹੋਰਾਂ ਨੂੰ ਕੁਲਫ਼ੀਆਂ ਦਵਾ ਕੇ ਜਾਂਦਾ ਹੋਇਆ, ਆਖ ਕੇ ਗਿਆ।

ਪਰ ਮੇਲੇ 'ਚ ਮਾਹੌਲ ਹੋਰ ਵੀ ਖ਼ਰਾਬ ਹੋ ਗਿਆ ਸੀ। ਗੱਜੂ ਤੇ ਮੌਲਵੀ ਮੌਕਾ ਤਾੜ ਕੇ ਭੀੜ 'ਚ ਕਿੱਧਰੇ ਲੁਕ ਗਏ। ਕਾਹਨਗੜ੍ਹੀਆਂ ਨੇ ਭੀੜ 'ਚੋਂ ਲੱਭ ਕੇ ਕੁੱਟਿਆ, ਗੱਜੂ ਨੂੰ। ਮੌਲਵੀ ਹਮਾਇਤ 'ਤੇ ਆਣ ਲੱਗਾ ਤਾਂ ਕਾਹਨਗੜ੍ਹੀਏ ਮਛੋਰ ਬੋਲੇ -

"ਤੂੰ ਪਾਸੇ ਹੋ ਜਾ, ਫੇਰ ਨਾ ਕਹੀਂ ਲੱਤ-ਬਾਂਹ ਟੁੱਟ ਗਈ। ਜੇ ਆਪਣੇ ਯਾਰ ਦਾ ਪੱਖ ਪੂਰਨੈ ਤਾਂ ਬੇਸ਼ੱਕ ਦੇਖ ਲੈ ਦੋ ਹੱਥ ਤੂੰ ਵੀ।"

ਕਾਲੀਏ ਵਾਲ਼ੇ ਵੀ ਖ਼ੁਸ਼ ਹੋ ਗਏ। ਆਖਣ ਲੱਗੇ – " ਪੈਣ ਦੇ ਸਾਲ਼ੇ ਕੁੱਤੇ ਮਲੰਗ ਦੇ। ਲੋਕਾਂ ਦੀਆਂ ਧੀਆਂ-ਭੈਣਾਂ ਦੀ ਇੱਜਤ ਤੱਕਦੈ।"

ਇੱਕ ਦੋ ਕਾਲੀਏ ਦੇ ਮੁੰਡੇ ਵੀ ਪੈਂਦੀਆਂ 'ਚ ਗੱਜੂ ਦੇ ਮਾਰ ਗਏ।

ਮੌਕਾ ਤਾੜ ਮੌਲਵੀ ਤਾਂ ਪਿੱਛੇ ਹਟ ਗਿਆ। ਕਾਲੀਏ ਵਾਲ਼ਿਆਂ ਦੀ ਟਕੋਰ ਵੀ ਉਸ ਨੇ ਸੁਣ ਲਈ ਸੀ। ਮੇਲਾ ਤਾਂ ਲੰਘ ਗਿਆ ਪਰ ਰੌਸ਼ਨੀ ਦੇ ਮੇਲੇ ਤੋਂ ਬਾਅਦ ਗੱਜੂ ਤੇ ਮੌਲਵੀ ਕਾਹਨਗੜ੍ਹੀਆਂ 'ਤੇ ਕਚੀਚੀਆਂ ਲੈਣ ਲੱਗੇ। ਲੀਲਾ ਖਾਨ ਦੇ ਆਉਣ ਨਾਲ਼ ਉਹਨਾਂ ਨੂੰ ਬਲ ਮਿਲ ਗਿਆ। ਹੁਣ ਉਹ ਪਿੱਛੇ ਹਟਣ ਵਾਲ਼ੇ ਨਹੀਂ ਸੀ। ਕਾਲੀਆ ਦੇ ਵਸਨੀਕਾਂ ਨੂੰ ਉਜਾੜਨ ਲਈ ਉਹ ਪੂਰੀ ਵਾਹ ਲਾ ਰਹੇ ਸੀ।

ਪਰ ਗੁਰਮੁਖ ਨੇ ਅਨਹੋਣੀ ਨੂੰ ਟਾਲਣ ਦੀ ਪੂਰੀ ਵਾਹ ਲਾ ਰੱਖੀ ਸੀ।

ਗੁਰਮੁਖ ਟੋਭੇ ਕੋਲ਼ੋਂ ਲੰਘਿਆ, ਅੱਜ ਤੀਆਂ ਵਾਲ਼ਾ ਪਿੜ ਖ਼ਾਲੀ ਸੀ। ਉਹ ਲੰਮੀਆਂ ਪੁਲਾਂਘਾਂ ਪੁੱਟਦਾ ਆਪਣੇ ਰੋਹੀ ਵਾਲ਼ੇ ਖੇਤ ਪਹੁੰਚ ਗਿਆ। ਫ਼ਸਲ ਨੂੰ ਵੇਖ ਉਸ ਦਾ ਚਿੱਤ ਨਵਾਂ-ਨਕੋਰ ਹੋ ਗਿਆ। ਉਹ ਸਾਰੇ ਦੁੱਖ ਭੁੱਲ ਗਿਆ, ਕਿੰਨਾ ਹੀ ਚਿਰ, ਟਾਹਲੀ ਵਾਲ਼ੀ ਵੱਟ 'ਤੇ ਖੜ੍ਹਾ, ਦੂਰ-ਦੁਰੇਡੇ ਨਿਗ੍ਹਾ ਮਾਰਦਾ ਰਿਹਾ। ਫਿਰ ਆਪਣਾ ਚਾਦਰਾ ਟਾਹਲੀ ਦੀ ਛਾਂ ਹੇਠ ਵਿਛਾ ਕੇ ਪੈ ਗਿਆ। ਦੁਪਹਿਰ ਢਲ਼ੀ ਤੋਂ ਹੀ ਘਰ ਗਿਆ।

———

ਦੁਪਹਿਰ ਢਲ਼ਣ ਦੇ ਨਾਲ਼ ਗੁਰਮੁਖ ਦੀ ਚਿੰਤਾ ਵਧਣ ਲੱਗੀ। ਵਾਪਸੀ ਸਮੇਂ ਉਹ ਸਿੱਧਾ ਝੰਡਾ ਸਿੰਘ ਦੇ ਘਰ ਪਹੁੰਚ ਗਿਆ। ਉਸਨੇ ਪੁਰਾਣੇ ਆਗੂ ਝੰਡਾ ਸਿੰਘ ਨਾਲ਼ ਜਾ ਕੇ ਤਾਲ-ਮੇਲ ਕੀਤਾ। ਸਵੇਰੇ ਵੀ ਉਹ ਕਿੰਨਾ ਚਿਰ ਝੰਡਾ ਸਿੰਘ ਦੇ ਘਰ ਬੈਠਾ ਉਡੀਕਦਾ ਰਿਹਾ। ਪਰ ਉਹ ਘਰ ਨਹੀਂ ਸੀ।

"ਚੱਲ ਬਾਈ, ਆਪਾਂ ਨੂੰ ਕਾਲੀਏ ਚੱਲਣਾਂ ਪਊ।" ਗੁਰਮੁਖ ਨੇ ਉਸਨੂੰ ਨਾਲ਼ ਚੱਲਣ ਦੀ ਤਾਕੀਦ ਕੀਤੀ।

"ਕੀ ਹੋ ਗਿਆ ਗੁਰਮੁਖਾ, ਖਾਸਾ ਡਰਿਆ ਡਰਿਆ ਲੱਗਦੈਂ।" ਝੰਡਾ ਸਿੰਘ ਨੇ ਉਸ ਦਾ ਚਿਹਰਾ ਪੜ੍ਹ ਲਿਆ।

"ਗੱਲ ਹੀ ਡਰਨ ਵਾਲ਼ੀ ਐ ਬਾਈ।" ਗੁਰਮੁਖ ਨੇ ਆਖਦਿਆਂ ਸਾਰੀ ਗੱਲ ਝੰਡਾ ਸਿੰਘ ਨੇ ਕੰਨੀਂ ਕੱਢ ਦਿੱਤੀ ਤਾਂ ਉਹ ਵੀ ਤਿਆਰ ਹੋ ਗਿਆ।

ਕੰਮੀ ਘਰਾਂ ਨੂੰ ਪਰਤ ਰਹੇ ਸੀ ਪਰ ਉਹ ਦੋਵੇਂ ਦੱਖਣ ਵਾਲ਼ੇ ਪਾਸੇ ਕਾਲੀਏ ਨੂੰ ਤੁਰੇ ਜਾ ਰਹੇ ਸੀ।

"ਆਜਾਦੀ ਦਾ ਆਪਾਂ ਨੂੰ ਕੀ ਫੈਅਦਾ ਹੋਇਆ !" ਰਸਤੇ 'ਚ ਗੁਰਮੁਖ ਸਿੰਘ ਬੋਲਿਆ।

"ਨਾਂ ਦੀ ਆਜਾਦੀ ਐ ਬਾਈ, ਆਹ ਦੇਖ ਲੈ ਦਿਨੋਂ ਦਿਨ ਕੀ ਹਾਲ ਹੋਈ ਜਾਂਦੈ !" ਝੰਡਾ ਸਿੰਘ ਨੇ ਜਵਾਬ ਦਿੱਤਾ।

"ਲਾਹੌਰ ਤੇ ਅੰਬਰਸਰ ਵਾਲ਼ੇ ਪਾਸੇ ਵੀ ਮਾਹੌਲ ਵਿਗੜ ਗਿਆ।" ਝੰਡਾ

ਸਿੰਘ ਨੂੰ ਕਿਸੇ ਕੋਲ਼ੋਂ ਅਖ਼ਬਾਰ ਦੀ ਖ਼ਬਰ ਨਾਲ਼ ਪਤਾ ਲੱਗਿਆ ਸੀ।

"ਰਾਤ ਨਵਾਬ ਵੀ ਆਇਆ ਸੀ, ਮੇਰੇ ਕੋਲ਼।" ਗੁਰਮੁਖ ਬੋਲਿਆ।

"ਕੀ ਕੈਂਅ੍ਹਦਾ ਸੀ ?" ਝੰਡਾ ਸਿੰਘ ਨੇ ਪੁੱਛਣਾ ਚਾਹਿਆ।

"ਕੈਂਅ੍ਹਦਾ ਤੁਸੀਂ ਆ ਕੇ ਕੋਈ ਮਸਲਾ ਹੱਲ ਕਰ ਸਕਦੇ ਓ।"

"ਮਸਲਾ ਤਾਂ ਹੱਲ ਆਪਾਂ ਨੂੰ ਹੀ ਕਰਨਾ ਪਊ।" ਝੰਡਾ ਸਿੰਘ ਦਿਮਾਗ਼ ਲੜਾਉਂਦਾ ਬੋਲਿਆ।

ਪਿੰਡ ਦੀ ਜੂਹ 'ਚ ਪੈਰ ਧਰਨ ਤੋਂ ਪਹਿਲਾਂ, ਉਹਨਾਂ ਨੇ ਸਾਰੀ ਵਿਉਂਤਬੰਦੀ ਘੜ ਲਈ।

ਉਹ ਧਾਨਕਾਂ ਦੀ ਗਲੀ ਵੱਲ, ਬਿਨਾਂ ਤਖਤਿਆਂ ਵਾਲ਼ੇ ਘਰਾਂ ਕੋਲ਼ ਦੀ ਲੰਘੇ, ਮੱਧਮ ਜਿਹੀ ਰੌਸ਼ਨੀ 'ਚ ਕੰਮ ਤੋਂ ਪਰਤੇ ਮਜ਼ਦੂਰ ਟੱਬਰ ਨਾਲ ਚੁੱਲ੍ਹੇ ਦੁਆਲ਼ੇ ਬੈਠੇ ਗੱਲਾਂ ਕਰ ਰਹੇ ਸੀ। ਗਲੀ 'ਚੋਂ ਲੰਘਦਿਆਂ ਉਨ੍ਹਾਂ ਨੂੰ ਸਿਰਫ ਘੁਸਰ-ਮੁਸਰ ਹੀ ਸੁਣਾਈ ਦੇ ਰਹੀ ਸੀ।

"ਪਿੰਡ ਤਾਂ ਵੱਸਦਾ ਨਜਰ ਆ ਰਿਹੈ, ਗੁਰਮੁਖਾ।" ਝੰਡਾ ਸਿੰਘ ਨੂੰ ਹਾਲਾਤ ਸੁਖਾਵੇਂ ਜਾਪੇ।

"ਗੱਜੂ ਕੇ ਘਰਾਂ ਵੱਲ ਜਾ ਕੇ ਵੇਖ, ਉਨ੍ਹਾਂ ਦੇ ਅੰਦਰ ਤਾਂ ਭਾਂਬੜ ਮੱਚੇ ਪਏ ਨੇ।"

"ਰੋਸ਼ਨੀ ਦੇ ਮੇਲੇ ਵਾਲ਼ੀ ਲੜਾਈ ਤੋਂ ਵੀ ਉਹ ਚਿੜ੍ਹ ਗਏ।" ਝੰਡਾ ਸਿੰਘ ਅਸਲ ਮਰਜ਼ ਵੀ ਜਾਣ ਗਿਆ ਸੀ, ਗੱਜੂ ਹੋਰ ਦੀ।

ਉਹ ਜੈਲੇ ਬਾਜ਼ੀਗਰ ਦੀ ਛੱਪਰੀ ਕੋਲ਼ੋਂ ਮੁੜ ਕੇ, ਪਖੀਰਾਂ ਅਤੇ ਮੁਸਲਮਾਨਾਂ ਵਾਲ਼ੀ ਗਲੀ ਪੈ ਗਏ। ਪਖੀਰਾਂ ਦੇ ਘਰਾਂ 'ਚੋਂ ਆਵਾਜ਼ ਆ ਰਹੀ ਸੀ, ਸ਼ਾਇਦ ਹਥਿਆਰ ਚੰਡੇ ਜਾ ਰਹੇ ਸੀ। ਬੋਚ-ਬੋਚ ਪੈਰ ਰੱਖਦਿਆਂ ਉਹ ਨਵਾਬ ਦੇ ਘਰ ਜਾ ਵੜੇ। ਨਵਾਬ ਵਿਹੜੇ 'ਚ ਗੇੜੇ ਦਿੰਦਾ ਫਿਰਦਾ ਸੀ। ਉਸਨੂੰ ਅੱਚਵੀ ਜਿਹੀ ਲੱਗੀ ਪਈ ਸੀ। ਸਾਰਾ ਟੱਬਰ ਘਰ ਸੀ, ਪਰ ਫਿਰ ਵੀ ਵਸਦੇ-ਰਸਦੇ ਘਰ 'ਚ ਸ਼ਮਸ਼ਾਨ ਵਰਗੀ ਚੁੱਪ ਸੀ।

ਸੁਲਤਾਨਾ, ਤਿੰਨੋਂ ਬੱਚੇ-ਸਲੀਮ, ਸੁਲਤਾਨ ਤੇ ਜੀਤੋ ਡਰੇ-ਡਰੇ ਸੀ।

"ਆ ਗਏ !" ਨਵਾਬ ਸੀਮਤ ਬੋਲਿਆ।

"ਹੂੰ..." ਗੁਰਮੁਖ ਸਿੰਘ ਨੇ ਵੀ ਜ਼ਿਆਦਾ ਬੋਲਣਾ ਉਚਿਤ ਨਾ ਸਮਝਿਆ।

"ਸਤੀਆ ਰਾਮ ਨੀ ਆਇਆ ?" ਮੰਜੇ 'ਤੇ ਬੈਠਦਿਆਂ ਝੰਡਾ ਸਿੰਘ ਨੇ ਪੁੱਛਿਆ।

ਝੰਡਾ ਸਿੰਘ ਨੇ ਅਜੇ ਸਤੀਆ ਰਾਮ ਦਾ ਨਾਂ ਹੀ ਲਿਆ ਸੀ, ਉਹ ਤਾਂ ਦਰਵਾਜ਼ੇ 'ਤੇ ਖੜ੍ਹਾ ਸੀ। ਉਸਨੇ ਬਹੁਤ ਹੀ ਚਤੁਰਾਈ ਨਾਲ ਦਰਵਾਜ਼ਾ ਭੇੜਿਆ ਤੇ ਅੰਦਰ ਲੰਘ ਆਇਆ।

ਸੁਲਤਾਨਾ ਨੇ ਬੈਠਣ ਲਈ ਮੂੜ੍ਹਾ ਲਿਆ ਦਿੱਤਾ।

"ਕੱਲ੍ਹ ਦੀ ਰਾਤ ਤਾਂ ਕਹਿਰ ਦੀ ਰਾਤ ਐ।" ਸਤੀਆ ਰਾਮ ਨੂੰ ਸਾਰੀ ਕਹਾਣੀ ਸਮਝਾਉਣ ਤੋਂ ਬਾਅਦ ਨਵਾਬ ਬੋਲਿਆ।

"ਵੈਸੇ ਯਕੀਨ ਨੀ ਆਉਂਦਾ, ਨਵਾਬ.. ਬਈ ਤੇਰੀ ਬਰਾਦਰੀ ਆਹ ਕਰਤੂਤ ਵੀ ਕਰੂ।" ਨਵਾਬ ਦੀਆਂ ਗੱਲਾਂ ਸੁਣ ਕੇ ਉਸਨੂੰ ਯਕੀਨ ਹੀ ਨਾ ਆਵੇ।

"ਹੁਣ ਨਵਾਬ ਸਿਆਂ ! ਤੁਸੀਂ ਸਤੀਏ ਹੋਰਾਂ ਨੂੰ ਮਾਰੋਂਗੇ, ਜਿਨ੍ਹਾਂ ਦੇ ਨਾਲ਼ ਬਹਿ ਕੇ ਖਾਂਦੇ ਸੀ।" ਝੰਡਾ ਸਿੰਘ ਨੇ ਆਪਣਾ ਰੋਸ ਜ਼ਾਹਰ ਕੀਤਾ।

"ਹੈ ਭਲੇ ਲੋਕ ! ਸਤੀਆ ਆਪਣਾ ਲੰਗੋਟੀਆ ਯਾਰ। ਮੈਂ ਆਪਣੇ ਯਾਰ ਨੂੰ ਕਿਮੇ ਮਾਰੂੰ ! ਜੇ ਮੇਰੇ ਦਿਲ 'ਚ ਪਾਪ ਹੁੰਦਾ, ਥੋਨੂੰ ਕਿਉਂ ਬਲੌਂਦਾ।" ਨਵਾਬ ਬੋਲਿਆ। ਫਿਰ ਉਸ ਨੇ ਗਰਦਨ ਘੁੰਮਾ ਕੇ ਸੁਲਤਾਨਾ ਨੂੰ ਇਸ਼ਾਰਾ ਕੀਤਾ। ਉਸਦੇ ਇਸ਼ਾਰਾ ਕਰਨ 'ਤੇ ਸੁਲਤਾਨਾ ਬੱਚਿਆਂ ਨੂੰ ਲੈ ਕੇ ਅੰਦਰ ਚਲੀ ਗਈ।

"ਵੇਖੀ ਜਾਊ, ਨਵਾਬ ਭਾਈ ... ਦੋ-ਚਾਰ ਹੱਥ ਅਸੀਂ ਕਰ ਲਮਾਂਗੇ।" ਸਤੀਆ ਰਾਮ ਬੋਲਿਆ। ਉਹਨੂੰ ਵੀ ਸਾਰੀ ਗੱਲ ਹੁਣੇ ਹੀ ਪਤਾ ਲੱਗੀ ਸੀ। ਨਵਾਬ ਘਰ ਆਉਣ ਲਈ ਸੁਨੇਹਾ ਤਾਂ ਲਾ ਕੇ ਆਇਆ ਸੀ, ਪਰ ਕੰਮ ਨਹੀਂ ਸੀ ਦੱਸਿਆ।

"ਹੁਣ ਗੱਜੂ ਹੋਰਾਂ ਦੀ ਯੋਜਨਾ ਕੀ ਐ ?" ਗੁਰਮੁਖ ਨੇ ਨਵਾਬ ਨੂੰ ਪੁੱਛਿਆ।

"ਹੁਣ ਦੁੱਧ ਪਿਆ ਕੇ ਮਾਰੋਂਗੇ ਸਾਨੂੰ।" ਸਤੀਆ ਰਾਮ ਨੇ ਦੁੱਧ ਵਾਲ਼ਾ ਗਿਲਾਸ ਫੜਦਿਆਂ ਸੁਲਤਾਨਾ ਤੇ ਨਵਾਬ ਨੂੰ ਮਸ਼ਕਰੀ ਕੀਤੀ। ਹੁਣ ਤਕ ਸਾਰੀ ਗੱਲ ਉਸ ਨੂੰ ਸਮਝ ਆ ਗਈ ਸੀ।

ਸਲੀਮ ਹੋਰਾਂ ਨੂੰ ਪਾ ਕੇ ਸੁਲਤਾਨਾ ਦੁੱਧ ਬਣਾ ਲਿਆਈ।

"ਤੇਰੀਆਂ ਵੀ ਓਹੀ ਗੱਲਾਂ ! ਮੇਰੇ ਅਰ ਸਤੀਏ !!" ਨਵਾਬ ਨੂੰ ਸਤੀਆ ਰਾਮ ਦੀ ਟਕੋਰ ਚੰਗੀ ਨਾ ਲੱਗੀ।

"ਕੱਲ੍ਹ ਰਾਤ ਨੂੰ ਗੱਜੂ ਹੋਰੀਂ ਹਮਲਾ ਕਰਨਗੇ। ਫਿਰਨੀ ਤੇ ਵੱਡੀ ਗਲੀ 'ਚ ਪਹਿਰਾ ਵੀ ਹੋਊ। ਤੁਸੀਂ ਟੈਮ ਵਿਚਾਰ ਕੇ ਪਿੰਡ ਛੱਡ ਜਾਣਾ। ਤੁਸੀਂ ਭਾਈ ਗੁਰਮੁਖ ਤੇ ਝੰਡਾ ਸਿੰਘ ਜੀ, ਜੇ ਹੋ ਸਕੇ, ਮੁਜਾਰਿਆਂ ਨੂੰ ਲੈ ਆਇਓ, ਰੱਖਿਆ ਲਈ।" ਨਵਾਬ ਨੇ ਦੁਬਾਰਾ ਫਿਰ ਬੋਲਦਿਆਂ ਗੱਜੂ ਖਾਨ ਹੋਰਾਂ ਦੀ ਯੋਜਨਾਬੰਦੀ ਨੰਗੀ ਕੀਤੀ। ਨਾਲ਼ ਹੀ ਬਚਣ ਦਾ ਉਪਾਅ ਵੀ ਦੱਸਿਆ।

"ਅਸੀਂ ਪਿੰਡ ਕਿਉਂ ਛੱਡੀਏ, ਨਵਾਬ ?" ਸਤੀਆ ਰਾਮ ਨੂੰ ਪਿੰਡ ਦਾ ਹੇਰਵਾ ਮਾਰਨ ਲੱਗਾ।

"ਫਿਰ ਮਰੋ...ਲੜੋ, ਗੱਜੂ ਹੋਰਾਂ ਨਾਲ।" ਨਵਾਬ ਹਰਖ ਗਿਆ।

"ਪਖੀਰਾਂ ਤੇ ਮੁਸਲਮਾਨਾਂ ਦੀ ਗਿਣਤੀ ਜਾਅਦੇ ਐ। ਖ਼ੂਨ-ਖ਼ਰਾਬਾ ਹੋਣਾ ਏ, ਕੋਈ ਫੈਅਦੈ ! ਪੰਜ-ਸੱਤ ਦਿਨਾਂ ਤਕ, ਜਦ ਟਿਕਾਅ ਹੋ ਗਿਆ, ਤੁਸੀਂ ਆਜਿਓ।" ਗੁਰਮੁਖ ਸਿੰਘ ਨੇ ਆਪਣੀ ਸਿਆਣਪ ਸਾਂਝੀ ਕੀਤੀ।

"ਮੈਂ ਸਤੀਏ ਬਾਈ, ਥੋਡਾ ਦੁਸ਼ਮਣ ਤਾਂ ਨੀ ! ਪਰ ਹੁਣ ਮੈਂ ਬੀ ਕੀ ਕਰ ਸਕਦਾਂ ! ਮੇਰੇ ਬੀ ਗੱਲ ਵੱਸੋਂ ਬਾਹਰ ਐ। ਪਰ ਮੇਰੇ ਹੁੰਦੇ ਥੋਡਾ ਕੋਈ ਵਾਲ਼ ਵਿੰਗਾ

ਨੀ ਕਰ ਸਕਦਾ। ਪਿੰਡੋਂ ਬਾਹਰ ਲੰਘਾਉਣ ਦੀ ਜਿੰਮੇਵਾਰੀ ਮੇਰੀ।" ਨਵਾਬ ਨੇ ਸਾਰਿਆਂ ਨੇ ਸਾਹਮਣੇ ਸਤੀਆ ਰਾਮ ਦਾ ਮੋਢਾ ਥਾਪੜਿਆ।

"ਕੱਲ੍ਹ ਨੂੰ ਸੁਨੇਹੇ ਲਾ ਦਈਂ ਸਾਰਿਆਂ ਨੂੰ। ਕਿਸੇ ਨੂੰ ਭਿਣਕ ਨਾ ਪਵੇ। ਅਸੀਂ ਬੀ ਆਜਾਂਗੇ ਗੱਲ ਸੰਭਾਲਣ ਲਈ।" ਗੁਰਮੁਖ ਨੇ ਆਪਣੇ ਪੁਰਾਣੇ ਆੜੀ ਗੁੱਜਰ ਨੂੰ ਸਲਾਹ ਦਿੱਤੀ।

"ਡੰਗਰ-ਵੱਛੇ ਦੀ ਪਰਵਾਹ ਨਾ ਕਰਿਓ, ਭੈਣ ਮਰਾਵੇ ਡੰਗਰ-ਵੱਛਾ... ਇੱਕ ਵਾਰ ਪਿੰਡੋਂ ਲੰਘਜੋ... ਐਂਵੇ ਖ਼ੂਨ ਖਰਾਬਾ ਹੋਊ।" ਝੰਡਾ ਸਿੰਘ ਬੋਲਿਆ।

"ਗੱਲ ਸਿਆਣੀ ਐ, ਝੰਡਾ ਸਿੰਘ ਦੀ।" ਨਵਾਬ ਨੇ ਵੀ ਹਮਾਇਤ ਕੀਤੀ।

"ਲਉ ਰੋਟੀ ਖਾ ਲੋ।" ਸੁਲਤਾਨਾ ਨੇ ਪਤਾ ਹੀ ਨਾ ਲਾਇਆ, ਕਦ ਰੋਟੀ ਬਣਾ ਲਿਆਈ।

"ਰੋਟੀ ਦੀ ਕੀ ਲੋੜ ਸੀ ?" ਗੁਰਮੁਖ ਬੋਲਿਆ।

"ਚੱਲ ਖਾ ਲੋ ਦੋ-ਦੋ, ਸਵੇਰ ਦੇ ਤੁਰੇ ਫਿਰਦੇ ਓਂ, ਭੁੱਖਣ ਭਾਣੇ।" ਨਵਾਬ ਨੇ ਧੱਕਾ ਕੀਤਾ ਤਾਂ ਸਾਰਿਆਂ ਨੇ ਰਲ਼ ਕੇ ਰੋਟੀ ਖਾ ਲਈ।

"ਤੂੰ ਅਮਲ ਕਰੀਂ, ਸਤੀਏ ਬਾਈ, ਜੋ ਗੱਲਾਂ ਆਖੀਆਂ ਨੇ।" ਗੁਰਮੁਖ ਸਿੰਘ ਨਹੀਂ ਸੀ ਚਾਹੁੰਦਾ, ਕੋਈ ਢਿੱਲ ਹੋਵੇ।

"ਅਸੀਂ ਵੀ ਆਮਾਂਗੇ, ਮੁੰਡੇ ਲੈ ਕੇ।" ਝੰਡਾ ਸਿੰਘ ਨੇ ਪੂਰਨ ਭਰੋਸਾ ਦਿੱਤਾ।

ਗੱਲਾਂ-ਬਾਤਾਂ 'ਚ ਪਤਾ ਹੀ ਨਾ ਲੱਗਾ, ਪੌਣੇ ਗਿਆਰਾਂ ਕਦ ਹੋ ਗਏ। ਤਾਰਿਆਂ ਨਾਲ਼ ਵੀ ਸਾਰਾ ਆਕਾਸ਼ ਭਰ ਗਿਆ।

"ਸਾਡੇ ਹੁੰਦਿਆਂ ਕੋਈ ਫਿਕਰ ਨਾ ਕਰਿਓ ਬਾਈ।"

ਆਖ ਗੁਰਮੁਖ ਤੇ ਝੰਡਾ ਸਿੰਘ ਕਾਹਨਗੜ੍ਹ ਨੂੰ ਚੱਲ ਪਏ। ਸਤੀਆ ਰਾਮ ਮੂੰਹ ਲਪੇਟ ਆਪਣੀ ਬੀਹੀ ਪੈ ਗਿਆ।

———

ਸਵੇਰ ਹੋ ਗਈ। ਆਜ਼ਾਦੀ ਤੋਂ ਬਾਅਦ ਆਉਣ ਵਾਲ਼ੀ ਹਰ ਸਵੇਰ ਦਾ ਨਵਾਂ ਰੰਗ ਹੁੰਦਾ ਗਿਆ। ਪਰ ਕਾਹਨਗੜ੍ਹ ਪਿੰਡ ਦੀ ਹਰ ਹਰਕਤ ਅਤੇ ਕਾਰ-ਵਿਹਾਰ ਨਿੱਤ ਦੀ ਤਰ੍ਹਾਂ ਸੀ। ਹਰ ਕੋਈ ਪਹਿਲਾਂ ਦੀ ਤਰ੍ਹਾਂ ਹੀ ਆਪਣੇ ਕੰਮ 'ਤੇ ਲੱਗਾ ਪਿਆ ਸੀ।

ਕੰਮੀ-ਕਿਸਾਨ ਖੇਤਾਂ ਨੂੰ ਜਾ ਰਹੇ ਸੀ।

ਔਰਤਾਂ ਗੋਹਾ-ਕੂੜਾ ਕਰਨ, ਧਾਰਾਂ ਕੱਢਣ 'ਤੇ ਰੋਟੀ ਟੁੱਕਰ ਦੇ ਆਹਰੀਂ ਲੱਗੀਆਂ ਹੋਈਆਂ ਸੀ। ਦੁੱਧ-ਪੁੱਤ ਦੀ ਝਾਕ 'ਚ ਸ਼ਰਧਾਵਾਨ ਔਰਤਾਂ ਡੇਰੇ ਜਾ ਕੇ ਵਾਪਸ ਵੀ ਆ ਗਈਆਂ ਸੀ।

ਕਿਰਾਇਆ-ਭਾੜਾ ਢੋਹਣ ਵਾਲ਼ੇ ਆਪਣੇ ਊਠ ਜਾਂ ਗਧੇ ਲੈ ਕੇ ਸਵੇਰ ਦੇ ਸ਼ਹਿਰ ਨੂੰ ਨਿਕਲ ਗਏ ਸੀ।

ਦੇਸੂ ਚਮਾਰ ਕਾਹਲ਼ੀ-ਕਾਹਲ਼ੀ ਚਮੜੇ ਨੂੰ ਰੰਗ ਦੇਣ 'ਚ ਲੱਗਾ ਪਿਆ ਸੀ।

ਉਸਨੂੰ ਸੱਥ 'ਚ ਜਾਣ ਦੀ ਕਾਹਲ਼ ਪਈ ਸੀ।

ਜਬਰੇ ਦੇ ਘਰ ਵਾਲ਼ੀ ਕਰੇਲੋ, ਛੱਜ 'ਚ ਨਿੰਮ ਦੇ ਗੁੰਦੇ ਹਾਰ ਚੱਕੀ ਫਿਰਦੀ ਸੀ। ਸੁੱਖ ਨਾਲ਼ ਕਿਸੇ ਦੇ ਘਰ ਜੜ੍ਹ ਲੱਗੀ ਹੈ। ਉਹ ਸ਼ਰੀਕੇ-ਕਬੀਲੇ 'ਚ ਨਿੰਮ ਬੰਨ੍ਹਦੀ ਤੇ ਵਧਾਈਆਂ ਦਿੰਦੀ ਫਿਰਦੀ ਸੀ।

ਜੇ ਬਦਲ ਗਏ ਸੀ ਤਾਂ ਕਾਲੀਆ ਪਿੰਡ ਦੇ ਤੇਵਰ। ਪਖੀਰਾਂ ਤੇ ਮੁਸਲਮਾਨਾਂ ਦੀ ਝਾਕਣੀ 'ਚ ਅੰਤਰ ਆ ਗਿਆ ਸੀ। ਉਨ੍ਹਾਂ ਨੇ ਤਾਂ ਆਪਣੇ ਬੱਚਿਆਂ ਨੂੰ ਵੀ ਤਾੜਨਾ ਕਰ ਦਿੱਤੀ- "ਕਿਸੇ ਨਾਲ਼ ਖੇਡਣ ਨੀ ਜਾਣਾ ਬਾਹਰ। ਨਾ ਹੀ ਕਿਸੇ ਨਾਲ ਗੱਲ ਕਰਨੀ ਐ।"

ਬੱਸ ! ਦੁੱਧ ਵਾਲ਼ੀ ਤੌੜੀ ਵਾਂਗ ਸਭ ਕੁੱਝ ਅੰਦਰ ਹੀ ਅੰਦਰ ਰਿੱਝ ਰਿਹਾ ਸੀ।

ਜੈਲਾ ਬਾਜ਼ੀਗਰ ਅੱਜ ਸਵੇਰੇ ਆਪਣਾ ਇੱਜੜ ਛੇਡਦਾ ਹੋਇਆ, ਮੋਹ-ਮੁਲ੍ਹਾਜ਼ੇ ਵਾਲ਼ੇ ਮੁਸਲਮਾਨਾਂ ਨੂੰ ਦੁਆ-ਸਲਾਮ ਕਰਕੇ ਲੰਘਿਆ ਪਰ ਕਿਸੇ ਨੇ ਧਿਆਨ ਨਾ ਦਿੱਤਾ।

"ਹੈਂ ! ਲੋਅੜਾ ਪਟ ਗਿਆ। ਕੋਈ ਸਲਾਮ ਵੀ ਕਬੂਲ ਨੀ ਕਰਦਾ।" ਉਹ ਮੁਸਲਮਾਨਾਂ 'ਤੇ ਹੈਰਾਨ ਸੀ। ਉਹ ਲੰਮੀ ਸੋਟੀ ਘੁਮਾਉਂਦਾ ਇੱਜੜ ਦੇ ਮਗਰ ਚੱਲ ਪਿਆ।

ਉਧਰ ਭਾਦੋਂ ਦੀ ਧੁੱਪ ਤੇ ਤਪਸ਼ ਦੇ ਨਾਲ਼ ਸਤੀਆ ਰਾਮ ਦੀ ਚਿੰਤਾ ਵਧਦੀ ਜਾ ਰਹੀ ਸੀ। ਉਹ ਕਦੋਂ ਦਾ ਕਾਹਨਗੜ੍ਹ ਵਾਲ਼ੇ ਰਾਹ ਵੱਲ ਨਿਗਾਹ ਗੱਡੀ ਖੜ੍ਹਾ ਸੀ। ਏਨੇ ਨੂੰ ਗੁਰਮੁਖ ਤੇ ਝੰਡਾ ਸਿੰਘ ਆ ਗਏ। ਉਹ ਕਿਸੇ ਨੂੰ ਭਿਣਕ ਨੀ ਸੀ ਪੈਣ ਦੇਣਾ ਚਾਹੁੰਦੇ। ਦੇਖਣ ਵਾਲ਼ਿਆਂ ਨੂੰ ਇਹ ਲੱਗੇ, ਕੋਈ ਰਿਸ਼ਤੇ ਨਾਤੇ ਦੇ ਸਬੰਧ ਵਿੱਚ ਆਏ ਹਨ।

ਗੁਰਮੁਖ ਹੋਰਾਂ ਨੇ ਗੁੱਜਰ ਦੇ ਘਰ ਆ ਕੇ ਜਲ ਛਕਿਆ। ਭਾਦੋਂ ਦੀ ਗਰਮੀ ਨੇ ਮੱਤ ਮਾਰ ਦਿੱਤੀ ਸੀ। ਪਿਆਸ ਨਾਲ਼ ਬੁੱਲ੍ਹ ਸੁੱਕ ਗਏ ਸੀ।

"ਕੱਲਾ-ਕੱਲਾ ਜਣਾ ਠੁਲ੍ਹਿਆਂ ਮੁਤਾਬਕ, ਮੋਢੀ ਬੰਦਿਆਂ ਨਾਲ਼ ਗੱਲ ਕਰੂ। ਠੁਲ੍ਹਿਆਂ ਦੇ ਆਗੂ ਨੂੰ ਲੈ ਕੇ ਆਣਾ ਤੇਰੀ ਜੁੰਮੇਵਾਰੀ ਐ, ਸਤੀਆ ਰਾਮਾ।" ਝੰਡਾ ਸਿੰਘ ਨੇ ਵਿਉਂਤ ਬਣਾਈ । ਫਿਰ ਵੀ ਪੁਰਾਣਾ ਤੇ ਤਜਰਬੇ ਵਾਲ਼ਾ ਖਿਡਾਰੀ ਹੈ। ਮੁਜਾਰਾ ਲਹਿਰ ਦੀਆਂ ਮੂਹਰਲੀਆਂ ਸਫਾਂ ਵਿੱਚ ਰਿਹਾ ਹੈ, ਉਹ।

"ਦਿਨ ਛਿਪਣ ਤੇ ਜਦ ਟਿਕਾਅ ਹੋ ਗਿਆ, ਪਿੰਡ ਛੱਡ ਜਾਣਾ ਹੈ। ਅਸੀਂ ਨਾਲ਼ ਹੀ ਹੋਮਾਂਗੇ।" ਗੁਰਮੁਖ ਨੇ ਗੱਲ ਦੀ ਤਹਿ ਬਣਾਈ।

ਝੰਡਾ ਸਿੰਘ ਤੇ ਗੁਰਮੁਖ ਦੀ ਬਣਾਈ ਵਿਉਂਤ 'ਤੇ ਸਹਿਮਤੀ ਬਣ ਗਈ। ਨਵਾਬ ਨਹੀਂ ਸੀ ਆਇਆ। ਉਸ ਦੇ ਆਉਣ ਨਾਲ਼ ਸਾਰੀ ਖੇਡ ਵਿਗੜ ਜਾਣੀ ਸੀ।

ਜਦ ਠੁਲ੍ਹਿਆਂ ਦੇ ਮੁਖੀ ਬੁਲਾਏ ਤਾਂ ਉਹਨਾਂ ਨੂੰ ਯਕੀਨ ਹੀ ਨਾ ਆਵੇ। ਆਖਣ -"ਏਨੀ ਮਾੜੀ ਕਰਨਗੇ, ਪਖੀਰ ਤੇ ਮੁਸਲੇ ! ਸਾਨੂੰ ਯਕੀਨ ਨੀ ਆਉਂਦਾ।"

"ਤਾਹੀਓਂ ਮੂੰਹ ਸੁਜਾਈ ਬੈਠੇ ਨੇ। ਮੈਂ ਵੀ ਸੋਚਾਂ, ਮੂੰਹ ਪਰਾਂ ਕਰਕੇ ਕਿਉਂ ਲੰਘਦੇ ਨੇ !" ਧਾਨਕ ਵਿਹੜੇ ਦਾ ਇੱਕ ਆਗੂ ਵੀ ਹੈਰਾਨ ਸੀ।

"ਅਸੀਂ ਵੀ ਥੋਡੀ ਰੱਖਿਆ ਲਈ ਆਮਾਂਗੇ, ਤੀਹ-ਚਾਲ਼ੀ ਜਵਾਨ ਲੈ ਕੇ।" ਝੰਡਾ ਸਿੰਘ ਨੇ ਪੂਰੀ ਮਦਦ ਦਾ ਭਰੋਸਾ ਦਿੱਤਾ।

"ਇੱਕ ਬੰਦਾ ਖੇਤ ਵੀ ਭੇਜਦੋ, ਹਾਲ਼ੀ-ਪਾਲ਼ੀ ਵੀ ਸਚੇਤ ਹੋ ਜਾਣਗੇ।" ਗੁਰਮੁਖ ਨੇ ਸੁਝਾਅ ਦਿੱਤਾ।

ਪਿੰਡ ਨੂੰ ਬਚਾਉਣ ਅਤੇ ਖ਼ੂਨ-ਖਰਾਬਾ ਰੋਕਣ ਦੀ ਮੰਸ਼ਾ ਨਾਲ, ਸਵੇਰ ਦੇ ਗਏ ਗੁਰਮੁਖ ਹੋਰ 'ਚੰਗਾ ਬਈ, ਅਸੀਂ ਆਮਾਂਗੇ। ਫਿਕਰ ਨਾ ਕਰਿਓ ਕਿਸੇ ਗੱਲ ਦਾ' ਆਖ ਵਾਪਸ ਕਾਹਨਗੜ੍ਹ ਨੂੰ ਚੱਲ ਪਏ।

ਭਾਦੋਂ ਦੀ ਤਪਸ਼ ਵੀ ਕਿੰਨੀ ਵਧ ਗਈ ਸੀ। ਸਿਖਰ ਦੁਪਹਿਰੇ ਪੰਛੀ ਵੀ ਟਿਕ ਕੇ ਦਰੱਖਤਾਂ 'ਤੇ ਆਣ ਬੈਠੇ ਸੀ। ਗੁਰਮੁਖ ਨੇ ਆਲ਼ੇ-ਦੁਆਲ਼ੇ ਖੇਤਾਂ 'ਚ ਨਜ਼ਰ ਮਾਰੀ, ਸਾਰੇ ਕੰਮੀ ਹਲ਼ ਛੱਡ ਕੇ ਠੰਢੀ ਛਾਂ ਹੇਠ ਬੈਠੇ ਸੀ। ਮਿੱਟੀ ਦੀ ਹਿੱਕ ਚੀਰਦੇ, ਹਲ਼ਾਂ ਮੂਹਰੇ ਭੱਜੇ ਫਿਰਦੇ ਬਲ਼ਦ ਵੀ ਆਪਣੇ ਮਾਲਕਾਂ ਕੋਲ਼ ਬੈਠੇ ਮੂੰਹ ਮਾਰਨ ਲੱਗੇ ਪਏ ਸੀ।

"ਗਰਮੀ ਨੇ ਵੀ ਰੜਾਟ ਕੱਢੇ ਪਏ ਨੇ।" ਮੁੜ੍ਹਕਾ ਪੂੰਝਦਾ ਗੁਰਮੁਖ ਬੋਲਿਆ।

"ਤੇਹ ਵੀ ਲੱਗੀ ਪਈ ਐ। ਟੋਭੇ ਵਾਲ਼ੀ ਖੂਹੀ ਤੋਂ ਪਾਣੀ ਪੀਵਾਂਗੇ।" ਝੰਡਾ ਸਿੰਘ ਦੇ ਵੀ ਬੁੱਲ੍ਹ ਸੁੱਕਦੇ ਜਾ ਰਹੇ ਸੀ।

ਕੱਚਾ ਪਹਾ ਸੁੰਨਾ ਪਿਆ ਸੀ। ਝੰਡਾ ਸਿੰਘ ਨੇ ਅੱਗੇ-ਪਿੱਛੇ ਵੇਖਿਆ, ਕੋਈ ਰਾਹੀ ਨਜ਼ਰ ਨਹੀਂ ਸੀ ਆ ਰਿਹਾ। ਕੁੱਝ ਚਿਰ ਪਹਿਲਾਂ ਉਨ੍ਹਾਂ ਮੂਹਰਦੀ ਬੋਤਾ ਲੈ ਕੇ ਲੰਘਣ ਵਾਲ਼ਾ ਇੱਕ ਸੱਜਣ, ਗੁਰੀਆ ਚਮਾਰ ਵੀ ਕਾਲੀਏ ਪਿੰਡ 'ਚ ਜਾ ਵੜਿਆ।

"ਬਾਈ ਗੱਲ ਸੁਣ ਕੇ ਜਾ।" ਝੰਡਾ ਸਿੰਘ ਨੇ ਉਸ ਨੂੰ ਰੋਕਣਾ ਚਾਹਿਆ।

ਪਰ ਉਹ ਕਾਹਲ਼ਾ ਤਾਂ ਝੰਡਾ ਸਿੰਘ ਹੋਰਾਂ ਦੇ ਰੋਕਣ 'ਤੇ ਵੀ ਨਹੀਂ ਸੀ ਰੁਕਿਆ।

"ਆਜਾ ...ਆਜਾ.. ਹੁਣ ਤਾਂ ਆ ਗਿਆ, ਟੋਭੇ ਵਾਲ਼ਾ ਪਿੱਪਲ।"

ਪਿੱਪਲ ਵੀ ਚਾਰ ਕੁ ਫਰਲਾਂਗਾਂ ਦੀ ਦੂਰੀ 'ਤੇ ਰਹਿ ਗਿਆ ਸੀ। ਗੁਰਮੁਖ ਨੇ ਪਿੱਛੇ ਰਹਿ ਗਏ ਝੰਡਾ ਸਿੰਘ ਨੂੰ ਹੌਸਲਾ ਦਿੱਤਾ।

"ਲੈ ਆਹ ਤਾਂ ਜਮ੍ਹਾਂ ਈ ਗੱਲ ਬਣਗੀ !" ਪਿੱਪਲ ਹੇਠ ਬੈਠਦਿਆਂ ਹੀ ਗੁਰਮੁਖ ਦੇ ਚਿਹਰੇ 'ਤੇ ਰੌਣਕ ਆ ਗਈ। ਧੂੰਆਂ ਨਿਕਲ ਰਿਹਾ ਸੀ।

"ਕੀ ਕੌਰੂ ਦਾ ਖਜ਼ਾਨਾ ਮਿਲ ਗਿਆ ?" ਪਿੱਛੇ ਆ ਰਿਹਾ ਝੰਡਾ ਸਿੰਘ ਹੈਰਾਨ ਹੋਇਆ।

"ਅੱਛਾ ! ਅੱਛਾ !! ਜੈਲੇ ਨੇ ਚਾਹ ਧਰ ਰੱਖੀ ਆ।" ਜੈਲੇ ਬਾਜ਼ੀਗਰ ਨੂੰ ਫੂਕਾਂ ਮਾਰਦਿਆਂ ਵੇਖ ਉਹ ਗੁਰਮੁਖ ਦੀ ਭਾਵਨਾ ਸਮਝ ਗਿਆ।

ਕਾਲੀਏ ਦਾ ਜੈਲਾ ਆਪਣੀਆਂ ਬੱਕਰੀਆਂ ਰੋਜ਼ਮਰ੍ਹਾ ਦੀ ਤਰ੍ਹਾਂ ਪਿੱਪਲ ਹੇਠ ਬਿਠਾਈ ਬੈਠਾ ਸੀ। ਕਿੱਕਰਾਂ ਦੇ ਲੁੰਗ ਮੁੱਛ ਕੇ ਆਈਆਂ ਬੱਕਰੀਆਂ ਆਰਾਮ ਨਾਲ਼ ਠੰਢੀ ਛਾਂ ਹੇਠ ਬੈਠੀਆਂ ਸੀ। ਜੈਲੇ ਨੇ ਨਿੱਕੀ ਜਿਹੀ ਚੁਰ ਪੱਟ ਕੇ, ਤਿੰਨ ਪੱਕੇ ਡਲ਼ੇ ਰੱਖ, ਪੱਕਾ ਹੀ ਚੁੱਲ੍ਹਾ ਬਣਾ ਰੱਖਿਆ ਸੀ। ਕਿੰਨੇ ਦਿਨਾਂ ਦੀ ਇਕੱਠੀ ਹੋਈ ਰਾਖ ਕੋਲ ਹੀ ਪਈ ਸੀ।

ਝੰਡਾ ਸਿੰਘ ਹੋਰਾਂ ਨੇ ਬਿਨਾਂ ਪੁੱਛਿਆਂ ਹੀ, ਉਸਦੇ ਡੋਲੂ 'ਚੋਂ ਪਾਣੀ ਪੀ ਲਿਆ।

"ਪੀਓਂਗੇ ਬਾਈ ?" ਲੱਕੜਾਂ ਅੱਗੇ ਕਰਦਿਆਂ ਜੈਲੇ ਨੇ ਚਾਹ ਬਾਰੇ ਪੁੱਛਿਆ।

"ਮਰਜੀ ਐ ਤੇਰੀ, ਜੈਲਾ ਸਿਆਂ।" ਝੰਡਾ ਸਿੰਘ ਸੂਤ ਹੋ ਕੇ ਬੈਠ ਗਿਆ।

"ਪਿਆ ਦੇ ਭੜਿਆ ।" ਗੁਰਮੁਖ ਦਾ ਮਨ ਸੀ, ਚਾਹ ਪੀਣ ਦਾ।

ਜੈਲੇ ਨੇ ਇੱਕ ਗਿਲਾਸ ਦੁੱਧ ਦਾ ਹੋਰ ਪਾ ਦਿੱਤਾ।

ਪਿੱਪਲ ਦੀ ਛਾਂ ਅਤੇ ਚਾਹ ਦੇ ਹੌਸਲੇ ਨੇ, ਝੰਡਾ ਸਿੰਘ ਹੋਰਾਂ ਨੂੰ ਸਕੂਨ ਦੇ ਦਿੱਤਾ। ਜੈਲੇ ਨੇ ਬੂਟੀਆਂ ਵਾਲ਼ੇ ਝੋਲ਼ੇ 'ਚੋਂ ਤਿੰਨ ਬਾਟੀਆਂ ਕੱਢ ਕੇ ਚਾਹ ਪਾਈ।

"ਓ ਥੋਡੀ ਨੂੰ ! ਜੈਲੂ, ਐਨਾ ਮਿੱਠਾ !!" ਝੰਡਾ ਸਿੰਘ ਨੇ ਪਹਿਲੀ ਘੁੱਟ ਹੀ ਭਰੀ ਸੀ। ਮਿੱਠਾ ਹੱਦੋਂ ਵੱਧ ਸੀ।

"ਮੈਂ ਤਾਂ ਬਾਈ ਫਿਰ ਮਖਿਆਲ਼ ਵਰਗੀ ਬਣਾ ਕੇ ਪੀਨੈਂ।" ਜੈਲੇ ਨੂੰ ਵੱਧ ਮਿੱਠੇ ਦੀ ਆਦਤ ਹੈ।

"ਜੈਲੂ ਸਿਆਂ, ਅੱਜ ਦੀ ਰਾਤ, ਤੇਰੇ ਪਿੰਡ ਕਹਿਰ ਦੀ ਰਾਤ ਐ।" ਗੁਰਮੁਖ ਬੋਲਿਆ।

"ਕਿਮੇ ਬਾਈ, ਕੋਈ ਸੋਕਾ ਪੈਣ ਆਲ਼ੈ ?" ਜੈਲਾ ਚਾਹ ਪੀਂਦਾ-ਪੀਂਦਾ ਰੁਕ ਗਿਆ।

"ਬਸ ਏਹੀ ਗੱਲ ਸਮਝ। ਮਾਹੌਲ ਖਰਾਬ ਹੋਈ ਜਾਂਦੈ। ਮੁਸਲਮਾਨ ਅੱਜ ਹਮਲਾ ਕਰਨਗੇ, ਆਪਣੀ ਬੱਚਤ ਰੱਖਿਓ।" ਝੰਡਾ ਸਿੰਘ ਨੇ ਜੈਲੂ ਨੂੰ ਚੇਤਾਵਨੀ ਦੇ ਕੇ, ਬਾਟੀ ਹੇਠਾਂ ਰੱਖ ਦਿੱਤੀ।

"ਅਸੀਂ ਕਿੱਧਰ ਜਾਈਏ ਫਿਰ ?" ਜੈਲੇ ਦੇ ਹੱਥੋਂ ਬਾਟੀ ਛੁਟ ਗਈ।

"ਪੰਜ-ਸੱਤ ਦਿਨ ਬੋਚ-ਬਚਾ ਕੇ ਕੱਢ ਲੋ ਕਿੱਧਰੇ।" ਝੰਡਾ ਸਿੰਘ ਨੇ ਸਲਾਹ ਦਿੱਤੀ।

"ਟਿੱਕੀ ਛਿਪਣ ਤੋਂ ਪਹਿਲਾਂ-ਪਹਿਲਾਂ ਪਿੰਡ ਵਗਜੀਂ।" ਗੁਰਮੁਖ ਨੇ ਉਹਦਾ ਮੋਢਾ ਹਲੂਣਿਆ। ਚਾਹ ਪੀ ਕੇ ਉਹ ਚੱਲਣ ਲਈ ਉੱਠ ਖੜੋਤੇ।

"ਡਾਂਗਾਂ ਸੋਟੇ ਲੈ ਕੇ ਤਾਂ ਅਸੀਂ ਬੀ ਆਮਾਂਗੇ।" ਖੂਹੀ ਲੰਘ ਚੁੱਕੇ ਝੰਡਾ ਸਿੰਘ ਨੇ ਭਉਂ ਕੇ ਜੈਲੇ ਨੂੰ ਹੌਸਲਾ ਦਿੱਤਾ।

ਸੁਣ ਕੇ ਜੈਲਾ ਇੱਜੜ ਨੂੰ ਗਹੁ ਨਾਲ ਤੱਕਣ ਲੱਗਾ। ਮਨ ਹੀ ਮਨ ਸੋਚਣ ਲੱਗਾ -"ਏਨ੍ਹਾਂ ਦਾ ਕੀ ਬਣੂ ! ਏਨ੍ਹਾਂ ਨਾਲ ਹੀ ਤਾਂ ਮੇਰਾ ਨਿਰਬਾਹ ਹੁੰਦੈ।"

ਝੰਡਾ ਸਿੰਘ ਹੋਰੀਂ ਤਾਂ ਪਿੰਡ 'ਚ ਵੜ ਵੀ ਗਏ ਸੀ। ਜੈਲਾ ਦੇਸੀ ਗੁਆਰੇ ਦੀਆਂ ਫਲ਼ੀਆਂ ਵਰਗੀਆਂ, ਲੰਮੀਆਂ ਉਂਗਲ਼ਾਂ ਨਾਲ਼ ਅਜੇ ਵੀ ਬਾਟੀਆਂ ਮਾਂਜ ਰਿਹਾ ਸੀ।

———

ਅੱਜ ਦਾ ਦਿਨ ਸੱਚਮੁੱਚ ਹੀ ਕਿਨਾਂ ਲੰਮਾ ਹੋ ਗਿਆ ਸੀ। ਸੂਰਜ ਵੀ ਜਿਵੇਂ ਲੱਤਾਂ ਅੜਾ ਕੇ ਖੜ੍ਹ ਗਿਆ ਹੋਵੇ। ਕਾਹਨਗੜ੍ਹ ਦੇ ਚੌਕੀਦਾਰ ਨੇ ਹੋਕਰਾ ਮਾਰਿਆ – "ਭਾਈ ਸੱਥ 'ਚ ਲੰਬਰਦਾਰ ਆਇਐ। ਹਾਲ਼ਾ ਭਰਦੋ ਜਾ ਕੇ, ਫਿਰ ਨਾ ਕਿਹੋ ਦੱਸਿਆ ਨੀ।"

ਹਾਲ਼ਾ ਇਕੱਠਾ ਕਰਨ ਆਇਆ ਦਿਆਲ ਨੰਬਰਦਾਰ ਸੱਥ 'ਚ ਆ ਕੇ ਬੈਠ ਗਿਆ। ਗੁਰਮੁਖ ਸਿੰਘ ਹੋਰੀਂ ਵੀ ਸੱਥ 'ਚ ਇਕੱਠੇ ਹੋ ਗਏ।

"ਕਿਮੇ ਆਉਣੇ ਹੋਏ ਨੰਬਰਦਾਰ ਜੀ ?" ਗੁਰਮੁਖ ਸਿੰਘ ਨੇ ਪੁੱਛਿਆ।

"ਕਈ ਘਰਾਂ ਦਾ ਹਾਲ਼ਾ ਰਹਿੰਦੈ, ਲੰਮੇ ਚਿਰ ਦਾ। ਫਿਰ ਕਹੋਂਗੇ ਮਾਲਕੀ ਖੁੱਸਗੀ।" ਨੰਬਰਦਾਰ ਨੇ ਆਪਣੀ ਵਹੀ ਕੱਢ ਕੇ, ਹਾਲ਼ਾ ਨਾ ਦੇਣ ਵਾਲ਼ੇ ਕਿਸਾਨਾਂ ਦਾ ਵੇਰਵਾ ਦੱਸਿਆ।

"ਮਾਹੌਲ ਤਾਂ ਵੇਖ ਲੈ ਕੀ ਬਣਿਐ ਪਿਐ ! ਨੰਬਰਦਾਰਾ। ਥੋਨੂੰ ਹਾਲ਼ੇ ਦੀ ਪਈ ਐ।" ਝੰਡਾ ਸਿੰਘ ਬੋਲੇ ਬਿਨਾਂ ਨਾ ਰਹਿ ਸਕਿਆ।

"ਕੀ ਕਰੀਏ ਨੰਬਰਦਾਰਾ ! ਫਸਲ ਨੀ ਚੰਗੀ ਲੱਗੀ। ਖਰੀਫ ਦੀ ਫਸਲ ਕੁਸ਼ ਚੰਗੀ ਨਿਕਲਣ ਦੀ ਸੰਭਾਵਨਾ ਹੈ। ਉਦੋਂ 'ਤਾਂਰਾਂਗੇ ਹਾਲਾ।" ਇਕੱਠ ਦੇ ਵਿੱਚੋਂ ਹੀ, ਪਤਾ ਨੀ ਕੌਣ ਬੋਲਿਆ, ਆਵਾਜ਼ ਵੀ ਦੱਬੀ ਜਿਹੀ ਸੀ।

"ਅੱਜ ਤਾਂ ਤੂੰ ਜਾਹ ਨੰਬਰਦਾਰਾ, ਵਿਸਵੇਦਾਰ ਨੂੰ ਆਖੀਂ ਜਾ ਕੇ, ਕਾਹਨਗੜ੍ਹੀਆਂ ਦੇ ਪੱਲੇ ਤਾਂ ਅੱਜ ਦੀ ਘੜੀ ਧੇਲਾ ਵੀ ਨੀ।" ਬਾਕੀ ਮੁਜਾਰੇ ਵੀ ਮਗਰ ਪੈ ਗਏ।

"ਮੈਂ ਤਾਂ ਵਗ ਜਾਨੈ, ਫੇਰ ਨਾ ਕਿਹੋ, ਪੱਕੀ-ਪਕਾਈ ਫਸਲ 'ਜਾੜਤੀ।" ਉੱਠ ਕੇ ਜਾਣ ਲੱਗਿਆ ਦਿਆਲ ਸਿੰਘ ਤਲਖੀ ਨਾਲ਼ ਬੋਲਿਆ।

"ਉਦੋਂ ਅਸੀਂ ਆਪੇ ਵੇਖਾਂਗੇ।" ਗੁਰਮੁਖ ਨੇ ਮੋੜਵਾਂ ਜਵਾਬ ਦਿੱਤਾ।

ਨੰਬਰਦਾਰ ਨਿੰਮੋ-ਝੂਣਾ ਹੋਇਆ ਮੁੜ ਗਿਆ।

"ਸਾਰੇ ਬੈਠੋ ਬਈ। ਇੱਕ ਗੱਲ ਸਾਂਝੀ ਕਰਨੀ ਐ।" ਗੁਰਮੁਖ ਨੇ ਸਾਰਿਆਂ ਨੂੰ ਬੈਠਣ ਦੀ ਹਦਾਇਤ ਕੀਤੀ।

ਸਾਰੇ ਬੈਠ ਗਏ। ਉਹ ਸੁਣਨ ਲਈ ਅਚੰਭਤ ਅਤੇ ਉਤਾਵਲੇ ਹੋ ਗਏ।

ਧਰਮ ਆਧਾਰ 'ਤੇ ਹੋਈ ਵੰਡ ਨੇ ਤਾਂ ਗੁਰਮੁਖ ਹੋਰਾਂ ਦੀ ਚਿੰਤਾ ਵਧਾ ਦਿੱਤੀ। ਚਿੰਤਾ ਵੀ ਕਿਉਂ ਨਾ ਵਧਦੀ, ਸੁਲ਼ਘਦੀ ਹੋਈ ਅੱਗ ਮਾਲਵੇ ਦੇ ਅਖ਼ੀਰਲੇ ਪਿੰਡਾਂ ਤਕ ਆ ਪਹੁੰਚੀ ਸੀ। ਮੁਸਲਿਮ ਆਬਾਦੀ ਵਾਲ਼ੇ ਪਿੰਡਾਂ ਦੇ ਹਾਲਾਤ ਵਿਗੜਨ ਦਾ ਜ਼ਿਆਦਾ ਖਦਸ਼ਾ ਸੀ। ਹਾਲਾਤਾਂ 'ਤੇ ਕਾਬੂ ਪਾਉਣ ਲਈ ਹੀ ਤਾਂ ਉਹ ਜ਼ੋਰ ਲਾ ਰਹੇ

ਸੀ। ਭਰੀ ਸਭਾ 'ਚ ਝੰਡਾ ਸਿੰਘ ਨੇ ਸਾਰੀ ਗੱਲ ਸਾਂਝੀ ਕੀਤੀ ਤਾਂ ਹੰਗਾਮਾ ਖੜ੍ਹਾ ਹੋ ਗਿਆ।

"ਵੇਖ ਲੋ ਏਹਦੇ ਲੰਗੋਟੀਏ ਯਾਰ ਦੀ ਕਰਤੂਤ ! ਉਦੋਂ ਤਾਂ ਘਰੇਂ ਬੁਲਾ-ਬੁਲਾ ਲੱਸੀਆਂ ਪਿਔਂਦਾ ਸੀ।" ਸਾਰੇ ਗੁਰਮੁਖ ਦੇ ਗਲ ਪੈ ਗਏ।

"ਨਵਾਬ ਨੇ ਮੇਰੇ ਘਰ ਦਾ ਨੂਣ ਖਾਧੈ। ਉਹ ਅੱਜ ਵੀ ਮੇਰੇ ਨਾਲ਼ ਐ।" ਗੁਰਮੁਖ ਨੇ ਆਪਣੀ ਪਕੇਰੀ ਸਾਂਝ ਦੀ ਗੱਲ ਕੀਤੀ।

"ਉਹ ਕੈਂਅ੍ਹਦਾ, ਮੇਰੇ ਤਿੰਨ ਜਵਾਕ ਨੇ .. ਚਾਹੇ ਤਿੰਨਾਂ ਦਾ ਸਿਰ ਧੜ ਨਾਲ਼ੋਂ ਅੱਡ ਹੋਜੇ ਪਰ ਮੈਂ ਪਿੰਡ 'ਚ ਆਹ ਕਹਿਰ ਨੀ ਹੋਣ ਦਿੰਦਾ।" ਝੰਡਾ ਸਿੰਘ ਨੇ ਨਵਾਬ ਅਤੇ ਗੁਰਮੁਖ ਦੀ ਦੋਸਤੀ ਦੀ ਪ੍ਰੋੜਤਾ ਕੀਤੀ।

"ਵਾਹ ਬੀ ਵਾਹ ! ਸਦਕੇ ਜਾਈਏ ਨਵਾਬ ਦੇ !" ਫਿਰ ਉਹੀ ਇਕੱਠ ਨਵਾਬ ਦੀ ਬਹਾਦਰੀ ਸੁਣ ਕੇ 'ਅਸ਼-ਅਸ਼' ਕਰ ਉੱਠਿਆ।

"ਅੱਜ ਸਾਰਿਆਂ ਨੇ ਡਾਂਗਾਂ-ਸੋਟੇ ਲੈ ਕੇ ਕਾਲੀਏ ਜਾਣੈ। ਕੋਈ ਖ਼ੂਨ-ਖਰਾਬਾ ਨੀ ਹੋਣ ਦੇਣਾ। ਜਿਨ੍ਹਾਂ ਨੇ ਜਾਣੈ, ਅੱਧੇ ਕ ਘੰਟੇ ਤਕ ਕਾਲੀ ਦੀ ਭੱਠੀ ਕੋਲ਼ ਆ ਜਾਇਓ। ਜਾਅਦੇ ਹੜਦੁੰਗ ਨੀ ਮਚਾਉਣੀ।" ਝੰਡਾ ਸਿੰਘ ਨੇ ਸਾਰੀ ਗੱਲ ਸਮਝਾ ਦਿੱਤੀ।

ਹੁਣ ਸਾਰਿਆਂ ਦਾ ਹੌਸਲਾ ਵਧ ਗਿਆ। ਪੂਰੇ ਜੋਸ਼ ਨਾਲ਼ ਜਵਾਨ ਮੁੰਡੇ ਤੇ ਮੁਜਾਰੇ ਅਗਲੀ ਤਿਆਰੀ ਵਿੱਢਣ ਲਈ ਸੱਥ 'ਚੋਂ ਇੱਕ ਵਾਰ ਘਰਾਂ ਨੂੰ ਚਲੇ ਗਏ।

———

ਦਿਨ ਦਾ ਛਿਪਾਅ ਹੋ ਗਿਆ। ਸੂਰਜ ਗੇਰੂਆ ਰੰਗ ਛੱਡਦਾ ਪਿੰਡ ਦੇ ਡੇਰੇ ਵਾਲ਼ੇ ਪਾਸੇ, ਝਿੜੀ ਤੋਂ ਪਰ੍ਹਾਂ ਜਾ ਕੇ ਇਕਦਮ ਅਲੋਪ ਹੋ ਗਿਆ। ਰੋਟੀ ਖਾ ਕੇ ਜੁਝਾਰੂ ਸਾਥੀ, ਕਾਲੀ ਦੀ ਭੱਠੀ ਕੋਲ਼ ਇਕੱਠੇ ਹੋਣੇ ਸ਼ੁਰੂ ਹੋ ਗਏ। ਘਸਮੈਲ਼ੇ ਜਿਹੇ ਹਨੇਰੇ 'ਚ ਪਛਾਣ ਕਰਨੀ ਮੁਸ਼ਕਿਲ ਸੀ। ਮੁਸਲਮਾਨਾਂ ਦਾ ਗੁਪਤ ਭੇਦ ਬੇਪਰਦ ਹੋ ਗਿਆ। ਸਾਰੇ ਪਿੰਡ ਨੂੰ ਕਾਲੀਏ 'ਚ ਹੋਣ ਵਾਲ਼ੀ ਘਟਨਾ ਦੀ ਸੂਚਨਾ ਮਿਲ ਗਈ।

ਚਾਲੇ ਪਾਉਣ ਤੋਂ ਪਹਿਲਾਂ ਗੁਰਮੁਖ ਤੇ ਝੰਡਾ ਸਿੰਘ ਨੇ ਸਾਰਿਆਂ ਨੂੰ ਦਿਸ਼ਾ-ਨਿਰਦੇਸ਼ ਦਿੱਤੇ -"ਸਾਰਿਆਂ ਨੇ ਚੁੱਪ-ਚੁਪੀਤੇ ਜਾਣੈ। ਅਸੀਂ ਪਿੰਡ 'ਚ ਬਿੜਕ ਲੈ ਕੇ ਆਮਾਂਗੇ ਤੇ ਸਤੀਆ ਰਾਮ ਹੋਰਾਂ ਨੂੰ ਲੈ ਕੇ ਆਮਾਂਗੇ। ਦਸ ਕ ਮੁੰਡੇ ਹਥਿਆਰਾਂ ਨਾਲ਼ ਲੈਸ ਹੋ ਕੇ ਸਾਡੇ ਨਾਲ਼ ਜਾਣਗੇ। ਬਾਕੀ ਪਹਾੜੀ ਕਿੱਕਰਾਂ ਕੋਲ਼ ਰੁਕ ਜਾਇਓ, ਜਦ ਲੋੜ ਪਈ, ਅਸੀਂ ਚੇਤਾਵਨੀ ਵਜੋਂ ਹਾਕ ਮਾਰਾਂਗੇ... ਬਈ ਆਜੋ, ਬਸ ਤੁਸੀਂ ਨਾਲ਼ ਦੀ ਨਾਲ਼ ਹੀ ਆ ਜਾਣਾ।"

ਪੰਜਾਹ ਬੰਦਿਆਂ ਦਾ ਜਥਾ ਕਾਲੀਏ ਨੂੰ ਚੱਲ ਪਿਆ।

ਕੱਚੇ ਪਹੇ ਦੇ ਦੋਵੇਂ ਪਾਸੇ, ਬੰਦਿਆਂ ਦੇ ਕੱਦ ਤੋਂ ਵੀ ਉੱਚਾ ਸਰਕੜਾ, ਹਵਾ ਦੇ ਬੁੱਲ੍ਹਿਆਂ ਨਾਲ਼ 'ਸਾਂ-ਸਾਂ' ਕਰ ਰਿਹਾ ਸੀ।

ਸਾਰਾ ਜਥਾ ਪੂਰੇ ਜੋਸ਼ ਨਾਲ਼ ਅੱਗੇ ਵਧਣ ਲੱਗਾ।

"ਮੁਸਲੇ ਸਮਝਦੇ ਕੀ ਨੇ, ਆਪਣੇ-ਆਪ ਨੂੰ ।" ਤੁਰੇ ਜਾਂਦੇ ਜਵਾਨ ਗੱਲਾਂ ਕਰਨ।

"ਤੇ ਅਸੀਂ ਕਿਹੜਾ ਚੂੜੀਆਂ ਪਾਈਆਂ ਨੇ ! ਭਰਾਵਾਂ ਦੀ ਰਾਖੀ ਕਰਾਂਗੇ ਡਟ ਕੇ।" ਉਹ ਵੀ ਮੁਕਾਬਲਾ ਕਰਨ ਲਈ ਤਿਆਰ ਸੀ।

"ਸੰਘੀ 'ਤੇ 'ਗੂਠਾ ਧਰਾਂਗੇ ਜਾ ਕੇ।"

ਜਿੰਨੇ ਮੂੰਹ, ਓਨੀਆਂ ਗੱਲਾਂ। ਪੰਜਾਹ ਜਣਿਆਂ ਦੀ ਟੋਲੀ 'ਚ, ਹਰ ਕੋਈ ਆਪੋ-ਆਪਣੇ ਵਿਚਾਰ ਰੱਖ ਰਿਹਾ ਸੀ। ਪਿੰਡੋਂ ਬਾਹਰ ਕਿੱਕਰਾਂ ਕੋਲ਼ ਜਾ ਕੇ, ਜਥੇ ਦੀ ਰਫਤਾਰ ਆਪ-ਮੁਹਾਰੇ ਘੱਟ ਗਈ।

"ਆਉ ਬਈ ਮੁੰਡਿਓ।" ਝੰਡਾ ਸਿੰਘ ਦੇ ਆਖਣ ਦੀ ਹੀ ਲੋੜ ਸੀ, ਤਕੜੇ ਤੇ ਗੁੰਦੇ ਜੁੱਸਿਆਂ ਵਾਲ਼ੇ ਜਵਾਨ ਹਥਿਆਰ ਲੈ ਕੇ ਨਾਲ਼ ਚੱਲ ਪਏ।

"ਤੁਸੀਂ ਰੁਕੋ, ਜੇ ਲੋੜ ਪਈ, ਬਸ ਆ ਜਾਣਾ।" ਪਹਾੜੀ ਕਿੱਕਰਾਂ ਕੋਲ਼ ਕੁੱਝ ਮੁਜਾਰਿਆਂ ਨੂੰ ਗੁਰਮੁਖ ਨੇ ਰੋਕ ਦਿੱਤਾ ਤੇ ਉਹ ਪਿੰਡ ਨੂੰ ਹੋ ਤੁਰੇ। ਕਈ ਜਣਿਆਂ ਨੂੰ ਉੱਥੇ ਰੋਕਣ ਦਾ ਮਤਲਬ ਸੀ, ਸ਼ੋਰ-ਸ਼ਰਾਬੇ ਕਾਰਨ ਕੰਮ ਨਾ ਵਿਗੜ ਜਾਵੇ। ਕਿਤੇ ਲੈਣੇ ਦੇ ਦੇਣੇ ਪੈ ਜਾਣ। ਇਸੇ ਲਈ ਗੁਰਮੁਖ ਹੋਰਾਂ ਨੇ ਸਿਆਣਪ ਵਰਤੀ। ਬਾਕੀ ਰਹੀ ਗੱਲ ਪਹਾੜੀ ਕਿੱਕਰਾਂ ਦੀ, ਉਹ ਵੀ ਜ਼ਿਆਦਾ ਦੂਰੀ 'ਤੇ ਨਹੀਂ ਸਨ।

ਝੰਡਾ ਸਿੰਘ ਹੋਰ ਨੇ ਜਾ ਕੇ ਵੇਖਿਆ, ਗ਼ੈਰ-ਮੁਸਲਿਮ ਪਰਿਵਾਰ ਤਾਂ ਆਪਣਾ ਸਮਾਨ ਵੀ ਬੰਨ੍ਹੀਂ ਬੈਠੇ ਸੀ।

"ਲੈ ਬਈ ਸਤੀਆ ਰਾਮ, ਸਾਰਿਆਂ ਨੂੰ ਆਖ, ਚੁੱਪ-ਚੁਪੀਤੇ ਚਾਲੇ ਪਾ ਦੇਣ।" ਗੁਰਮੁਖ ਸਿੰਘ ਨੇ ਸਲਾਹ ਦਿੱਤੀ।

"ਲਓ ਰੱਬ ਦਾ ਨਾਂ।" ਝੰਡਾ ਸਿੰਘ ਨੇ ਵੇਖਿਆ, ਸਤੀਆ ਰਾਮ ਦਾ ਪਰਿਵਾਰ ਤੇ ਬਾਕੀ ਠੁਲ੍ਹਿਆਂ ਵਾਲ਼ੇ ਤਿਆਰ-ਬਰ-ਤਿਆਰ ਸੀ। ਉਹ ਤਾਂ ਕਾਹਨਗੜ੍ਹੀਆਂ ਦੀ ਉਡੀਕ ਵਿੱਚ ਬੈਠੇ ਸੀ। ਮੁਜਾਰਿਆਂ ਦੇ ਆਉਣ ਨਾਲ਼ ਉਨ੍ਹਾਂ ਦੀ ਜਾਨ ਵਿੱਚ ਜਾਨ ਆ ਗਈ।

ਅਸਮਾਨ 'ਚ ਕੁੱਝ ਕੁ ਤਾਰੇ ਨਿਕਲ ਆਏ। ਮੰਗਲ ਅਤੇ ਸ਼ੁੱਕਰ ਗ੍ਰਹਿ ਵੀ ਮੱਧਮ ਜਿਹੇ ਚਮਕ ਰਹੇ ਸੀ।

ਬਣਾਈ ਵਿਉਂਤ ਮੁਤਾਬਕ ਸਾਰੇ ਪਰਿਵਾਰ, ਜਿੰਦੇ-ਕੁੰਡੇ ਭੇੜ ਕੇ ਕਾਹਨਗੜ੍ਹ ਨੂੰ ਹੋ ਤੁਰੇ। ਦਾਣਾ-ਫੱਕਾ ਗੱਟਿਆਂ 'ਚ ਪਾ, ਮੋਢਿਆਂ 'ਤੇ ਧਰ ਲਿਆ। ਛੋਟੇ ਬਲੂਰ ਕੰਧਾੜੇ ਬਿਠਾ ਲਏ। ਜਿਹੜੇ ਤੁਰ ਸਕਦੇ ਸੀ, ਉਨ੍ਹਾਂ ਨੂੰ ਉਂਗਲ ਫੜ ਨਾਲ਼ ਤੋਰ ਲਿਆ। ਕਾਹਨਗੜ੍ਹੀਆਂ ਹੱਥ ਡੋਰ ਦੇ ਕੇ, ਡੰਗਰਾਂ ਦੇ ਰੱਸੇ ਲਾ ਦਿੱਤੇ।

ਜਦ ਡੰਗਰਾਂ ਨੇ ਖੁਰ-ਵੱਢ ਕੀਤੀ ਤਾਂ ਮਸੀਤ ਵਿੱਚ ਵਿਉਂਤ ਬਣਾ ਰਹੇ ਮੁਸਲਮਾਨਾਂ ਨੂੰ ਭਿਣਕ ਪੈ ਗਈ। ਗੱਜੂ ਬਿੜਕ ਲੈਣ ਆਇਆ, ਵੇਖਿਆ, ਗੁੱਜਰ ਹੋਰ ਤਾਂ ਵਹੀਰਾਂ ਘੱਤੀ ਕਾਹਨਗੜ੍ਹ ਨੂੰ ਤੁਰੇ ਜਾਂਦੇ ਸੀ। ਉਹ ਭੱਜਿਆ-ਭਜਾਇਆ ਮਸੀਤ 'ਚ ਆਇਆ - "ਉਏ ਪਿੰਡ ਤਾਂ ਖਾਲੀ ਹੋ ਗਿਆ ਉਏ ! ਆਉ ਹਥਿਆਰ

ਲੈ ਕੇ, ਪਿੰਡ ਤਾਂ ਸਾਰਾ ਲੰਘ ਗਿਆ ਬਈ...।"

ਮਸੀਤ ਵਿੱਚ 'ਲਾਲਾ-ਲਾਲਾ' ਹੋ ਗਈ। ਸਾਰੇ ਗੁੱਜਰਾਂ ਦੇ ਘਰਾਂ ਨੂੰ ਪੈ ਗਏ। ਪਰ ਜਦ ਤਕ ਪਖੀਰ ਤੇ ਮੁਸਲਮਾਨ, ਮਸੀਤ ਤੋਂ ਬਾਹਰ ਆਉਂਦੇ, ਉਦੋਂ ਤਕ ਤਾਂ ਗੁੱਜਰ, ਬਾਜ਼ੀਗਰ, ਚਮਾਰ, ਧਾਨਕ ਮੁਜਾਰਿਆਂ ਦੀ ਰਹਿਨੁਮਾਈ ਅਧੀਨ ਪਿੰਡੋਂ ਬਾਹਰ ਹੋ ਗਏ। ਗੁਰਮੁਖ ਨੇ ਕਿੱਕਰਾਂ ਵਾਲ਼ੇ ਪਾਸੇ ਮੂੰਹ ਕਰਕੇ ਆਵਾਜ਼ ਮਾਰ ਕੇ ਬਾਕੀ ਸਾਥੀਆਂ ਨੂੰ ਵੀ ਬੁਲਾ ਲਿਆ ਸੀ- "ਆਜੋ .... ਬਈ...ਹਿੰਮਤ ਨਾਲ਼ ਆਜੋ।"

ਪਹਿਲਾਂ ਤੋਂ ਹੀ ਤਿਆਰ ਬੈਠੇ ਜਵਾਨਾਂ ਨੇ ਆਉਣ ਸਾਰ ਰੱਖਿਅਤ ਘੇਰਾ ਹੋਰ ਮਜ਼ਬੂਤ ਬਣਾ ਦਿੱਤਾ।

ਤੇਜ਼ੀ ਨਾਲ਼ ਤੁਰੇ ਜਾਂਦੇ ਕਾਫ਼ਲੇ ਵੱਲ ਮੁਸਲਮਾਨ ਕਚੀਚੀਆਂ ਲੈਣ ਲੱਗੇ। ਗੱਜੂ ਪਿੰਡ ਵਿੱਚ ਹੀ ਛਾਣ-ਬੀਣ ਕਰਨ ਲਈ ਘਰਾਂ ਵਿੱਚ ਵੜ ਗਿਆ। ਪਿੰਡ ਤਾਂ ਬਿਲਕੁਲ ਖ਼ਾਲੀ ਹੋ ਗਿਆ ਸੀ।

ਗੱਜੂ ਖਾਨ ਤੇਜ਼ੀ ਨਾਲ਼ ਪਿੰਡ ਦੇ ਬਾਹਰ ਭੱਜਿਆ। ਬਾਹਰ ਤਾਂ ਪੂਰਾ ਘਮਾਸਾਣ ਪੈ ਗਿਆ ਸੀ।

"ਲਾਹ ਦੋ ਸਾਲ਼ਿਆਂ ਦੇ ਗਾਟੇ, ਕੋਈ ਭੱਜ ਨਾ ਜਾਵੇ।" ਗੱਜੂ ਲਲਕਾਰੇ ਮਾਰਦਾ ਆਉਂਦਾ ਸੀ।

ਮੁਸਲਮਾਨ ਹਥਿਆਰਾਂ ਨੂੰ ਲਹਿਰਾਉਂਦੇ ਕਿੱਕਰਾਂ ਵੱਲ ਵਧੇ। ਝੰਡਾ ਸਿੰਘ ਹੋਰ ਨੇ ਭੇਡਾਂ ਬੱਕਰੀਆਂ ਦਾ ਇੱਜੜ ਪਿੰਡ ਵੱਲ ਹੀ ਮੋੜ ਦਿੱਤਾ। ਬੇਕਾਬੂ ਹੋਈਆਂ ਭੇਡਾਂ, ਬੱਕਰੀਆਂ, ਮੱਝੀਆਂ, ਗਾਵਾਂ ਨੇ ਹਮਲਾਵਰਾਂ ਦਾ ਰਸਤਾ ਰੋਕ ਲਿਆ। ਗੁਰਮੁਖ ਹੋਰੀਂ ਕਿੱਕਰਾਂ ਲੰਘ ਕੇ ਉੱਚੇ ਟਿੱਬੇ 'ਤੇ ਚੜ੍ਹ ਗਏ; ਕਾਲੀਏ ਵੱਲ ਮੂੰਹ ਕੀਤਾ; ਦੁਸ਼ਮਣਾਂ ਨੂੰ ਲਲਕਾਰਿਆ ਤੇ ਵੰਗਾਰਿਆ -"ਜੇ ਕੋਈ ਅੱਗੇ ਵਧਿਆ, ਆਪਣੀ ਜਾਨ ਦਾ ਆਪ ਬਾਲੀਵਾਰਸ ਐ। ਪੰਜਾਹ ਮੁੰਡੇ ਪਿੰਡੋਂ ਹੋਰ ਚੱਲੇ ਹੋਏ ਨੇ।" ਗੁਰਮੁਖ ਨੇ ਹੋਰ ਗੱਭਰੂਆਂ ਦੇ ਆਉਣ ਦਾ ਡਰਾਵਾ ਦਿੱਤਾ।

ਝੰਡਾ ਸਿੰਘ, ਗੁਰਮੁਖ ਤੇ ਅਣਖੀਲੇ ਗੱਭਰੂ ਬਹਾਦਰੀ ਅਤੇ ਤਕਨੀਕ ਨਾਲ਼ ਕਾਫ਼ਲੇ ਨੂੰ ਸੁਰੱਖਿਅਤ ਲੈ ਆਏ। ਮੁਸਲਮਾਨ ਵੀ ਹੱਕੇ-ਬੱਕੇ ਰਹਿ ਗਏ। ਉਨ੍ਹਾਂ ਦੇ ਹੱਥੋਂ ਸ਼ਿਕਾਰ ਨਿਕਲ ਗਿਆ। ਹਥਿਆਰ ਚੰਡੇ ਦੇ ਚੰਡੇ ਰਹਿ ਗਏ।

ਜਦ ਤਕ ਗੱਜੂ ਖਾਨ ਕਿੱਕਰਾਂ ਕੋਲ਼ ਗਿਆ, ਤਦ ਤਕ ਤਾਂ ਹਮਲਾਵਰ ਵਾਪਸ ਪਰਤਣੇ ਸ਼ੁਰੂ ਹੋ ਗਏ।

"ਕਿਮੇਂ ! ਪਿਆ ਨੀ ਕੁਸ਼ ਪੱਲੇ !!" ਆਪਣੀ ਗੰਡਾਸੀ ਦੀ ਧਾਰ 'ਤੇ ਹੱਥ ਫੇਰਦਾ ਗੱਜੂ, ਸਾਰੇ ਵਰਤਾਰੇ ਤੋਂ ਅਨਜਾਣ ਤੇ ਹੱਕਾ-ਬੱਕਾ ਸੀ।

"ਕਾਹਨਗੜ੍ਹੀਆਂ ਨੇ ਫੱਟੀ ਪੋਚਤੀ, ਨਹੀਂ ਤਾਂ ਮੂਲੀਆਂ ਮਾਂਗੂ ਵੱਢ ਦਿੰਦੇ।" ਮੌਲਵੀ ਦਾ ਜਵਾਬ ਸੀ। ਗੰਧਾਲ਼ਾ ਖ਼ੂਨ ਤੋਂ ਸੱਖਣਾ ਹੋਣ ਕਾਰਨ, ਉਹ ਨਿਰਾਸ਼ ਸੀ।

"ਚਲੋ ਮਸੀਤ 'ਚ ਚੱਲਦੇ ਆਂ।" ਮੌਲਵੀ ਨੇ ਬਾਕੀਆਂ ਨੂੰ ਵੀ ਸਲਾਹ ਦਿੱਤੀ। ਇਸ ਕੰਮ 'ਚ ਤਾਂ ਮਸੀਤ ਦਾ ਮੌਲਵੀ ਵੀ ਪਿੱਛੇ ਨਹੀਂ ਸੀ।

ਪਿੰਡ ਵਾਲ਼ਿਆਂ ਦੇ, ਆਪਣੇ ਨਾਲ ਹੱਕੇ ਡੰਗਰ, ਰੱਸੇ ਛੁਡਾ ਕੇ ਵਾਪਸ ਆਪਣੇ ਕਿੱਲਿਆਂ 'ਤੇ ਜਾ ਖੜ੍ਹੇ। ਮਾਲਕਾਂ ਤੋਂ ਸੱਖਣੇ ਵਿਹੜੇ ਵੇਖ ਉਹ ਭਮੱਤਰੇ ਫਿਰਦੇ ਸੀ। ਆਪਣੇ-ਆਪ ਨੂੰ ਚਲਾਕ ਸਮਝਦੇ ਪਖੀਰਾਂ ਨੇ ਤਾਂ ਛਾਂਟ ਕੇ ਲਵੇਰੀਆਂ ਆਪੋ-ਆਪਣੇ ਕਿੱਲਿਆਂ 'ਤੇ ਬੰਨ੍ਹ ਲਈਆਂ। ਜਿਸਦੇ ਵੀ ਹੱਥ ਰੱਸਾ ਲੱਗਿਆ, ਉਹੀ ਹੱਕ ਕੇ ਲੈ ਗਿਆ।

ਜੇ ਮਰਦ ਆਪਣੀ ਮਰਦਾਨਗੀ ਦਿਖਾਉਣ ਗਏ ਤਾਂ ਪਿੱਛੋਂ ਔਰਤਾਂ ਨੇ ਸੁੰਨੇ ਹੋਏ ਘਰਾਂ ਨੂੰ ਲੁੱਟਣਾ ਸ਼ੁਰੂ ਕਰ ਦਿੱਤਾ। ਰਾਤ ਦੇ ਹਨੇਰੇ 'ਚ ਅੱਜ ਤਾਂ ਬੇਫਿਕਰ ਹੋ ਕੇ ਲੁੱਟ ਕੀਤੀ ਜਾ ਰਹੀ ਸੀ। ਕੋਈ ਨਹੀਂ ਸੀ- ਦੇਖਣ ਵਾਲ਼ਾ, ਰੋਕਣ ਵਾਲ਼ਾ, ਟੋਕਣ ਵਾਲ਼ਾ, ਸਭ ਲੁੱਟਣ ਵਾਲ਼ੇ ਹੀ ਸੀ।

ਮਰਦ ਪਿੰਡ 'ਚ ਵੜੇ ਤਾਂ ਉਨਾਂ ਆਪਣਾ ਗੁੱਸਾ ਬੂਹੇ-ਬਾਰੀਆਂ ਦੀ ਭੰਨ-ਤੋੜ ਕਰਕੇ ਬਾਹਰ ਕੱਢਿਆ। ਕੰਧੋਲ਼ੀਆਂ ਢਾਹ ਦਿੱਤੀਆਂ, ਕੰਧੋਲ਼ੀਆਂ 'ਤੇ ਬਣਾਏ ਮੋਰ, ਘੁੱਗੀਆਂ, ਚਿੜੀਆਂ ਦੇ ਚਿੱਤਰ ਮਿੱਟੀ ਵਿੱਚ ਹੀ ਮਿਲ ਗਏ। ਦੁੱਧ ਵਾਲ਼ੀਆਂ ਤੌੜੀਆਂ ਅਤੇ ਹਾਰੇ ਭੰਨ ਦਿੱਤੇ।

ਅੱਧੇ ਘੰਟੇ 'ਚ ਹੀ ਖਿੜੇ ਗੁਲਾਬ ਵਰਗਾ ਪਿੰਡ ਮੁਰਝਾ ਗਿਆ ਤੇ ਮਹਿਕ ਵਿਹੂਣਾ ਹੋ ਗਿਆ।

———

ਹੱਲਾ-ਗੁੱਲਾ ਹੋਏ ਨੂੰ ਦੋ ਘੰਟੇ ਹੋ ਗਏ। ਹਨੇਰਾ ਹੋਰ ਸੰਘਣਾ ਹੋ ਗਿਆ। ਮੌਲਵੀ ਦੇ ਕਹਿਣ 'ਤੇ ਸਾਰੇ ਮਸੀਤ 'ਚ ਜੁੜ ਗਏ। ਚਾਰ-ਪੰਜ ਲਾਲਟੈਣਾਂ ਦਾ ਚਾਨਣ, ਹਨੇਰਾ ਦੂਰ ਕਰਨ ਲਈ ਕਾਫ਼ੀ ਸੀ। ਪਰ ਮੁਸਲਮਾਨਾਂ ਅਤੇ ਪਖੀਰਾਂ ਦੇ ਮਨ ਅੰਦਰਲਾ ਹਨੇਰਾ ਦੂਰ ਹੋਣ ਵਾਲ਼ਾ ਨਹੀਂ ਸੀ।

ਲਾਲਟੈਣਾਂ ਦੀ ਰੋਸ਼ਨੀ, ਭੀੜ ਦੇ ਚਿਹਰਿਆਂ ਨਾਲ ਟਕਰਾ ਕੇ ਖਿੰਡ ਰਹੀ ਸੀ।

"ਬਹਿਜੋ ... ਬਹਿ ਜੋ ਬਈ ..." ਮੌਲਵੀ ਨੇ ਹੱਥ ਦੇ ਇਸ਼ਾਰੇ ਨਾਲ਼ ਸਭ ਨੂੰ ਬਿਠਾ ਦਿੱਤਾ।

ਸਾਰੇ ਬੈਠ ਗਏ। ਹੌਲ਼ੀ-ਹੌਲ਼ੀ ਰੌਲਾ-ਰੱਪਾ ਸ਼ਾਂਤ ਹੋ ਗਿਆ। ਲਾਲਟੈਣਾਂ ਵਾਲ਼ੇ ਜ਼ਰੂਰ ਚਾਰੇ ਕੰਨੀਆਂ 'ਤੇ ਖੜ੍ਹੇ ਸੀ।

"ਸ਼ਿਕਾਰ ਹੱਥੋਂ ਨਿਕਲ ਗਏ ਤੇ ਅਸੀਂ ਹੱਥ ਮਲ਼ਦੇ ਹੀ ਰਹਿ ਗਏ। ਸਾਡੇ ਧੋਤੇ ਮੂੰਹ 'ਤੇ ਥੱਪੜ ਵੱਜਿਆ। ਕਾਹਨਗੜ੍ਹੀਆਂ ਨੇ ਸਾਡੀ ਸਕੀਮ 'ਤੇ ਪਾਣੀ ਫੇਰਤਾ।" ਮੌਲਵੀ ਨੂੰ ਅਫਸੋਸ ਸੀ।

"ਕਾਹਨਗੜ੍ਹੀਆਂ ਨੇ ਕਾਹਨੂੰ ਫੇਰਿਐ, ਸਕੀਮ 'ਤੇ ਪਾਣੀ ! ਮੈਨੂੰ ਤਾਂ ਲੱਗਦੈ, ਸਾਡੇ 'ਚੋਂ ਹੀ ਕਿਸੇ ਨੇ ਭਾਫ਼ ਬਾਹਰ ਕੱਢੀ ਐ।" ਗੱਜੂ ਖਾਨ ਉੱਠ ਕੇ ਬੋਲਿਆ। ਲਿੱਬੜੀ ਖਪਰੀ ਦੇ ਬਾਂਹੇ ਨੂੰ ਉਹ ਅਜੇ ਵੀ ਸੱਜੇ ਹੱਥ 'ਚ ਵਿਚਕਾਰੋਂ ਫੜੀਂ ਖੜ੍ਹਾ

ਸੀ।

"ਹੂੰ .. ਲੰਕਾ ਤਾਂ ਘਰ ਦੇ ਭੇਤੀ ਨੇ ਹੀ ਢਾਈ ਐ। ਚੁਗਲੀ ਕੀਤੀ ਐ .. ਕਿਸੇ ਨੇ ਚੁਗਲੀ ।" ਪਖੀਰਾਂ ਦਾ ਆਗੂ ਬੋਲਿਆ। ਅੱਜ ਤਾਂ ਪਖੀਰ ਵੀ ਪਿੱਛੇ ਨਹੀਂ ਸੀ ਰਹਿਣਾ ਚਾਹੁੰਦੇ। ਬੇਸ਼ੱਕ ਮੁਸਲਮਾਨ ਉਨ੍ਹਾਂ ਨੂੰ ਹਮੇਸ਼ਾ ਆਪਣੇ ਤੋਂ ਨੀਵਾਂ ਸਮਝਦੇ ਰਹੇ।

"ਪਤਾ ਕਰੋ ਫਿਰ ਕਿਹੜੈ, ਦੋਜਖਾਂ ਦਾ ਭਾਗੀ ?" ਹੇਠਾਂ ਬੈਠੀ ਭੀੜ 'ਚੋਂ ਇੱਕ ਸੱਜਣ ਬੋਲਿਆ। ਮੱਧਮ ਰੌਸ਼ਨੀ 'ਚ ਉਸ ਦਾ ਚਿਹਰਾ ਨਜ਼ਰ ਨਾ ਆਇਆ । 'ਭੱਕ-ਭੱਕ' ਕਰਕੇ ਇੱਕ ਲਾਲਟੈਣ ਬੁਝ ਗਈ। ਸ਼ਾਇਦ ਉਸ ਦਾ ਤੇਲ ਮੁੱਕ ਗਿਆ ਸੀ ਜਾਂ ਫਿਰ ਬੱਤੀ ਮੱਚ ਗਈ ਹੋਣੀ।

"ਗਲਤੀ ਕੀਤੀ ਐ, ਉਸ ਸ਼ਖ਼ਸ਼ ਨੇ। ਉਹਦਾ ਹਸ਼ਰ ਬੁਰਾ ਹੋਊ।" ਮੌਲਵੀ ਨੇ ਸਖਤ ਚਿਤਾਵਨੀ ਦਿੱਤੀ।

ਹੇਠਾਂ ਬੈਠੀ ਅੰਨ੍ਹੀ ਭੀੜ ਨੇ ਮੌਲਵੀ ਦੀ ਹਮਾਇਤ ਕੀਤੀ – "ਹਾਂ ... ਹਾਂ .... ਹਾਂ......"

"ਅਗਲੀ ਵਿਉਂਤਬੰਦੀ ?" ਲਾਲਟੈਣ ਫੜੀਂ ਖੜ੍ਹਾ, ਅਧੇੜ ਉਮਰ ਦਾ ਪਖੀਰ, ਮੌਲਵੀ ਵੱਲ ਮੂੰਹ ਕਰਕੇ ਬੋਲਿਆ।

"ਹੁਣ ਘਰਾਂ ਨੂੰ ਜਾਓ, ਬੱਚੇ ਤੇ ਇਸਤਰੀਆਂ ਵੀ ਡਰੀਆਂ ਬੈਠੀਆਂ ਹੋਣੀਆਂ। ਉਨਾਂ ਨੂੰ ਹੌਸਲਾ ਦਿਓ ਜਾ ਕੇ।" ਬੇਵੱਸ ਹੋਏ ਮੌਲਵੀ ਨੇ ਘਰ ਜਾਣ ਦੀ ਸਲਾਹ ਦਿੱਤੀ।

"ਪਰ ਦਸ-ਪੰਦਰਾਂ ਜਣੇ ਅੱਜ ਪਹਿਰਾ ਵੀ ਦੇਣਗੇ। ਦੱਸੋ ਕਿਹੜੇ-ਕਿਹੜੇ ?" ਮੌਲਵੀ ਦੇ ਮਗਰ ਹੀ ਗੱਜੂ ਬੋਲਿਆ। ਉਸ ਅੰਦਰਲੀ ਅੱਗ ਅਜੇ ਸ਼ਾਂਤ ਨਹੀਂ ਸੀ ਹੋਈ।

ਗੱਜੂ ਦੇ ਆਖਣ ਦੀ ਦੇਰ ਸੀ, ਪੰਦਰਾਂ-ਵੀਹ ਮਰਦ ਪਹਿਰਾ ਦੇਣ ਲਈ ਅੱਗੇ ਆਏ।

"ਤਕੜਾਈ ਰੱਖਿਓ, ਕਿਤੇ ਕਾਹਨਗੜ੍ਹੀਏ ਰਾਤ ਨੂੰ ਆਪਣੇ 'ਤੇ ਹੀ ਹਮਲਾ ਕਰ ਦੇਣ। ਆਪਣੇ ਤੋਂ ਤਾਂ ਕੰਮ ਕੱਚਾ ਨਿਕਲ ਗਿਆ।" ਮੌਲਵੀ ਨੇ ਪਹਿਰੇ ਵਾਲ਼ੀ ਟੋਲੀ ਨੂੰ ਚੌਕਸ ਰਹਿਣ ਲਈ ਕਿਹਾ।

ਗੱਲਬਾਤ ਖ਼ਤਮ ਹੋ ਗਈ। ਸਭ ਆਪੋ-ਆਪਣੇ ਘਰਾਂ ਨੂੰ ਚੱਲ ਪਏ। ਲਾਲਟੈਣਾਂ ਦਾ ਤੇਲ ਵੀ ਘਟ ਗਿਆ ਸੀ। ਤੇਲ ਘਟਣ ਕਾਰਨ ਲਾਲਟੈਣਾਂ ਦੀ ਰੋਸ਼ਨੀ ਮੱਧਮ ਪੈ ਗਈ।

ਹਵਾ ਰੁਕਣ ਕਾਰਨ ਇੱਕ ਵਾਰ ਫਿਰ ਵਟ ਜਿਹਾ ਹੋ ਗਿਆ।

ਤੀਵੀਂਆਂ ਘਰਾਂ 'ਚ ਬੈਠੀਆਂ ਬਿੜਕਾਂ ਲੈ ਰਹੀਆਂ ਸੀ। ਮੁਸਲਮਾਨ ਅਤੇ ਪਖੀਰਾਂ ਦੇ ਘਰਾਂ 'ਚ ਵੀ ਖਾਮੋਸ਼ੀ ਵਰਤ ਰਹੀ ਸੀ। ਤੀਵੀਆਂ ਕਾਲਜੇ ਫੜੀ ਬੈਠੀਆਂ ਸੀ। ਉਹ ਸੋਚ ਰਹੀਆਂ ਸੀ –

"ਪਤਾ ਨੀ ! ਮਰਦ ਘਰੇਂ ਔਣਗੇ ਵੀ ਕਿ ਨਾ ?"

"ਮੇਰੇ ਮੌਲਾ ! ਖ਼ੈਰ ਬਖ਼ਸ਼ਾਈਂ ।"

ਜਦ ਮਰਦਾਂ ਨੇ ਘਰ ਜਾ ਦਰਵਾਜ਼ੇ ਖੜਕਾਏ, ਤਾਂ ਕਿਤੇ ਜਾ ਕੇ ਉਹਨਾਂ ਦਾ ਸਾਹ ਨਾਲ਼ ਸਾਹ ਰਲਿਆ।

ਪਹਿਰੇ ਵਾਲ਼ੇ ਗੱਭਰੂ ਦੋ ਲਾਲਟੈਣਾਂ ਲੈ ਕੇ, ਕਾਹਨਗੜ੍ਹ ਵਾਲ਼ੀ ਫਿਰਨੀ ਵੱਲ, ਇੱਕ ਗੇੜਾ ਮਾਰ ਵੀ ਆਏ ਸੀ। ਉਸ ਪਾਸੇ ਗੇੜਾ ਮਾਰਨ ਦਾ ਮਤਲਬ, ਕਾਹਨਗੜ੍ਹੀਆਂ ਦੀ ਹਰਕਤ 'ਤੇ ਨਿਗ੍ਹਾ ਰੱਖਣਾ ਸੀ। ਪਰ ਉੱਧਰ ਮਾਹੌਲ ਠੀਕ ਲੱਗਿਆ। ਉਸ ਪਾਸਿਓਂ ਨਾ ਕੋਈ ਆਉਂਦਾ ਅਤੇ ਨਾ ਹੀ ਜਾਂਦਾ ਨਜ਼ਰ ਆਇਆ।

ਗਲੀਆਂ 'ਚ ਪਹਿਰਾ ਦੇ ਰਹੇ ਗੱਭਰੂਆਂ ਦੀ ਪੈੜ-ਚਾਲ ਅਤੇ ਸੋਟੀਆਂ ਦੀ 'ਠੱਕ-ਠੱਕ' ਅੰਦਰ ਗੱਲਾਂ ਕਰ ਰਹੇ ਮਰਦ-ਔਰਤਾਂ ਦੀ ਗੱਲ 'ਚ ਵਿਘਨ ਪਾ ਰਹੀ ਸੀ। ਉਹ ਕਿਹੜਾ ਅੱਜ ਮੋਹ-ਪ੍ਰੇਮ ਦੀਆਂ ਗੱਲਾਂ ਕਰ ਰਹੇ ਸੀ ! ਅੱਜ ਦੇ ਟਕਰਾਅ ਨੇ ਰੋਸ਼ਨੀ ਦੇ ਮੇਲੇ ਦੀਆਂ ਯਾਦਾਂ ਵੀ ਮੱਧਮ ਪਾ ਦਿੱਤੀਆਂ।

ਬਾਰ੍ਹਾਂ ਵਜੇ ਤਕ ਪਹਿਰੇਦਾਰ ਬਿੜਕ ਰੱਖਦੇ ਰਹੇ। ਬਾਰ੍ਹਾਂ ਤੋਂ ਬਾਅਦ ਤਾਂ ਹਵਾ ਵੀ ਰੁਮਕਣ ਲੱਗ ਪਈ ਸੀ। ਉਨਾਂ ਦੀਆਂ ਅੱਖਾਂ 'ਚ ਨੀਂਦ ਰੜਕਣ ਲੱਗੀ। ਆਖ਼ਰ ਪੰਜ-ਪੰਜ ਜਣਿਆਂ ਦੀਆਂ ਚਾਰ ਟੋਲੀਆਂ ਪਿੰਡ ਦੇ ਚਾਰੋ ਪਾਸੇ ਸਾਧਣਵਾਸ, ਕਾਹਨਗੜ੍ਹ, ਬਖਸ਼ੀਵਾਲ਼ੇ ਤੇ ਸਧਾਣੀ ਵੱਲ, ਪੱਕਾ ਡੇਰਾ ਲਾ ਕੇ ਬੈਠ ਗਈਆਂ।

ਨੀਂਦ ਤਾਂ ਬਹੁਤ ਝੂਟੇ ਮਾਰ ਰਹੀ ਸੀ ਪਰ ਸਿਦਕ ਤੇ ਸਿਰੜ ਦੇ ਪੱਕੇ ਪਹਿਰੇਦਾਰ, ਫਿਰ ਵੀ ਡਟੇ ਹੋਏ ਸੀ।

———

ਸਵੇਰ ਹੋਣ ਤਕ ਕਾਹਨਗੜ੍ਹ ਵਿੱਚ ਕਾਲੀਏ ਦੇ ਖ਼ਾਨਾਂ ਤੇ ਪਖੀਰਾਂ ਦੀ ਕਰਤੂਤ ਦਾ ਭਾਂਡਾ ਫੁੱਟ ਗਿਆ। ਬਹੁਤੀ ਆਬਾਦੀ ਨੂੰ ਇਸ ਘਟਨਾ ਦੀ ਜਾਣਕਾਰੀ ਰਾਤ ਹੀ ਮਿਲ ਗਈ ਸੀ। ਅੱਧਾ ਪਿੰਡ ਤਾਂ ਰਾਤ ਹੀ ਇਕੱਠਾ ਹੋ ਗਿਆ ਸੀ।

ਕਾਲੀ ਦੀ ਭੱਠੀ ਕੋਲ਼ ਸਾਰਾ ਪਿੜ ਵਿਹਲਾ ਹੀ ਪਿਆ ਸੀ। ਗੁਰਮੁਖ ਹੋਰਾਂ ਨੇ ਰਾਤ ਹੀ ਸਾਰੇ ਟੱਬਰਾਂ ਨੂੰ ਆਖ ਦਿੱਤਾ ਸੀ- "ਭਾਈ, ਜਿੱਥੇ ਵੀ ਕਿਤੇ ਟਿਕਾਣਾ ਮਿਲਦੈ, ਇੱਕ ਵਾਰ ਉੱਥੇ ਹੀ ਡੇਰਾ ਲਾ ਲਓ।"

ਕਈ ਹਿੰਮਤੀ ਗੱਭਰੂ ਪਿੰਡ 'ਚੋਂ ਮੰਜੇ 'ਕੱਠੇ ਕਰ ਲਿਆਏ। ਸਾਰੇ ਪਰਿਵਾਰਾਂ ਨੂੰ ਇੱਕ-ਇੱਕ ਮੰਜਾ ਦੇ ਦਿੱਤਾ। ਸਾਰੇ ਪਿੰਡ ਨੇ ਲੰਗਰ ਚਲਾ ਦਿੱਤਾ। ਅੰਨ-ਜਲ ਦੀ ਘਾਟ ਨਾ ਆਉਣ ਦਿੱਤੀ। ਬਲਿਹਾਰੇ ਜਾਈਏ ਕਾਹਨਗੜ੍ਹੀਆਂ ਦੇ, ਜਿਨ੍ਹਾਂ ਨੇ ਭੰਡਾਰਾ ਚਲਾ ਦਿੱਤਾ, ਨਿਆਸਰਿਆਂ ਨੂੰ ਆਸਰਾ ਦਿੱਤਾ, ਖ਼ਾਨਾਂ ਤੇ ਪਖੀਰਾਂ ਦੇ ਚੁੰਗਲ 'ਚੋਂ ਛੁਡਾ ਕੇ ਜ਼ਿੰਦਗੀ ਬਖ਼ਸ਼ੀ।

ਬੁੱਢਿਆਂ ਅਤੇ ਬੱਚਿਆਂ ਸਮੇਤ, ਗਈ ਰਾਤ ਦੁੱਖ-ਤਕਲੀਫ਼ ਨਾਲ਼ ਲੰਘੀ।

ਸਵੇਰ ਹੋਈ ਤਾਂ ਸਾਰਾ ਪਿੰਡ ਫਿਰ ਖਾਤਰਦਾਰੀ ਲਈ ਆ ਗਿਆ। ਲੱਸੀ, ਦੁੱਧ, ਦਹੀਂ, ਖਿਚੜੀ ਜਿਹੋ ਜਿਹਾ ਕਿਸੇ ਤੋਂ ਤਿਲ-ਫੁੱਲ ਸਰਿਆ, ਲੈ ਕੇ ਹਾਜ਼ਰ ਹੋ

ਗਏ। ਰਾਤ ਜੋ ਘਰ ਸੇਵਾ ਤੋਂ ਵਾਂਝੇ ਰਹਿ ਗਏ ਸੀ, ਉਹ ਹੁਣ ਕਸਰ ਪੂਰੀ ਕਰ ਰਹੇ ਸੀ।

"ਪਤਾ ਨੀ ਸਾਡੇ ਘਰਾਂ ਦਾ ਕੀ ਬਣਿਆ ਹੋਣਾ ! ਪਸ਼ੂ-ਡੰਗਰ ਬੀ ਪਤਾ ਨੀ ਕਿੱਧਰ ਲੰਘਗੇ ਹੋਣੇ।" ਸਤੀਆ ਰਾਮ ਨੇ ਅੰਦਰਲਾ ਦੁੱਖ ਬਾਹਰ ਕੱਢਿਆ। ਉਸ ਦਾ ਧਿਆਨ ਵਾਰ-ਵਾਰ ਪਿੰਡ ਵੱਲ ਹੀ ਜਾ ਰਿਹਾ ਸੀ।

"ਕੁੱਝ ਨੀ ਹੁੰਦਾ ਸਤੀਆ ਰਾਮ! ਹੌਂਸਲਾ ਰੱਖ, ਸਾਰਾ ਨਗਰ-ਖੇੜਾ ਥੋਡੇ ਨਾਲ਼ ਐ।" ਗੁਰਮੁਖ ਸਿੰਘ ਨੇ ਮੋਢਾ ਥਾਪੜ ਕੇ ਉਸ ਨੂੰ ਹੌਸਲਾ ਦਿੱਤਾ। ਸਤੀਆ ਰਾਮ ਦੀਆਂ ਅੱਖਾਂ 'ਚੋਂ ਹੰਝੂ ਵਗੇ, ਜਿਨ੍ਹਾਂ ਨੂੰ ਉਸਨੇ ਆਪਣੇ ਚਾਦਰੇ ਦੇ ਲੜ ਨਾਲ ਪੂੰਝਿਆ, ਫਿਰ ਚਾਦਰਾ ਹੇਠਾਂ ਲਮਕਣਾ ਛੱਡ ਦਿੱਤਾ।

"ਗੁਰੀਏ ਚਮਾਰ ਦਾ ਪਤਾ ਨੀ ਕੀ ਬਣਿਆ ਹੋਣਾ !"

ਸਤੀਆ ਰਾਮ ਨੂੰ ਉਸਦਾ ਵੀ ਫਿਕਰ ਪਿਆ ਸੀ।

"ਉਹ ਤਾਂ ਬਾਈ ਰਾਤ ਹੀ ਮਾਰਤਾ, ਗੱਜੂ ਹੋਰਾਂ ਨੇ।"

"ਹੈਂ ! ਗੁਰੀਆ ਮਾਰਤਾ !!" ਸੁਣ ਕੇ ਸਭ ਹੈਰਾਨ ਹੋ ਗਏ।

"ਸੱਚੀ ਗੱਲ ਐ ਬਈ ..ਅਗਲਿਆਂ ਨੇ ਮਾਰ ਕੇ ਰੱਦੀ ਨਹਿਰ 'ਚ ਵੀ ਡੇਗ 'ਤਾ।" ਜਬਰੇ ਨੇ ਗੁਰੀਏ ਦੀ ਮੌਤ ਦੀ ਖ਼ਬਰ ਸਭ ਨਾਲ਼ ਸਾਂਝੀ ਕੀਤੀ। ਉਹ ਰਾਤ ਸਾਧਣਵਾਸ ਵਿਆਹ ਤੋਂ ਆਇਆ ਸੀ। ਜਦ ਰੱਦੀ ਨਹਿਰ ਕੋਲ਼ੋਂ, ਕਾਹਨਗੜ੍ਹ ਨੂੰ ਆ ਰਿਹਾ ਸੀ ਤਾਂ ਉਸ ਨੇ ਰਾਤ ਦੇ ਹਨੇਰੇ 'ਚ, ਕਿੱਕਰਾਂ ਅਤੇ ਬੇਰੀਆਂ ਦੇ ਝੁੰਡ ਕੋਲ਼ ਪਟੜੀ 'ਤੇ ਤਿੰਨ ਜਣਿਆਂ ਦੀ ਘੁਸਰ-ਮੁਸਰ ਸੁਣੀ। ਉਹ ਬਿੜਕ ਲੈਣ ਲਈ ਰੁਕ ਗਿਆ। ਜਣੇ ਤਿੰਨ ਸੀ ਜਾਂ ਚਾਰ, ਇਹ ਵੀ ਉਹਨੂੰ ਚੰਗੀ ਤਰ੍ਹਾਂ ਪਤਾ ਨਾ ਲੱਗਿਆ। ਉਹ ਆਪਸ ਵਿੱਚ ਆਖ ਰਹੇ ਸੀ – "ਕਿੱਥੇ ਕ ਡੇਗੀਏ ? ਏਸ ਲੋਥ ਨੂੰ।"

"ਅੱਗੇ ... ਅੱਗੇ ...,ਥੋੜਾ ਜਾ ਹੋਰ ਅੱਗੇ। ਡੂੰਘੇ ਜੇ ਪਾਣੀ 'ਚ।"

ਜਬਰੇ ਨੂੰ ਇੱਕ ਜਣਾ ਆਪਣੇ ਵੱਲ ਆਉਂਦਾ ਵੀ ਨਜ਼ਰ ਆਇਆ। ਉਸਦੇ ਹੱਥ 'ਚ ਗੰਧਾਲ਼ਾ ਸੀ ਜਾਂ ਗੰਡਾਸਾ, ਹਥਿਆਰ ਜ਼ਰੂਰ ਸੀ। ਉਹ ਮੂਹਰੇ-ਮੂਹਰੇ ਉਨ੍ਹਾਂ ਦੀ ਅਗਵਾਈ ਕਰ ਰਿਹਾ ਸੀ।

ਜਬਰਾ ਥੋੜ੍ਹਾ ਜਿਹਾ ਪਿੱਛੇ ਹੋ ਕੇ ਦੱਭ ਦੇ ਉਹਲੇ ਬੈਠ ਗਿਆ। ਉਸਨੇ ਸਾਹ ਘੁੱਟ ਲਿਆ। ਹੁਣ ਜਬਰੇ ਨੂੰ ਸਾਫ ਨਜ਼ਰ ਆ ਰਿਹਾ ਸੀ, ਉਹ ਤਿੰਨ ਜਣੇ ਹੀ ਸੀ।

"ਏ ......, ਲੈ।" ਆਖ ਦੋ ਜਣਿਆਂ ਨੇ ਲੋਥ ਨੂੰ ਡੂੰਘੇ ਪਾਣੀ 'ਚ ਸੁੱਟਿਆ।

"ਸਾਲ਼ਾ, ਨਹੀਂ ਪਿੰਡ 'ਚ ਸੜੀ ਜਾਂਦਾ।" ਗੱਜੂ ਮੱਥੇ ਤੋਂ ਪਸੀਨਾ ਪੂੰਝਦਾ ਬੋਲਿਆ।

"ਕਹਿੰਦਾ ... ਮੈਂ ਨੀ ਪਿੰਡ ਛੱਡਦਾ.... ਹੁਣ ਸੌਖਾ ਰਿਹਾ ... ਜਹਾਨ ਛੱਡ ਕੇ।" ਗੱਜੂ ਦੇ ਨਾਲ਼ ਵਾਲ਼ਾ ਵੀ ਮੁੜ੍ਹਕੋ-ਮੁੜ੍ਹਕੀ ਹੋ ਗਿਆ ਸੀ।

ਅਚਾਨਕ ਉਨ੍ਹਾਂ ਨੂੰ ਦੱਭ ਵਾਲ਼ੇ ਪਾਸੇ ਹਿਲ-ਜੁਲ ਜਿਹੀ ਹੁੰਦੀ ਮਹਿਸੂਸ

ਹੋਈ।

"ਕਿਹੜੈ ?" ਉਹ ਤਿੰਨੋਂ 'ਕੱਠੇ ਬੋਲੇ, ਜਿਵੇਂ ਪਹਿਲਾਂ ਹੀ ਰਾਇ ਬਣਾਈ ਹੋਵੇ। ਉਨਾਂ ਨੂੰ ਵੀ ਬੰਦੇ ਦਾ ਝਾਉਲ਼ਾ ਜਿਹਾ ਪਿਆ। ਜਬਰੇ ਨੇ ਡਰਦਿਆਂ ਸਾਹ ਘੁੱਟ ਲਿਆ ਪਰ ਸਾਹ ਕਿੰਨਾ ਕੁ ਚਿਰ ਰੁਕਿਆ ਰਹਿੰਦਾ। ਉਸਨੂੰ ਹਾਥੂ ਆ ਗਿਆ।

"ਕਿਹੜੈਂ ... ਭੈਣ ਦਿਆ ਯਾਰਾ ! ਬੋਲਦੈਂ ਕਿ ਨਾ ... ਕਿ ਤੈਨੂੰ ਵੀ ਭੇਜੀਏ ਗੁਰੀਏ ਕੋਲ਼।" ਗੱਜੂ ਨੇ ਦਬਕਾ ਮਰਿਆ ਤਾਂ ਜਬਰਾ ਇਉਂ ਭੱਜਿਆ ਜਿਵੇਂ ਸਹਾ ਝਾੜੀਆਂ 'ਚੋਂ ਨਿਕਲ਼ ਕੇ ਭੱਜਦੈ।

"ਸਾਲ਼ਾ ਬਿੜਕ ਲੈਣ ਆਇਆ ਹੋਣਾ।" ਗੱਜੂ ਦੇ ਕਹਿਣ 'ਤੇ ਉਹ ਤਿੰਨੋਂ ਜਬਰੇ ਮਗਰ ਭੱਜੇ ਪਰ ਫੁਰਤੀਲਾ ਮਰਾਸੀ ਬਹੁਤ ਦੂਰ ਲੰਘ ਗਿਆ।

ਰੇਲਵੇ ਲਾਈਨ ਤਕ ਗੱਜੂ ਹੋਰੀਂ, ਉਸ ਦਾ ਪਿੱਛਾ ਕਰਦੇ ਗਏ ਪਰ ਉਹ ਪੂਰੀ ਫੁਰਤੀ ਨਾਲ, ਰਾਤ ਦੇ ਹਨੇਰੇ 'ਚ ਕਿੱਧਰੇ ਛਾਂਈ ਮਾਂਈ ਹੋ ਗਿਆ।

"ਨਿਕਲ਼ ਗਿਆ ਹੱਥੋਂ। ਲੈਣ ਤਾਂ ਬਿੜਕ ਹੀ ਆਇਆ ਹੋਣਾ। ਚਲੋ ਹੁਣ ਕੀ ਫੈਅਦਾ !" ਪੰਜ-ਸੱਤ ਮਿੰਟ ਤਕ ਉਡੀਕਣ ਤੋਂ ਬਾਅਦ ਗੱਜੂ ਦੇ ਕਹਿਣ 'ਤੇ ਉਹ ਵਾਪਸ ਚਲੇ ਗਏ।

ਰੇਲਵੇ ਲਾਈਨ ਦੇ ਪਰਲੇ ਪਾਸੇ, ਜਬਰਾ ਕਿੰਨਾ ਹੀ ਚਿਰ ਹੇਠਾਂ ਲੇਟਿਆ ਰਿਹਾ। ਜਦ ਉਸ ਨੂੰ ਯਕੀਨ ਹੋ ਗਿਆ, ਉਹ ਚਲੇ ਗਏ, ਤਦ ਉੱਠਿਆ। ਪਟੜੀ ਪਟੜੀ ਤੁਰ ਕੇ ਉਹ ਪਿੰਡ ਬਹੁੜਿਆ। ਕਾਲੀ ਦੀ ਭੱਠੀ ਕੋਲ਼ ਆ ਕੇ ਉਸ ਨੂੰ ਸਾਰੀ ਕਹਾਣੀ ਦਾ ਪਤਾ ਲੱਗਿਆ।

ਰਾਤ ਭਰ ਉਸਨੂੰ ਨੀਂਦ ਵੀ ਨਾ ਆਈ। ਪਰਨੇ ਦੇ ਲੜ ਬੰਨ੍ਹੇ ਲੱਡੂ ਤੇ ਸ਼ੱਕਰਪਾਰੇ ਰਸਤੇ 'ਚ ਹੀ ਕਿਤੇ ਖਿੰਡ-ਪੁੰਡ ਗਏ। ਦੁਧੀਆ ਰੰਗਾ ਕੁੜਤਾ-ਪਜਾਮਾ, ਜਿਹੜਾ ਸਵੇਰੇ ਪੂਰੇ ਸ਼ੌਕ ਨਾਲ਼ ਪਾ ਕੇ ਗਿਆ ਸੀ, ਉਹ ਵੀ ਮੈਲ਼ਾ-ਕੁਚੈਲ਼ਾ ਹੋ ਗਿਆ, ਕਈ ਥਾਂ ਤੋਂ ਝਾੜੀਆਂ 'ਚ ਫਸ ਕੇ ਪਾਟ ਗਿਆ।

ਘਰ ਵਾਲ਼ੀ ਵੀ ਵੇਖ ਕੇ ਹੈਰਾਨ ਹੋਈ। ਪੁੱਛਣ ਲੱਗੀ -"ਕੀ ਹੋਇਐ ! ਕਿਉਂ ਸਾਹ ਚੜ੍ਹਾਇਐ ?"

"ਉਹ ਮੈਨੂੰ ਮਾਰਨ ਆਉਂਦੇ ਨੇ, ਮੈਨੂੰ ਮਾਰਨਗੇ।" ਵਾਰ-ਵਾਰ ਇਹੋ ਜਵਾਬ ਦੇ ਰਿਹਾ ਸੀ। ਪਾਣੀ ਦੇ ਵੀ ਦੋ-ਤਿੰਨ ਗਿਲਾਸ ਪੀ ਗਿਆ।

ਜਬਰੇ ਦੇ ਘਰ ਵਾਲ਼ੀ ਕਰੇਲੋ ਨੇ ਰੋਟੀ ਰੱਖੀ ਪਰ ਉਸਦੇ ਦੋ ਕੁ ਬੁਰਕੀਆਂ ਹੀ ਅੰਦਰ ਲੰਘੀਆਂ। ਉਸਨੇ ਮਰੇ ਮਨ ਨਾਲ਼ ਥਾਲ਼ ਪਰ੍ਹਾਂ ਕਰ ਦਿੱਤਾ। ਵਾਣ ਦੇ ਮੰਜੇ 'ਤੇ ਅੱਖ ਲਾਉਣ ਦੀ ਕੋਸ਼ਿਸ਼ ਕੀਤੀ ਪਰ ਵਾਰ-ਵਾਰ, ਲੋਥ ਨੂੰ ਨਹਿਰ 'ਚ ਸੁੱਟਣ ਵਾਲ਼ਾ ਦ੍ਰਿਸ਼ ਅੱਖਾਂ ਮੂਹਰੇ ਪ੍ਰਤੱਖ ਹੋ ਜਾਵੇ।

ਸਾਰੀ ਰਾਤ ਉਹ ਚੱਜ ਨਾਲ਼ ਸੌਂ ਨਹੀਂ ਸੀ ਸਕਿਆ। ਸਵੇਰੇ ਜਦ ਕਾਲੀ ਦੀ ਭੱਠੀ ਕੋਲ਼ ਆਇਆ ਤਾਂ ਉਸਨੂੰ ਇੰਝ ਜਾਪਿਆ, ਜਿਵੇਂ ਨਵਾਂ ਪਿੰਡ ਹੀ ਆ

ਵਸਿਆ ਹੋਵੇ। ਬਿਨਾਂ ਸ਼ੱਕ, ਨਵਾਂ ਪਿੰਡ ਹੀ ਤਾਂ ਵਸ ਗਿਆ ਸੀ। ਕਾਲੀਆ ਤਾਂ ਤਹਿਸ-ਨਹਿਸ ਹੋ ਗਿਆ ਸੀ।

ਜਿਵੇਂ ਹੀ ਸਤੀਆ ਰਾਮ ਨੇ ਗੁਰੀਏ ਚਮਾਰ ਦੀ ਗੱਲ ਛੇੜੀ, ਤਾਂ ਜਬਰੇ ਨੇ ਸਾਰੀ ਕਹਾਣੀ ਬਿਆਨ ਕਰ ਦਿੱਤੀ- "ਗੁਰੀਆ ਤਾਂ ਭਾਈ ਅਗਲੇ ਜਹਾਨੀਂ ਤੁਰ ਗਿਆ।"

ਸੁਣ ਕੇ ਸਾਰਿਆਂ ਦਾ ਚਿਹਰਾ ਉੱਤਰ ਗਿਆ।

"ਜ਼ੋਰ ਤਾਂ ਬਥੇਰਾ ਲਾਇਆ ਸੀ ਕੋਹੜੀ ਨੂੰ, ਮੰਨਿਆ ਨਹੀਂ, ਕਹਿੰਦਾ ਆਪਣਾ ਪਿੰਡ ਛੱਡ ਕੇ ਕਿੱਥੇ ਜਾਣੈ।" ਸਤੀਆ ਰਾਮ ਵੀ ਵਾਰ-ਵਾਰ ਇੱਕੋ ਗੱਲ ਦੀ ਰੱਟ ਲਾਈ ਬੈਠਾ ਸੀ।

"ਹੋਣੀ ਜ਼ੋਰਾਵਰ ਐ, ਸਤੀਏ ਬਾਈ ! ਨਹੀਂ ਤਾਂ ਉਹਦਾ ਕਿਹੜਾ ਜੀਅ ਨੀ ਕਰਦਾ ਸੀ, ਜਗ ਵੇਖਣ ਨੂੰ।" ਕਾਲੀ ਨੇ ਸਾਰਾ ਠੀਕਰਾ ਹੋਣੀ ਦੇ ਸਿਰ ਭੰਨਿਆਂ। ਕਾਲੀ ਅਕਸਰ ਹਰ ਗੱਲ ਲਈ ਹੋਣੀ ਜਾਂ ਕਿਸਮਤ ਨੂੰ ਹੀ ਦੋਸ਼ੀ ਠਹਿਰਾਉਂਦਾ ਹੈ। ਅੱਜ ਉਸਦੀ ਭੱਠੀ ਵੀ ਠੰਢੀ ਪਈ ਸੀ। ਕੰਮ ਕਰਨ ਨੂੰ ਉੱਕਾ ਜੀਅ ਨਹੀਂ ਸੀ ਕਰ ਰਿਹਾ।

ਬੇਸ਼ੱਕ ਕਾਹਨਗੜ੍ਹ 'ਚ ਸੁੱਖ-ਸਾਂਦ ਸੀ ਪਰ ਫਿਰ ਵੀ ਆਸ-ਪਾਸ ਦੇ ਪਿੰਡਾਂ ਦੇ ਚੀਕ-ਚਿਹਾੜੇ ਅਤੇ ਰੌਲ਼ੇ-ਰੱਪੇ ਨੇ ਸਾਰੇ ਪਿੰਡ ਦਾ ਧਿਆਨ ਖਿੱਚਿਆ ਹੋਇਆ ਸੀ। ਹਰ ਕੋਈ ਬਿੜਕਾਂ ਲੈਂਦਾ। ਕੰਮ-ਧੰਦੇ ਨੂੰ ਤਾਂ ਕਿਸੇ ਦਾ ਵੀ ਜੀਅ ਨਹੀਂ ਸੀ ਕਰ ਰਿਹਾ। ਕਾਹਨਗੜ੍ਹੀਆਂ ਦਾ ਕਾਰ-ਵਿਹਾਰ ਠੱਪ ਹੋ ਗਿਆ।

ਸਤੀਆ ਰਾਮ ਭਰੇ ਇਕੱਠ 'ਚੋਂ ਉੱਠਿਆ। ਹੱਥ ਜੋੜ ਕੇ ਆਖਣ ਲੱਗਾ - "ਸਾਰੇ ਨੱਗਰ-ਖੇੜੇ ਦਾ ਬਹੁਤ-ਬਹੁਤ ਧੰਨਵਾਦ। ਅਸੀਂ ਸਾਰੀ ਉਮਰ ਗੁਰਮੁਖ ਹੋਰ ਦਾ ਦੇਣ ਨੀ ਦੇ ਸਕਦੇ। ਰਹੀ ਗੱਲ ਨੱਗਰ ਖੇੜੇ ਦੀ, ਸਾਰੇ ਨੱਗਰ ਨੇ ਬੀ ਬਹੁਤ ਸਾਥ ਦਿੱਤੈ।"

"ਐਨਾ ਕ ਸਾਨੂੰ ਦਸਮ ਪਾਤਸ਼ਾਹ ਨੇ ਵੀ ਸਿਖਾਇਐ, ਬਈ ਜੁਲਮ ਦਾ ਟਾਕਰਾ ਕਿਮੇ ਕਰਨੈ। ਸਾਡਾ ਵੀ ਫਰਜ ਸੀ ਭਾਈ।" ਗੁਰਮੁਖ ਨੇ ਅਹਿਸਾਨ ਦੀ ਬਜਾਇ ਆਪਣਾ ਫ਼ਰਜ਼ ਸਮਝਾਇਆ।

"ਆਪਣੀਆਂ ਅੱਖਾਂ ਦੇ ਸਾਹਮਣੇ ਨਿਹੱਥਿਆਂ ਨੂੰ ਮਰਦੇ, ਅਸੀਂ ਨੀ ਸੀ ਵੇਖ ਸਕਦੇ।" ਝੰਡਾ ਸਿੰਘ ਵੀ ਬੋਲਿਆ।

"ਸਾਨੂੰ ਤੁਸੀਂ ਪਖੀਰਾਂ ਤੇ ਖਾਨਾਂ ਦੇ ਚੁੰਗਲ 'ਚੋਂ ਛਡਾਇਆ, ਅਸੀਂ ਹੁਣ ਥੋਡੇ 'ਤੇ ਬੋਝ ਨੀ ਬਣਨਾ। ਰਾਤ ਲੰਘ ਗਈ। ਹੁਣ ਸਾਨੂੰ ਆਪੋ-ਆਪਣੇ ਰਿਸ਼ਤੇ-ਨਾਤਿਆਂ 'ਚ ਜਾਣ ਦਿਓ।" ਸਤੀਆ ਰਾਮ ਵੀ ਨਹੀਂ ਸੀ ਚਾਹੁੰਦਾ, ਪਿੰਡ 'ਤੇ ਬੋਝ ਬਣਿਆ ਜਾਵੇ।

"ਸਾਨੂੰ ਕੋਈ ਦਿੱਕਤ ਨੀ ... ਜਿੰਨੇ ਦਿਨ ਮਰਜੀ ਰਹੋ।" ਗੁਰਮੁਖ ਨੇ ਸਗੋਂ ਰੁਕਣ ਦੀ ਹੀ ਨਸੀਹਤ ਦਿੱਤੀ।

"ਦੇਖ ਲੋ ਭਾਈ, ਜਿਮੇ ਥੋਡਾ ਚਿੱਤ ਮੰਨਦੈ।" ਝੰਡਾ ਸਿੰਘ ਨੇ ਫੈਸਲਾ ਉਨ੍ਹਾਂ ਦੇ ਸਿਰ ਹੀ ਛੱਡ ਦਿੱਤਾ। ਉੱਜੜ ਕੇ ਆਏ ਪਰਿਵਾਰਾਂ 'ਚੋਂ, ਜ਼ਿਆਦਾ ਨੇ ਜਾਣ ਦੀ ਹਾਮੀ ਭਰੀ। ਇੱਕ ਰਾਤ ਰੁਕਣ ਤੋਂ ਬਾਅਦ ਬੇਵੱਸ ਪਰਿਵਾਰਾਂ ਨੇ ਲਿਆਂਦਾ ਸਮਾਨ ਫਿਰ ਇਕੱਠਾ ਕਰ ਲਿਆ। ਇਹ ਸਾਰੀ ਬੁਝਾਰਤ, ਬੇਸਮਝ ਬੱਚਿਆਂ ਦੀ ਸਮਝ ਤੋਂ ਬਾਹਰ ਸੀ। ਘਰ ਦੀਆਂ ਕੰਧਾਂ ਤੋਂ ਬਾਹਰ ਨਿਕਲੇ ਬਲੂਰ, ਓਪਰੇ ਪਿੰਡ 'ਚ ਆ ਕੇ, ਡੌਰ-ਭੌਰ ਜਿਹੇ ਹੋਏ ਫਿਰਦੇ ਸੀ।

ਦੁਪਹਿਰ ਤੋਂ ਪਹਿਲਾਂ ਮਰਦਾਂ ਨੇ, ਸਮਾਨ ਦੀਆਂ ਗਠੜੀਆਂ ਸਿਰਾਂ 'ਤੇ ਰੱਖ ਲਈਆਂ। ਬਜ਼ੁਰਗ ਸੋਟੀਆਂ ਦੇ ਆਸਰੇ ਉੱਠ ਖੜੋਤੇ। ਦੁੱਧ ਚੁੰਘਦੇ ਜਵਾਕਾਂ ਨੂੰ, ਛਾਤੀ ਨਾਲ਼ ਲਾ ਕੇ ਔਰਤਾਂ, ਮਰਦਾਂ ਦੇ ਪਿੱਛੇ ਚੱਲ ਪਈਆਂ। ਭਾਰੇ ਤੇ ਤਕੜੇ ਜੁੱਸੇ ਵਾਲ਼ੇ ਜਵਾਨ, ਡਾਂਗਾਂ-ਸੋਟੀਆਂ ਲੈ ਕੇ ਸਾਰਿਆਂ ਦੇ ਆਲ਼ੇ-ਦੁਆਲ਼ੇ ਹੋ ਕੇ ਚੱਲ ਪਏ।

"ਜਵਾਨ ਮੁੰਡੇ ਥੋਡੀ ਰਾਖੀ ਲਈ ਨਹਿਰ ਤਕ ਨਾਲ਼ ਜਾਣਗੇ।" ਗੁਰਮੁਖ ਨੇ ਕਾਲੀਏ ਵਾਲ਼ਿਆਂ ਨੂੰ ਹੌਸਲਾ ਦਿੱਤਾ ਤੇ ਨਾਲ਼ ਹੀ ਨਾਲ਼ ਰਾਤ ਵਾਲ਼ੇ ਮੁੰਡਿਆਂ ਨੂੰ ਨਾਲ਼ ਜਾਣ ਦੀ ਹਦਾਇਤ ਕੀਤੀ।

ਇੱਕ ਵਾਰ ਤਾਂ ਸਾਰਾ ਜਥਾ ਬਖ਼ਸ਼ੀਵਾਲ਼ੇ ਪਿੰਡ ਨੂੰ ਚੱਲ ਪਿਆ ਪਰ ਅਗਲਾ ਟਿਕਾਣਾ ਤੇ ਗਰਾਂ ਨਿਸਚਿਤ ਨਹੀਂ ਸੀ। ਕਾਹਨਗੜ੍ਹੀਏ ਜਵਾਨਾਂ ਵਿੱਚੋਂ, ਕੁੱਝ ਨੌਜਵਾਨ ਹੁਣ ਫਿਰ ਹਥਿਆਰਬੰਦ ਹੋ ਕੇ, ਉਨ੍ਹਾਂ ਨੂੰ ਬਖ਼ਸ਼ੀਵਾਲ਼ੇ ਤਕ ਛੱਡਣ ਆਏ। ਕਾਲੀਏ ਦੇ ਖ਼ਾਨਾਂ ਦਾ ਅਜੇ ਵੀ ਇਤਬਾਰ ਨਹੀਂ ਸੀ। ਸੂਹ ਮਿਲਣ 'ਤੇ ਉਹ ਹੁਣ ਵੀ ਹਮਲਾ ਕਰ ਸਕਦੇ ਸੀ।

ਬਖ਼ਸ਼ੀਵਾਲ਼ੇ ਦੀ ਨਹਿਰ ਕੋਲ਼ ਪਹੁੰਚਣ ਤੋਂ ਬਾਅਦ ਨੌਜਵਾਨਾਂ ਨੇ ਸਾਰਿਆਂ ਨੂੰ ਕਿਹਾ- "ਚੰਗਾ ਬਈ, ਹੁਣ ਜਾਓ ਆਪੋ-ਆਪਣੇ ਟਿਕਾਣਿਆਂ ਨੂੰ।"

ਕੱਚੇ ਪਹੇ ਤੋਂ ਕਈ ਪਰਿਵਾਰ ਚੋਟੀਆਂ ਵੱਲ, ਕੁੱਝ ਟੁੱਟਵੇਂ ਜਿਹੇ ਘਰ ਅਲੀਸ਼ੇਰ ਨੂੰ ਚੱਲ ਪਏ।

ਛੱਡਣ ਆਏ ਗੱਭਰੂ, ਦਸ ਮਿੰਟ ਨਹਿਰ ਦੀ ਪਟੜੀ 'ਤੇ ਖੜ੍ਹੇ ਰਹੇ, ਜਦ ਤਕ ਵਕਤ ਦੇ ਮਾਰੇ ਪਰਿਵਾਰ, ਨਹਿਰ ਕਿਨਾਰੇ ਉੱਗੇ ਸਰਕੜੇ ਦੀ ਓਟ 'ਚ ਹੋਣ ਕਾਰਨ, ਦਿਸਣੋਂ ਨਾ ਹਟ ਗਏ।

ਨਿਧੜਕ ਗੱਭਰੂ ਵਾਪਸ ਪਿੰਡ ਨੂੰ ਪਰਤ ਗਏ।

———

ਅੱਜ ਸਾਰਾ ਦੁਪਹਿਰ ਸੱਥ 'ਚ, ਉਜਾੜੇ ਦੀਆਂ ਹੀ ਗੱਲਾਂ ਚੱਲਦੀਆਂ ਰਹੀਆਂ। ਇਕੱਲੇ ਕਾਲੀਆ ਪਿੰਡ ਦੇ ਹੀ ਨਹੀਂ, ਬਹੁਤੇ ਪਿੰਡਾਂ ਦੇ ਹਾਲਾਤ ਮਾੜੇ ਹੋ ਗਏ ਸੀ। ਨੰਗਲ, ਲਠੇਰਾ, ਤਾਲਵਾਲਾ, ਪੀਰਾਂਵਾਲੀ, ਸਾਧਣਵਾਸ, ਸਧਾਣੀ, ਡਸਕਾ ਤੇ ਹੋਰ ਕਿੰਨੇ ਹੀ ਪਿੰਡਾਂ ਦੀ ਹਵਾ ਬਦਲ ਗਈ। ਗੱਜੂ ਦੇ ਰਿਸ਼ਤੇਦਾਰ ਲੀਲਾ ਖਾਨ ਵਰਗੇ ਮਨਹੂਸਾਂ ਨੇ, ਪਿੰਡਾਂ ਦੀ ਹਵਾ ਗੰਧਲ਼ੀ ਕਰ ਦਿੱਤੀ। ਫਿਰਕੂ-

ਫਸਾਦਾਂ ਦਾ ਬਾਲਣ ਜੇ ਅੰਗਰੇਜ਼ ਇਕੱਠਾ ਕਰ ਕੇ ਰੱਖ ਗਏ ਤਾਂ ਅੱਗ ਲਾਉਣ ਵਾਲ਼ੇ ਕੋਈ ਹੋਰ ਨਹੀਂ, ਹਿੰਦੂ, ਮੁਸਲਮਾਨਾਂ ਤੇ ਸਿੱਖ ਆਪ ਹੀ ਸੀ। ਇਸ ਅੱਗ ਦੀ ਮਾਰ ਤੋਂ ਕਿਸੇ ਨੇ ਨਹੀਂ ਸੀ ਬਚਣਾ। ਸੰਘਣਾ ਕਾਲਾ ਧੂੰਆਂ ਅਸਮਾਨ 'ਚ ਫੈਲ ਗਿਆ ਸੀ। ਜ਼ਿੰਦਗੀ ਧੁਆਂਖੀ ਗਈ ਸੀ।

ਸੱਥ ਕੋਲ਼ੋਂ ਕਾਲੀਏ ਨੂੰ ਜਾਂਦੀ ਪਹੀ ਅੱਜ ਸੁੰਨੀ ਸੀ। ਦੋ ਪੁਲਿਸ ਵਾਲ਼ੇ ਘੋੜਿਆਂ 'ਤੇ ਆ ਕੇ, ਗੇੜਾ ਜ਼ਰੂਰ ਮਾਰ ਗਏ। 'ਟੱਪ-ਟੱਪ' ਕਰਦੇ ਘੋੜੇ ਟੋਭੇ ਵਾਲ਼ਾ ਪਿੱਪਲ ਲੰਘ ਕੇ, ਕਾਲੀਏ ਦੀ ਜੂਹ 'ਚ ਵੜ ਗਏ।

"ਏਨ੍ਹਾਂ ਨੇ ਕਿਹੜਾ ਗੋਲ਼ੀ ਮਾਰਨੀ ਐ, ਜਾ ਕੇ ਕੰਜਰਾਂ ਦੇ।" ਜਬਰੇ ਨੇ ਘੋੜਸਵਾਰ ਪੁਲਸੀਆਂ ਵੱਲ ਕਚੀਚੀ ਵੱਟੀ। ਸੱਥ 'ਚ ਬਾਕੀ ਬੈਠੇ ਸੱਜਣ ਪੁਲਸੀਆਂ ਦੀ ਹਰਕਤ ਤੱਕਦੇ ਰਹੇ।

ਪਰਸੋਂ ਪਿੰਡ ਵਿੱਚੋਂ ਇੱਕ ਜੰਨ ਲੰਘੀ ਸੀ। ਮਿਉਂਦ ਵਾਲ਼ੀ ਜੰਨ, ਪੰਜ ਵਕਤ ਦੀ ਰੋਟੀ ਖਾ ਕੇ ਝਲਬੂਟੀ ਤੋਂ ਵਾਪਸ ਪਰਤਦੀ ਆਈ ਸੀ। ਢੋਲੇ ਦੀਆਂ ਲਾਉਂਦੀ ਆ ਰਹੀ ਜੰਨ ਨੇ ਸਾਰਿਆਂ ਦਾ ਧਿਆਨ, ਪੁਲਸੀਆਂ ਨਾਲ਼ੋਂ ਤੋੜ ਆਪਣੇ ਵੱਲ ਖਿੱਚ ਲਿਆ। ਸੱਥ ਕੋਲ਼ ਦੀ ਜਾਂਞੀ ਲੰਘਣ ਲੱਗੇ ਤਾਂ ਸਾਰਿਆਂ ਨੇ ਵਧਾਈਆਂ ਦਿੱਤੀਆਂ -"ਵਧਾਈਆਂ ਭਾਈ !"

"ਸੁੱਖੀਂ-ਸਾਂਦੀ ਨਿਬੜ ਗਿਆ ਕਾਰਜ ?" ਜਬਰੇ ਨੇ ਖੈਰ-ਸੁੱਖ ਵੀ ਪੁੱਛਣੀ ਜ਼ਰੂਰੀ ਸਮਝੀ, ਫਿਰ ਵੀ ਉਹ ਮਰਾਸੀ ਹੈ, ਵਿਆਹਾਂ-ਸ਼ਾਦੀਆਂ ਵਿੱਚ ਹੀ ਤਾਂ ਰਹਿੰਦਾ ਹੈ।

"ਹਾਂ ਜੀ .... ਹਾਂ ਜੀ, ਕਾਰਜ ਵਧੀਆ ਸੰਪੂਰਨ ਹੋ ਗਿਆ।" ਲੱਡੂ ਰੰਗੀ, ਤੁਰਲ੍ਹੇ ਵਾਲ਼ੀ ਪੱਗ ਵਾਲ਼ੇ ਸੱਜਣ ਨੇ ਜਵਾਬ ਦਿੱਤਾ। ਪਹਿਰਾਵੇ ਤੋਂ ਉਹ ਵਿਚੋਲਾ ਜਾਪਿਆ। ਖੱਬੇ ਹੱਥ ਦੀ ਦੂਜੀ ਉਂਗਲ ਵਿੱਚ ਛਾਪ ਵੀ ਪਾਈ ਹੋਈ ਸੀ।

"ਸਧਾਣੀ ਆਲ਼ੇ ਪਾਸੇ ਦੀ ਲੰਘ ਜੋ, ਜਜਮਾਨੋ। ਏਧਰ ਮਾਹੌਲ ਖਰਾਬ ਐ।" ਸੱਥ 'ਚ ਬੈਠੇ ਸਿਆਣੇ ਬਜ਼ੁਰਗ ਨੇ ਮਸ਼ਵਰਾ ਦਿੱਤਾ।

ਜਬਰੇ ਨੇ ਤੁਰਲ੍ਹੇ ਵਾਲ਼ੇ ਸੱਜਣ ਨੂੰ ਕੋਲ਼ ਜਾ ਕੇ ਸਮਝਾਇਆ ਤਾਂ ਉਨ੍ਹਾਂ 'ਠੀਕ ਐ .. ਠੀਕ ਐ...ਸਮਝ ਗੇ' ਆਖ ਰਸਤਾ ਬਦਲ ਲਿਆ।

———

ਦੁਪਹਿਰਾ ਢਲ਼ ਗਿਆ ਪਰ ਕਾਲੀਏ 'ਚ ਸੁੱਖ ਨਹੀਂ ਸੀ। ਦੁਪਹਿਰ ਦੀ ਨਮਾਜ਼ ਤੋਂ ਬਾਅਦ ਗੱਜੂ ਤੇ ਮੌਲਵੀ ਨੇ ਸ਼ੁਕਰੀ ਮੁੰਡ੍ਹੀਰ ਸਮੇਤ ਨਵਾਬ ਦਾ ਘਰ ਜਾ ਘੇਰਿਆ -

"ਬਾਹਰ ਨਿਕਲ ਉਏ ! ਕੁੱਤਿਆ, ਹਰਾਮੀਆਂ ! ਤੇਰੀਆਂ ਕਰਤੂਤਾਂ ਦਾ ਪਤਾ ਲੱਗ ਗਿਆ।" ਗੱਜੂ ਨੇ ਦਰਵਾਜ਼ੇ ਨਾਲ਼ ਪੁੱਠੀ ਖੱਪਰੀ ਮਾਰੀ।

ਘਰ ਕੋਲ਼ ਪੂਰਾ ਹੱਲਾ-ਗੁੱਲਾ ਮੱਚਣ ਕਾਰਨ ਸਾਰਾ ਪਰਿਵਾਰ ਭੈ-ਭੀਤ ਹੋ ਗਿਆ। ਦੋਨੋਂ ਮੁੰਡੇ ਤੇ ਕੁੜੀ ਘਰ ਹੀ ਸੀ। ਮਾਹੌਲ ਠੀਕ ਨਾ ਹੋਣ ਕਾਰਨ ਉਹ

ਅੱਜ ਬਾਹਰ ਵੀ ਨੀ ਸੀ ਗਏ। ਸੁਲਤਾਨਾ ਨੇ ਖ਼ੁਦ ਵੀ ਉਨ੍ਹਾਂ ਨੂੰ ਬਾਹਰ ਨਹੀਂ ਸੀ ਜਾਣ ਦਿੱਤਾ

"ਤੁਸੀਂ ਅੰਦਰ ਚੱਲੋ, ਪੁੱਤ।" ਨਵਾਬ ਨੇ ਬੱਚਿਆਂ ਨੂੰ ਅੰਦਰ ਜਾਣ ਦੀ ਨਸੀਹਤ ਦਿੱਤੀ।

"ਤੁਸੀਂ ਵੀ ਅੰਦਰ ਰਹੋ। ਆਪੇ ਭੌਂਕ ਕੇ ਮੁੜ ਜਾਣਗੇ।" ਦਰਵਾਜ਼ੇ ਵੱਲ ਜਾਂਦੇ ਨਵਾਬ ਨੂੰ ਸੁਲਤਾਨਾ ਨੇ ਵਰਜਿਆ।

"ਐਂ ਡਰ ਕੇ ਨੀ ਟੈਮ ਪਾਸ ਹੁੰਦਾ। ਮੈਨੂੰ ਜਾਣ ਦੇ।" ਨਵਾਬ ਅਡੋਲ ਸੀ।

ਗੱਜੂ ਅਤੇ ਮੌਲਵੀ ਦੀ ਅਗਵਾਈ 'ਚ ਆਈ ਮੁੰਡ੍ਹੀਰ ਦਰਵਾਜ਼ੇ ਨੂੰ ਧੱਕੇ ਮਾਰਨ ਲੱਗੀ।

"ਬਾਹਰ ਨਿੱਕਲਦੈਂ ਕਿ ਦਰਵਾਜ਼ਾ ਤੋੜੀਏ ਦੋਜਖਾਂ ਦੇ ਭਾਗੀਆ?" ਮੌਲਵੀ ਬੋਲਿਆ।

ਅੰਦਰੋਂ ਆਵਾਜ਼ ਨਾ ਆਈ। ਬੇਕਾਬੂ ਭੀੜ ਦਰਵਾਜ਼ੇ ਨੂੰ ਲੱਤਾਂ ਮਾਰਨ ਲੱਗੀ। ਦਰਵਾਜ਼ਾ 'ਦੜੱਕ-ਦੜੱਕ' ਵੱਜ ਰਿਹਾ ਸੀ।

ਆਖਰ ਨਵਾਬ ਨੇ ਦਰਵਾਜ਼ਾ ਖੋਲ੍ਹਿਆ।

"ਤੇਰੀ ਕਰਤੂਤ ਦਾ ਪਤਾ ਲੱਗ ਗਿਆ ਪਾਪੀਆ।" ਮੌਲਵੀ ਨਵਾਬ ਨੂੰ ਖਾਣ ਤਕ ਜਾਵੇ। ਉਹ ਆਪਣੇ-ਆਪ ਨੂੰ ਨਾਇਕ ਸਮਝ ਰਿਹਾ ਸੀ।

"ਕਰਤੂਤਾਂ ਤਾਂ ਥੋਡੀਆਂ ਮਾੜੀਆਂ ਨੇ ਮੌਲਵੀ ਜੀ। ਆਪਣੇ ਅੰਦਰ ਝਾਤੀ ਮਾਰੋ। ਕੁਰਾਨ ਤਾਂ ਨੀ ਕਹਿੰਦੀ ਕਿ ਕਮਜੋਰਾਂ 'ਤੇ ਜੁਲਮ ਢਾਹੋ।" ਨਵਾਬ ਨਿਧੜਕ ਅਤੇ ਬਿਨਾਂ ਭੈਅ ਦੇ ਬੋਲਣ ਲੱਗਾ।

"ਹਾਂ ... ਹਾਂ ... ਸਾਡੀਆਂ ਕਰਤੂਤਾਂ ਮਾੜੀਆਂ ਨੇ ! ਉਹ ਚਾਹੇ ਸਾਨੂੰ ਮਾਰੀ ਜਾਣ ... ਤੂੰ ਉਨਾਂ ਦੀ ਹਮੈਤ ਹੀ ਕਰੀਂ ! ਹੂੰ !!" ਗੱਜੂ ਪੂਰਾ ਸ਼ੂਕਰ ਕੇ ਬੋਲਿਆ।

"ਸਾਰੀ ਉਮਰ ਓ ਥੋਡੇ ਖੇਤਾਂ 'ਚ ਕੰਮ ਕਰਦੇ ਰਹੇ। ਖੁਰਲੀਆਂ 'ਚ ਹੱਥ ਮਾਰਦੇ ਰਹੇ। ਤੇ ਗੁੱਜਰ ! ਗੁੱਜਰ ਤਾਂ ਦੁੱਖ-ਸੁੱਖ 'ਚ ਸਾਥ ਵੀ ਦਿੰਦੇ ਰਹੇ, ਤੁਸੀਂ ਉਨ੍ਹਾਂ ਦਾ ਕੀ ਮੁੱਲ ਪਾਇਆ? ਤੁਸੀਂ ਉਨ੍ਹਾਂ ਨੂੰ ਵੀ 'ਜਾੜਤਾ। ਹੁਣ ਤਾਂ ਸ਼ਾਂਤੀ ਮਿਲ ਗੀ ਹੋਣੀ। ਪੈ ਗਈ ਕਾਲ਼ਜੇ ਠੰਢ !" ਨਵਾਬ ਨੂੰ ਮੌਤ ਦਾ ਭੈਅ ਨਹੀਂ ਸੀ। ਉਹ ਸੱਚਾ ਸੀ, ਉਸਦਾ ਮਨ ਸੱਚਾ ਸੀ। ਉਹ ਧਰਮ ਦਾ ਪੱਕਾ ਸੀ। ਨਿਆਸਰਿਆਂ ਦਾ ਆਸਰਾ ਸੀ।

"ਜਦ ਸਾਰਿਆਂ ਨੇ ਕੁਰਾਨ ਦੀ ਸਹੁੰ ਚੱਕੀ ਸੀ, ਤੂੰ ਚੁਗਲੀ ਕਿਉਂ ਕੀਤੀ ?" ਭੀੜ ਵਿੱਚੋਂ ਵੀ ਕੋਈ ਨਾ ਕੋਈ ਮੌਕਾ ਮਿਲਣ 'ਤੇ ਬੋਲ ਪੈਂਦਾ ਸੀ। ਮੌਲਵੀ ਦੇ ਨਾਲ਼ ਆਈ ਭੀੜ 'ਤੇ ਫਿਰਕੂ ਰੰਗ ਚੜ੍ਹਿਆ ਪਿਆ ਸੀ। ਉਨ੍ਹਾਂ ਨੂੰ ਆਪਣਾ ਪੱਖ ਸਹੀ ਪਰ ਨਵਾਬ ਗ਼ਲਤ ਲੱਗ ਰਿਹਾ ਸੀ।

"ਮੇਰੇ ਤਿੰਨ ਜਵਾਕ ਨੇ, ਚਾਹੇ ਤਿੰਨਾਂ ਦਾ ਗਲ ਵੱਢ ਦਿਓ ਪਰ ਮੈਂ ਕੋਈ ਅਨਹੋਣੀ ਨੀ ਹੋਣ ਦੇਣੀ। ਗੁਰੀਏ ਨੇ ਕੀ ਵਿਗਾੜਿਆ ਸੀ, ਤੇਰਾ ਉਏ ਮਲੰਗਾ

!" ਨਵਾਬ ਨੇ ਗੱਜੂ ਨੂੰ ਵਰਜਿਆ। ਬੱਚੇ ਅੰਦਰ ਸਹਿਮੇ ਬੈਠੇ ਸੀ। ਸੁਲਤਾਨਾ ਬਾਰੀ 'ਚੋਂ ਮੂੰਹ ਕੱਢ ਕੇ ਬਿੜਕਾਂ ਲੈ ਰਹੀ ਸੀ। ਉਸ ਦਾ ਦਿਲ 'ਫੜੱਕ-ਫੜੱਕ' ਧੜਕ ਰਿਹਾ ਸੀ। ਡਰ ਕਾਰਨ ਉਸ ਦਾ ਕਾਲ਼ਜਾ ਬਾਹਰ ਆਉਣ ਵਾਲ਼ਾ ਸੀ।

ਭੀੜ ਇੱਕ ਵਾਰ ਤਾਂ ਸ਼ਾਤ ਹੋ ਕੇ ਚਲੀ ਗਈ।

ਗੱਜੂ ਹੋਰਾਂ ਦੇ ਜਾਣ ਤੋਂ ਬਾਅਦ ਨਵਾਬ ਨੇ ਦਰਵਾਜ਼ਾ ਭੇੜਿਆ ਤੇ ਸੁਲਤਾਨਾ ਅਤੇ ਬੱਚਿਆਂ ਕੋਲ਼ ਚਲਾ ਗਿਆ।

"ਬੱਕਲ਼ੀਆਂ ਤਾਂ ਏਹਨੂੰ ਵੀ ਚਬੌਣੀਆਂ ਪੈਣਗੀਆਂ।" ਭੀੜ ਦੇ ਮੂਹਰੇ ਲੱਗਿਆ ਗੱਜੂ ਬੋਲਿਆ।

ਇਕੱਠੀ ਭੀੜ ਨੂੰ ਉਹ ਮਸੀਤ 'ਚ ਲੈ ਗਿਆ।

ਰੌਲ਼ਾ ਸ਼ਾਂਤ ਹੋ ਗਿਆ। ਸੁਲਤਾਨਾਂ ਅਜੇ ਵੀ ਚਿੰਤਤ ਸੀ।

ਸੁਲਤਾਨਾ ਨੇ ਤਾਂ ਚਿੰਤਤ ਹੋਣਾ ਹੀ ਸੀ, ਮੁਸਲਮਾਨਾਂ ਅਤੇ ਪਖੀਰਾਂ ਦੀਆਂ ਔਰਤਾਂ ਵੀ ਚਿੰਤਤ ਸੀ। ਚਿੰਤਤ ਹੋਣ ਦੀ ਕਿਉਂ ਨਾ, ਕੀ ਤੋਂ ਕੀ ਹੋ ਗਿਆ ਸੀ। ਅਜਿਹੇ ਵਰਤਾਰੇ ਬਾਰੇ ਕਿਸੇ ਨੇ ਵੀ ਨਹੀਂ ਸੀ ਸੋਚਿਆ। ਉਨ੍ਹਾਂ ਦਾ ਡਰ ਅੰਦਰ ਹੀ ਅੰਦਰ ਫਿਨਸੀ ਤੋਂ ਫੋੜਾ ਬਣਦਾ ਜਾ ਰਿਹਾ ਸੀ। ਜੇ ਡਰਦੀਆਂ ਘਰ ਵਾਲ਼ਿਆਂ ਕੋਲ਼ ਗੱਲ ਵੀ ਕਰਦੀਆਂ -"ਇਹ ਠੀਕ ਨੀ ਸਭ।"

ਤਾਂ ਅੱਗੋਂ ਉਹ ਟੁੱਟ ਕੇ ਪੈ ਜਾਂਦੇ - "ਚੰਗਾ ਫਿਰ ਆਪਾਂ ਉੱਜੜ ਜਾਂਦੇ ਆਂ। ਅਗਲੇ ਆਪਾਂ ਨੂੰ 'ਜਾੜ ਦੇਣਗੇ।"

ਦਬਕਾ ਵੱਜਦਿਆਂ ਸਾਰ ਉਹ ਚੁੱਪ ਕਰ ਜਾਂਦੀਆਂ ਤੇ ਮਾਊਂ ਬਣ ਬੈਠ ਜਾਂਦੀਆਂ।

ਜਿਵੇਂ-ਜਿਵੇਂ ਵਕਤ ਦੇ ਘੋੜੇ ਅੱਗੇ ਵਧ ਰਹੇ ਸੀ, ਪੰਜਾਬ ਦਾ ਮਾਹੌਲ ਵੀ ਬਦਲਦਾ ਜਾ ਰਿਹਾ ਸੀ।

ਸ਼ਾਮ ਦੀ ਨਮਾਜ਼ ਵੇਲ਼ੇ ਗੱਜੂ ਨੇ ਫਿਰ ਸਾਰਿਆਂ ਨੂੰ ਭੜਕਾ ਦਿੱਤਾ- "ਨਵਾਬ ਧਰਮ ਤੋਂ ਬਾਗੀ ਹੋ ਗਿਆ। ਅੱਜ ਉਸ ਨੂੰ ਵੀ ਦਾਣੇ ਚਬਾ ਦੇਈਏ।"

"ਹਾਂ... ਜਰੂਰ .... ਨਹੀਂ ਉਹ ਆਪਣੀਆਂ ਜੜ੍ਹਾਂ 'ਚ ਬੈਠੂ।" ਧਰਮ ਦੀ ਪਰਿਭਾਸ਼ਾ ਤੋਂ ਕੋਹਾਂ ਦੂਰ ਭੀੜ ਵੀ ਤਮਾਸ਼ਾ ਵੇਖਣ ਲਈ ਉਤਾਵਲੀ ਸੀ।

ਦਿਨ ਦਾ ਛਿਪਾ ਆਇਆ ਤਾਂ ਗੱਜੂ ਅਤੇ ਮੌਲਵੀ ਹੋਰਾਂ ਨੇ, ਨਵਾਬ ਦੇ ਘਰ 'ਤੇ ਹਮਲਾ ਕਰ ਦਿੱਤਾ। ਵੀਹ-ਪੱਚੀ ਜਣਿਆਂ ਮੂਹਰੇ ਨਵਾਬ ਦੀ ਕੀ ਫਾਲ਼ ਪੁੱਗਣੀ ਸੀ ! ਨਵਾਬ ਨੇ ਅਜੇ ਦਰਵਾਜ਼ਾ ਖੋਲ੍ਹਿਆ ਹੀ ਸੀ, ਗੱਜੂ ਨੇ ਦੋਵੇਂ ਹੱਥਾਂ ਨਾਲ਼ ਜੋੜ ਕੇ ਖਪਰੀ, ਨਵਾਬ ਦੀ ਗਰਦਨ 'ਤੇ ਟਿਕਾ ਕੇ ਮਾਰੀ। ਨਵਾਬ ਪਹਿਲੇ ਵਾਰ ਨਾਲ ਹੀ ਚਿੱਤ ਹੋ ਗਿਆ। ਦਰਵਾਜ਼ੇ 'ਚ ਲਹੂ-ਲੁਹਾਣ ਹੋ ਗਿਆ।

ਜਵਾਕਾਂ ਨੇ ਚੀਕ-ਚਿਹਾੜਾ ਪਾ ਦਿੱਤਾ-"ਹਾਏ ਬਾਪੂ ! ਹਾਏ ਮਾਂ !! ਹਾਏ ਮਰਗੇ !!!"

ਨਵਾਬ ਪੰਜ-ਮਿੰਟ ਤੜਫਿਆ, ਫਿਰ ਠੰਢਾ—ਸੀਤ ਹੋ ਗਿਆ। ਹੱਥ-ਪੈਰ ਮੁੜ

ਗਏ। ਚਿਹਰਾ ਪੀਲ਼ਾ ਪੈ ਗਿਆ।

ਗੱਜੂ ਬੇਕਿਰਕੀ ਨਾਲ਼ ਜਵਾਕਾਂ ਵੱਲ ਵਧਣ ਲੱਗਿਆਾ ਤਾਂ ਮੌਲਵੀ ਨੇ ਰੋਕ ਦਿੱਤਾ –"ਨਹੀਂ ਗੱਜੂ, ਇਹ ਕੰਮ ਨੀ ਕਰਨਾ। ਨਵਾਬੂ ਨੇ ਗਲਤੀ ਕੀਤੀ ਸੀ, ਉਹਨੂੰ ਸਜਾ ਮਿਲ ਗਈ। ਜਵਾਕਾਂ ਨੂੰ ਕੁਸ਼ ਨੀ ਕਹਿਣਾ।"

ਗੱਜੂ ਉਨ੍ਹੀਂ ਪੈਰੀਂ ਵਾਪਸ ਹੋ ਗਿਆ।

ਸੁਲਤਾਨਾ ਧਾਹਾਂ ਮਾਰ-ਮਾਰ ਰੋ ਰਹੀ ਸੀ, ਪਰ ਭੀੜ ਦੇ ਰੌਲ਼ੇ-ਰੱਪੇ 'ਚ ਉਸਦਾ ਦਰਦ ਦੱਬ ਕੇ ਰਹਿ ਗਿਆ।

ਦਰਵਾਜ਼ੇ 'ਚ ਲੁਟਕੇ ਪਏ ਨਵਾਬ ਦੇ ਠੁੱਡਾ ਮਾਰ, ਗੱਜੂ ਕਹਿੰਦਾ ਹੋਇਆ ਬਾਹਰ ਆ ਗਿਆ– "ਨਿਭਾ ਮਲਾਜੇਦਾਰੀਆਂ !"

"ਸਾਲ਼ਾ ! ਨਰਕਾਂ ਦਾ ਭਾਗੀ, ਆਪਣਿਆਂ ਨਾਲ਼ ਗ਼ਦਾਰੀ ਕਰਦਾ ਸੀ।" ਮੌਲਵੀ ਵੀ ਠੁੱਡਾ ਮਾਰਦਾ ਬਾਹਰ ਆ ਗਿਆ। ਫਿਰ ਸਾਰੀ ਭੀੜ ਵੀ ਰੀਸੋ-ਰੀਸ ਠੁੱਡੇ ਮਾਰਦੀ ਹੌਲ਼ੀ-ਹੌਲ਼ੀ ਉਹਨਾਂ ਮਗਰ ਹੋ ਤੁਰੀ।

ਨਵਾਬ ਦਾ ਘਰ ਉੱਜੜ ਗਿਆ। ਸੁਲਤਾਨਾ ਰੰਡੀ ਹੋ ਗਈ। ਬੱਚੇ ਪਿਉ ਵਿਰਵੇ ਹੋ ਗਏ। ਨਵਾਬ 'ਤੇ ਚਿੱਟੀ ਚਾਦਰ ਪਾ ਕੇ, ਸੁਲਤਾਨਾ ਨੇ ਦਲੇਰੀ ਨਾਲ਼ ਜਵਾਕਾਂ ਨੂੰ ਕਾਲ਼ਜੇ ਲਾਇਆ।

———

ਮੁਲਕ ਆਜ਼ਾਦ ਹੋਏ ਨੂੰ ਪੰਜ ਦਿਨ ਹੋ ਗਏ ਸੀ। ਹੁਣ ਤਕ ਸਾਫ਼ ਹੋ ਗਿਆ ਕਿ ਮੁਸਲਮਾਨਾਂ ਨੂੰ ਮੁਲਕ ਛੱਡਣਾ ਹੀ ਪੈਣਾ ਹੈ। ਹਿਜਰਤ ਕਰਨ ਵਾਲ਼ੇ ਲੋਕਾਂ ਦੇ ਮਨ 'ਚ ਤਰ੍ਹਾਂ-ਤਰ੍ਹਾਂ ਦੇ ਸਵਾਲ ਪੈਦਾ ਹੋ ਰਹੇ ਸੀ। ਦੇਸ਼ ਵੰਡ ਤੋਂ ਬਾਅਦ ਮਿਲਵਰਤਣ ਵਿੱਚ ਵੀ ਕਮੀ ਆ ਗਈ।

ਸ਼ਾਮ ਦਾ ਸੂਰਜ ਛਿਪ ਗਿਆ ਪਰ ਅੱਜ ਤਾਂ ਕਾਲੀ ਖਾਨ ਨੂੰ ਵੀ ਅਗਲੀ ਸਵੇਰ ਦਾ ਸੂਰਜ ਚੜ੍ਹਨ ਦੀ ਉਮੀਦ ਨਹੀਂ ਸੀ। ਉਹ ਸੁੰਨ ਹੋ ਗਿਆ। ਬਸੀਰਾਂ ਨੇ ਉਸ ਨੂੰ ਹਲੂਣਿਆ–"ਰਫੀਕ ਦੇ ਬਾਪੂ ! ਕੀ ਹੋ ਗਿਆ ਤੈਨੂੰ ?"

"ਆਪਾਂ ਨੂੰ ਵੀ ਪਿੰਡ ਛੱਡਣਾ ਪਊ।" ਕਾਲੀ ਉਦਾਸ ਹੋਇਆ ਬੋਲਿਆ।

ਕੋਲ਼ ਬੈਠਾ ਰਫੀਕ ਸੁਣ ਰਿਹਾ ਸੀ। ਪਿੰਡ ਛੱਡਣ ਦੀ ਗੱਲ ਨੇ, ਉਸਦੇ ਕਾਲ਼ਜੇ ਡੰਗ ਮਾਰਨ ਵਾਲ਼ਾ ਕੰਮ ਕੀਤਾ। ਉਹ ਆਖਣ ਲੱਗਾ –"ਨਹੀਂ ਬਾਪੂ , ਮੈਂ ਨੀ ਜਾਣਾ। ਮੈਂ ਆਪਣੇ ਬੇਲੀ ਪੰਜਾਬੇ ਨੂੰ ਛੱਡ ਕੇ ਕਿਤੇ ਨੀ ਜਾਂਦਾ।"

"ਅਸੀਂ ਏਥੇ ਹੀ ਜੰਮੇ, ਪਲ਼ੇ ਤੇ ਵੱਡੇ ਹੋਏ ... ਹੁਣ ਅਸੀਂ ਕਾਹਨਗੜ੍ਹ ਛੱਡ ਕੇ ਕਿੱਥੇ ਜਾਮਾਂਗੇ ?" ਬਸੀਰਾਂ ਨੂੰ ਵੀ ਕੁੱਝ ਨਹੀਂ ਸੀ ਸੁੱਝ ਰਿਹਾ।

"ਏਹ ਸਰਕਾਰੀ ਹੁਕਮ ਨੇ ਬਸੀਰਾਂ ! ਚੌਂਕੀਦਾਰ ਕਹਿ ਕੇ ਗਿਐ।" ਕਾਲੀ ਬੋਲਿਆ।

"ਜੇ ਆਪਾਂ ਹੁਕਮ ਨਾ ਮੰਨੀਏ ?" ਬਸੀਰਾਂ ਬੋਲੀ।

"ਹੁਕਮਾਂ ਨੂੰ ਮੰਨਣਾ ਪੈਣੈ। ਹੁਣ ਏਹ ਮੁਲਕ ਆਪਣਾ ਨਹੀਂ।" ਕਾਲੀ ਨੇ

ਬੇਵਸੀ ਜ਼ਾਹਰ ਕੀਤੀ। ਉਸਦੇ ਸੰਦ ਵੀ ਅੱਜ ਖਿੰਡੇ ਪਏ ਸੀ। ਵਿਹੜੇ ਵਿੱਚ ਫਿਰਦੇ ਕੁੱਕੜ ਚੋਗਾ ਲੈ ਰਹੇ ਸੀ।

"ਪਤਾ ਨੀਂ ਕਿਸ ਚੰਦਰੇ ਨੇ ਬੀ ਬੀਜੇ ਨੇ ਉਜਾੜੇ ਆਲ਼ੇ।" ਬਸੀਰਾ ਨੇ ਲੰਮਾ ਹਉਂਕਾ ਲਿਆ।

"ਆਪਾਂ ਤਾਂ ਫਾਹੇ ਲੱਗ ਗਏ ਬਸੀਰਾਂ।" ਕਾਲੀ ਨੇ ਵੀ ਬਸੀਰਾਂ ਦੀ ਸੁਰ 'ਚ ਸੁਰ ਮਿਲਾਈ।

"ਰੱਬ ਨਰਕਾਂ 'ਚ ਵੀ ਢੋਈ ਨਾ ਦੇਵੇ, ਐਸੇ ਪਾਪੀਆਂ ਨੂੰ।"

ਬਸੀਰਾਂ ਨੂੰ ਵਾਰ-ਵਾਰ ਦੇਸ਼ ਵੰਡ ਦੇ ਦੋਸ਼ੀਆਂ ਤੇ ਖਿਝ ਚੜ੍ਹ ਰਹੀ ਸੀ।

ਭੱਠੀ ਵੀ ਸਵੇਰ ਦੀ ਠੰਢੀ ਹੀ ਸੀ।

ਕੁਲਰੀਆਂ ਦਾ ਵਿਸਾਖਾ ਭੱਜਿਆ-ਭਜਾਇਆ ਆਇਆ -"ਕਾਲੀ ਸਿਹਾਂ, ਕਹੀ ਦੇ ਛੁਰੀ ਲਾ ਯਰ। ਕੰਮ ਖੜ੍ਹੈ .. ਵੱਟਾਂ ਘੜਨ ਵਾਲ਼ੀਆਂ ਪਈਆਂ ਨੇ।"

"ਪਿੰਡ ਉੱਜੜਨ ਨੂੰ ਫਿਰੇ, ਤੈਨੂੰ ਕਹੀ ਦੀ ਹੋਈ ਪਈ ਐ।" ਕਾਲੀ ਨੇ ਉਸ ਵੱਲ ਕਚੀਚੀ ਵੱਟੀ।

"ਚੱਲ ਕੱਲ੍ਹ ਤਕ ਲਾ ਦਈਂ।" ਉਹ ਵੀ ਖਹਿੜੇ ਹੀ ਪੈ ਗਿਆ। ਸਿੱਧਰਾ ਜੁ ਹੋਇਆ।

"ਕੱਲ੍ਹ ਦਾ ਸੂਰਜ ਪਤਾ ਨੀ ਕਿੱਥੇ ਨਸੀਬ ਹੋਣਾ ਏ ਵਿਸਾਖਿਆ !" ਕਾਲੀ ਦੇ ਖ਼ੂਨ ਦਾ ਦਬਾਅ ਵੀ ਘਟ ਗਿਆ ਸੀ।

ਇੰਨੇ ਨੂੰ ਗੁਰਮੁਖ ਵੀ ਕਾਲੀ ਦਾ ਪਤਾ ਲੈਣ, ਭੱਠੀ ਵੱਲ ਆ ਗਿਆ। ਪੰਜਾਬ ਵੀ ਜ਼ਿੱਦ ਕਰਦਾ ਨਾਲ਼ ਆ ਗਿਆ।

"ਮੈਨੂੰ ਲੱਗਦੈ , ਕਾਲੀ ਦਾ ਦਮਾਕ ਨੀ ਟਿਕਾਣੇ, ਬਾਈ ਸਿਆਂ !" ਵਿਸਾਖੇ ਨੇ ਗੁਰਮੁਖ ਨੂੰ ਕਿਹਾ।

"ਕਾਲੀ ਠੀਕ ਕੈਂਅ੍ਹਦੈ, ਸੱਜਣਾ। ਮੁਸਲਮਾਨ ਮੁਲਕ ਛੱਡ ਕੇ ਜਾ ਰਹੇ ਨੇ।"

"ਮੈਂ ਤਾਂ ਬਾਪੂ ! ਪੰਜਾਬ ਨਾਲ ਹੀ ਰਹੂੰ।" ਰਫੀਕ ਨੇ ਪੰਜਾਬੇ ਨੂੰ ਘੁੱਟ ਕੇ ਜੱਫੀ ਪਾ ਲਈ। ਅੱਜ ਜੱਫੀ ਖ਼ੁਸ਼ੀ 'ਚ ਨਹੀਂ, ਵਿਛੜ ਜਾਣ ਦੇ ਡਰ ਤੋਂ ਸੀ। ਵਿਛੜ ਜਾਣ ਦਾ ਖੌਫ, ਸੁਆਦ ਨੂੰ ਕਿਰਕਿਰਾ ਕਰ ਰਿਹਾ ਸੀ।

"ਮੈਂ ਨੀ ਰਫੀਕ ਨੂੰ ਕਿਤੇ ਜਾਣ ਦਿੰਦਾ।" ਪੰਜਾਬੇ ਨੇ ਵੀ ਜੱਫੀ ਨੂੰ ਹੋਰ ਮਜ਼ਬੂਤ ਕੀਤਾ।

"ਕਾਲੀ ਸਿਆਂ, ਮੁੰਡਿਆਂ ਦਾ ਬਹੁਤ ਔਖਾ ਹੋਜੂ।" ਗੁਰਮੁਖ ਦੀਆਂ ਅੱਖਾਂ 'ਚੋਂ ਪਾਣੀ ਛਲਕਿਆ। ਪਲਕਾਂ ਨਮ ਹੋ ਗਈਆਂ। ਕੋਏ ਸਲ੍ਹਾਬੇ ਗਏ।

"ਇਹ ਤਾਂ ਇੱਕ-ਦੂਜੇ ਬਿਨ ਬਿੰਦ ਨੀ ਸਾਰਦੇ।" ਕੋਲ਼ ਬੈਠੀ ਬਸੀਰਾਂ ਨੂੰ ਵੀ ਮੁੰਡਿਆਂ ਦਾ ਫਿਕਰ ਜ਼ਿਆਦਾ ਸੀ।

"ਸਹੁਰਾ ਏਹ ਵੀ ਤਾਂ ਹਿੰਡ ਕਰੀ ਬੈਠੈ ! ਕੈਂਅ੍ਹਦਾ, ਪੰਜਾਬ ਨੂੰ ਛੱਡ ਕੇ ਮੈਂ ਨੀ ਕਿਤੇ ਜਾਣਾ। ਮੈਂ ਕੀ ਸਮਝਾਵਾਂ ਏਹਨੂੰ।" ਕਾਲੀ ਨੇ ਰਫੀਕ ਵੱਲ ਇਸ਼ਾਰਾ ਕੀਤਾ।

"ਸਾਲ਼ੇ ਆਵਦਾ ਘੋੜਾ ਦਬੱਲੀ ਫਿਰਦੇ ਨੇ। ਮੇਰੀ ਸੁਣਦੇ ਹੀ ਨੀ।" ਸਿੱਧਰਾ ਵਿਸਾਖਾ ਆਪਣੀ ਕਹੀ ਲੈ ਕੇ, ਕੁਲਰੀਆਂ ਵਾਲ਼ੇ ਰਾਹ ਪੈ ਗਿਆ।

"ਬਸੀਰਾਂ, ਦੋ ਪਲ਼ੀਆਂ ਦੁੱਧ ਹੀ ਬਣਾ ਲਿਆ। ਅੱਜ ਦਾ ਦਿਨ ਤਾਂ ਬਾਈ ਨਾਲ਼ ਬਹਿ ਕੇ ਪੀ ਲਈਏ।" ਕਾਲੀ ਨੇ ਕਾੜ੍ਹਨੀ 'ਚੋਂ ਦੁੱਧ ਲਿਆਉਣ ਲਈ ਕਿਹਾ।

"ਬਹਿ ਜਾ ਬਾਈ।" ਫਿਰ ਕਾਲੀ ਨੇ ਗੁਰਮੁਖ ਨੂੰ, ਆਪਣੇ ਕੋਲ਼ ਪਏ ਮੰਜੇ 'ਤੇ ਬੈਠਣ ਨੂੰ ਕਿਹਾ।

ਰਫੀਕ ਤੇ ਪੰਜਾਬ ਖੇਡਣ ਲਈ ਬਾਹਰ ਚਲੇ ਗਏ।

ਬਸੀਰਾਂ ਦੁੱਧ ਦੀ ਗੜਵੀ ਰੱਖ ਗਈ।

"ਕੀ ਬਣੂ ! ਬਾਈ ਫਿਰ ਸਾਡਾ ?" ਕਾਲੀ ਨੇ ਬਾਟੀਆਂ 'ਚ ਦੁੱਧ ਪਾਉਂਦਿਆਂ ਪੁੱਛਿਆ।

"ਤੁਸੀਂ ਫਿਕਰ ਨਾ ਕਰੋ। ਸਾਰੀ ਪੰਜ-ਦਸ ਦਿਨ ਦੀ ਖੇਡ ਐ। ਤੁਸੀਂ ਫਿਰ ਆ ਜਾਣਾ, ਆਪਾਂ ਮਿਲਦੇ-ਗਿਲਦੇ ਰਹਾਂਗੇ।" ਗੁਰਮੁਖ ਕੋਲ਼ ਕਾਲੀ ਨੂੰ ਹੌਸਲਾ ਦੇਣ ਤੋਂ ਬਿਨਾਂ ਕੁੱਝ ਨਹੀਂ, ਬੇਸ਼ੱਕ ਉਹ ਸੱਚ ਤੋਂ ਜਾਣੂ ਸੀ।

"ਅਸੀਂ ਆਪਣਾ ਘਰ ਛੱਡ ਕੇ ਨੀ ਜਾਂਦੇ।" ਦੂਰ ਫਿਰਦੀ ਬਸੀਰਾਂ ਵਿੱਚ ਬੋਲ ਪਈ। ਧਿਆਨ ਉਸ ਦਾ ਵੀ ਕਾਲੀ ਹੋਰਾਂ ਦੀਆਂ ਗੱਲਾਂ ਵੱਲ ਹੀ ਸੀ।

"ਹੌਸਲਾ ਰੱਖੋ। ਮੈਂ ਫੇਰ ਆਉਂਦਾ ਹਾਂ, ਮੈਂ ਸੱਥ 'ਚ ਵੇਖ ਆਮਾਂ ਕੀ ਮਾਹੌਲ ਐ ?" ਗੁਰਮੁਖ ਬਿੜਕ ਲੈਣ ਸੱਥ ਵੱਲ ਚਲਾ ਗਿਆ।

"ਬਸੀਰਾਂ, ਸਾਰਾ ਸਮਾਨ ਬੰਨ੍ਹ ਲੈ।" ਆਖ ਕਾਲੀ ਵੀ ਸੰਦ ਸੰਭਾਲਣ ਲੱਗ ਪਿਆ।

ਸੰਦ ਸੰਭਾਲ਼ ਕੇ ਉਹ ਵੀ ਬਿੜਕ ਲੈਣ ਸੱਥ ਨੂੰ ਚੱਲ ਪਿਆ।

ਸੱਥ 'ਚ ਚੱਲਦੀਆਂ ਗੱਲਾਂ ਤੋਂ ਪਤਾ ਲੱਗਿਆ, ਲੁਟੇਰਿਆਂ ਨੇ ਫਣ ਚੁੱਕ ਲਏ। ਉਨ੍ਹਾਂ ਨੇ ਆਪਣੇ ਲੀਡਰ ਵੀ ਚੁਣ ਲਏ। ਹਥਿਆਰ ਸਾਣ 'ਤੇ ਲਾ ਕੇ ਤਿੱਖੇ ਕਰ ਲਏ। ਹੁਣ ਤਾਂ ਉਹ ਢੁਕਵੇਂ ਸਮੇਂ ਦੀ ਉਡੀਕ 'ਚ ਸੀ। ਉਹ ਵਿਉਂਤਬੰਦੀ ਕਰਨ ਲੱਗੇ ਪਏ ਸੀ-

"ਮੈਂ ਤਾਂ ਮੁਸਲਿਆਂ ਨੂੰ ਗਾਜਰਾਂ ਵਾਂਗੂ ਵੱਢਦੂੰ।"

"ਮੈਂ ਤਾਂ ਸੋਨੇ-ਚਾਂਦੀ ਨਾਲ ਆਪਣਾ ਘਰ ਭਰੂੰ।"

"ਉਏ ਕੱਲੀਆਂ ਮੁਸਲੀਆਂ ਦੀ ਕੀ ਗੱਲ ਕਰਦੇ ਓਂ ! ਓਧਰੋਂ ਵੀ ਬਥੇਰਾ ਮਾਲ ਆ ਰਿਹੈ।"

"ਆਪਾਂ ਤਾਂ ਭਾਈ ਸੋਹਣੀ ਜੀ ਰੰਨ ਵੇਖ ਕੇ ਫਿੱਟ ਕਰ ਲੈਣੀ ਐ। ਫਿਰ ਲੁੱਟਾਂਗੇ ਸਾਰੀ ਉਮਰ ਬੁੱਲ੍ਹੇ।।"

ਇੰਝ ਧਾੜਵੀ, ਲੁਟੇਰੇ, ਡਾਕੂ, ਚੋਰ, ਫਸਾਦੀ, ਬਲਾਤਕਾਰੀ, ਹਵਸ਼ੀ, ਸ਼ਾਤਰ, ਨਿਰਦਈ, ਜ਼ਾਲਮ ਆਪੋ-ਆਪਣਾ ਬੱਬਰ ਭਰਨ ਲਈ, ਤਨ, ਮਨ ਅਤੇ

ਧਨ ਦੀ ਨੀਤ (ਭੁੱਖ) ਭਰਨ (ਦੂਰ ਕਰਨ) ਲਈ ਤਤਪਰ ਸੀ।

ਕਾਲੀ ਦਾ ਮਨ ਖ਼ਰਾਬ ਹੋ ਗਿਆ। ਉਹ ਵਾਪਸ ਘਰ ਨੂੰ ਆ ਗਿਆ।

ਅੱਜ ਦੀ ਰਾਤ ਕਾਹਨਗੜ੍ਹ ਦੀ ਸੱਥ 'ਚ ਵੀ ਇਕੱਠ ਹੋਇਆ, ਪਰ ਕਾਹਨਗੜ੍ਹ ਦੇ ਇਕੱਠ ਦਾ, ਕਾਲੀਏ ਦੇ ਇਕੱਠ ਨਾਲ਼ੋਂ ਬਹੁਤ ਫਰਕ ਸੀ। ਇਕੱਠ ਨਾਲ਼ ਸਾਰੀ ਸੱਥ ਭਰ ਗਈ। ਕਿਤੇ ਖੜ੍ਹਨ ਨੂੰ ਥਾਂ ਨਹੀਂ ਸੀ ਰਹੀ। ਗੁਰਮੁਖ ਨੇ ਗੱਲ ਸ਼ੁਰੂ ਕੀਤੀ –"ਵੇਖੋ ਬਈ ਸੰਗਤੇ, ਸਮੇਂ ਦਾ ਗੇੜ ਐ। ਜੋ ਸਾਡੇ ਨਜ਼ਦੀਕ ਸੀ, ਕੱਲ੍ਹ ਨੂੰ ਮੁਲਕ ਛੱਡ ਕੇ ਜਾ ਰਹੇ ਨੇ । ਸਾਡਾ ਵੀ ਫਰਜ ਬਣਦੈ, ਅਸੀਂ ਉਨਾਂ ਨਾਲ਼ ਹਮਦਰਦੀ ਰੱਖੀਏ। ਬਾਕੀ ਆਪਣੇ ਪਿੰਡ ਤਾਂ ਘਰ ਵੀ ਦਸ-ਪੰਦਰਾਂ ਹੀ ਨੇ। ਪਰ ਸਾਰਿਆਂ ਦੀ ਸਾਂਝ ਪਕੇਰੀ ਐ।"

"ਬਿਲਕੁਲ ਜੀ ਬਿਲਕੁਲ, ਹੁਣ ਤਕ ਤਾਂ ਅਸੀਂ ਵਿਆਹ—ਸ਼ਾਦੀਆਂ ਤੇ ਖੁਸ਼ੀਆਂ-ਗਮੀਆਂ 'ਚ ਇੱਕ ਦੂਜੇ ਦਾ ਸਾਥ ਦਿੱਤੈ।" ਭਰੇ ਇਕੱਠ 'ਚ ਝੰਡਾ ਸਿੰਘ ਨੇ ਉਸਦੀ ਗੱਲ ਨੂੰ ਅੱਗੇ ਤੋਰਿਆ।

"ਸਾਰੇ ਪਿੰਡ ਦੀ ਹਮਦਰਦੀ ਨਾਲ਼ ਐ।" ਭਰੇ ਇਕੱਠ ਨੇ ਬਾਹਾਂ ਉਲਾਰ ਕੇ ਇੱਕਜੁਟਤਾ ਦਾ ਸਬੂਤ ਦਿੱਤਾ।

"ਸੰਗਤੇ ਸਾਡਾ ਵੀ ਜੀ ਨੀ ਕਰਦਾ, ਪਿੰਡ ਛੱਡਣ ਨੂੰ। ਮੇਰਾ ਜਵਾਕ ਤਾਂ ਸਵੇਰ ਦਾ ਰੋਈ ਜਾਂਦੈ।" ਕਾਲੀ ਨੂੰ ਪਿੰਡ ਦੇ ਹੇਰਵੇ ਦੇ ਨਾਲ਼-ਨਾਲ਼ ਰਫੀਕ ਦੀ ਵੀ ਚਿੰਤਾ ਸੀ।

"ਹੁਣ ਕਰੀਏ, ਤਾਂ ਕੀ ਕਰੀਏ ! ਵਧੀਆ ਰੰਗਾਂ 'ਚ ਵੱਸਦੇ ਸੀ। ਸਾਲ਼ੀ 'ਜਾਦੀ ਦਾ ਸਾਨੂੰ ਕੀ ਫੈਅਦਾ ਹੋਇਆ ! ਇਹੋ ਜਿਹੀ 'ਜਾਦੀ ਨੂੰ ਕੀ ਰਗੜ ਕੇ ਫੋੜੇ 'ਤੇ ਲੌਣੈ !!" ਰੱਬ ਦੇ ਰੰਗਾਂ 'ਚ ਰਹਿਣ ਵਾਲ਼ਾ ਜਬਰਾ ਵੀ ਅੱਜ ਤਾਂ ਭਾਵੁਕ ਹੋ ਗਿਆ। ਮੁਸਲਮਾਨ ਹੋਣ ਕਾਰਨ ਬਟਵਾਰੇ ਵਾਲ਼ੀ ਤਲਵਾਰ ਉਸ 'ਤੇ ਵੀ ਲਟਕ ਰਹੀ ਸੀ।

"ਸਾਰਾ ਪਿੰਡ ਥੋਡੀ ਰੱਖਿਆ ਦੀ ਹਾਮੀ ਭਰਦੈ।" ਝੰਡਾ ਸਿੰਘ ਬੋਲਿਆ।

"ਦੱਸੋ ਥੋਡੀ ਕੀ ਮਦਾਦ ਕਰੀਏ ?" ਗੁਰਮੁਖ ਨੇ ਪੁੱਛਿਆ।

"ਕੱਲ੍ਹ ਨੂੰ ਸਾਨੂੰ ਲੱਖੀਆਲ਼ੇ ਤਕ ਛੱਡ ਕੇ ਆਈਂ, ਗੁਰਮੁਖ ਬਾਈ।" ਕਾਲੀ ਬੋਲਿਆ। ਲੱਖੀਵਾਲ਼ੇ ਕਾਲੀ ਦੇ ਸਹੁਰੇ ਹਨ। ਬਾਕੀ ਉਸ ਪਿੰਡ ਮੁਸਲਿਮ ਆਬਾਦੀ ਵੀ ਜ਼ਿਆਦਾ ਹੈ। ਨੇੜਲੇ ਪਿੰਡਾਂ ਦੇ ਮੁਸਲਮਾਨ ਉੱਥੇ ਇਕੱਠੇ ਹੋ ਰਹੇ ਹਨ।

"ਜ਼ਰੂਰ .... ਬਾਈ ਤੇਰੇ ਕੰਮ ਨੀ ਆਮਾਂਗੇ, ਹੋਰ ਕਿਸ ਦੇ ਆਮਾਂਗੇ।" ਗੁਰਮੁਖ ਦੋਸਤੀ ਨਿਭਾਉਣ ਵਾਲ਼ਿਆਂ ਵਿੱਚੋਂ ਸੀ।

"ਅੱਜ ਠੀਕਰੀ ਪਹਿਰਾ ਵੀ ਰੱਖਾਂਗੇ।" ਇਕੱਠ 'ਚੋਂ ਕਿਸੇ ਨੇ ਸੁਝਾਅ ਦਿੱਤਾ।

"ਹਾਂ ਜਰੂਰ, ਕਿਤੇ ਬਗਾਨੇ ਪਿੰਡ ਦਾ ਬੰਦਾ ਆ ਕੇ ਖਰਾਬੀ ਕਰਜੇ।" ਗੁਰਮੁਖ ਸਿੰਘ ਨੂੰ ਠੀਕਰੀ ਪਹਿਰੇ ਵਾਲ਼ੀ ਗੱਲ ਜਚ ਗਈ।

"ਸੁਣਿਐ, ਗੁਆਂਢੀ ਪਿੰਡ ਦੀ ਮੁੰਡ੍ਹੀਰ ਸ਼ੂਕਰੀ ਫਿਰਦੀ ਐ। ਬਿੜਕ ਰੱਖਿਓ

ਭਾਈ।” ਝੰਡਾ ਸਿੰਘ ਬੋਲਿਆ।

“ਸਾਧਣਵਾਸ ਦੀ ਐ ਲਫੈਂਡ ਪਾਲਟੀ। ਦੋ-ਦੋ ਮਾਰਿਓ ਮੌਰਾਂ ’ਤੇ, ਮੇਰੇ ਪੁੱਤ ਦਿਆਂ ਨੂੰ, ਭੱਜਦਿਆਂ ਨੂੰ ਵਾਹਣ ਨੀ ਲੱਭਣਾ।” ਜਬਰੇ ਦਾ ਮਨ ਦੁਖੀ ਸੀ। ਆਪਣੇ ਕੋਲ਼ ਰੱਖੀ ਜਾਣਕਾਰੀ ਉਸ ਨੇ ਸਾਂਝੀ ਕੀਤੀ।

ਵਿਚਾਰ-ਚਰਚਾ ਕਰਦਿਆਂ, ਹਨੇਰਾ ਪਸਰ ਆਇਆ। ਅੱਜ ਦੀ ਰਾਤ ਵਿਛੋੜੇ ਦੀ ਰਾਤ ਤੋਂ ਘੱਟ ਨਹੀਂ ਸੀ, ਜੋ ਭਵਿੱਖ ਦੇ ਨਤੀਜੇ ਬੁੱਕਲ਼ ’ਚ ਲਈ ਬੈਠੀ ਸੀ।

“ਚਲੋ ਬਈ ਸੰਗਤੇ, ਪੈਜੋ ਹੁਣ। ਟੈਮ ਵੀ ਬਹੁਤ ਹੋ ਗਿਆ।” ਗੁਰਮੁਖ ਸਿੰਘ ਨੇ ਸਲਾਹ ਦਿੱਤੀ ਤਾਂ ਸਭ ਖਿੰਡ-ਪੁੰਡ ਗਏ।

“ਵੇਖਦੇ ਆਂ, ਸਵੇਰੇ ਕੀ ਬਣਦੈ ?” ਗੁਰਮੁਖ ਕਾਲੀ ਦੇ ਸਨਮੁਖ ਹੋ ਕੇ ਫਿਰ ਬੋਲਿਆ।

ਘਰ ਵੱਲ ਜਾ ਰਹੇ ਕਾਲੀ ਦੇ ਪੈਰ ਭਾਰੇ ਹੁੰਦੇ ਜਾ ਰਹੇ ਸੀ। ਪੈਰ ਪੁੱਟਣਾ ਵੀ ਔਖਾ ਹੋ ਗਿਆ ਸੀ।

“ਬਾਈ, ਆਪਾਂ ਲੋਈ ਪਾਟਦੀ ਨਾਲ਼ ਨਿਕਲਾਂਗੇ।” ਕਾਲੀ ਨੇ ਗੁਰਮੁਖ ਨੂੰ ਆਖਿਆ। ਗੁਰਮੁਖ ਕਾਲੀ ਦੀ ਗੱਲ ਦਾ ਮੋੜਵਾਂ ਜਵਾਬ ਨਾ ਦੇ ਸਕਿਆ। ਉਸਦਾ ਗਲਾ ਖ਼ੁਸ਼ਕ ਹੋ ਗਿਆ। ਕੋਈ ਗੱਲ ਵੀ ਨਹੀਂ ਸੀ ਔੜ ਰਹੀ। ਕਾਲ਼ੇ ਹਨੇਰੇ ਵਿੱਚ ਗੁਰਮੁਖ ਅਲੋਪ ਹੋ ਗਿਆ।

ਕਾਲੀ ਵੀ ਉਸ ਨੂੰ ਓਨਾ ਚਿਰ ਤੱਕਦਾ ਰਿਹਾ, ਜਦ ਤਕ ਉਹ ਅੱਖੋਂ ਪਰੋਖੇ ਨਾ ਹੋਇਆ।

ਗੁਰਮੁਖ ਨੇ ਤਖਤਾ ਪਰ੍ਹੇ ਕੀਤਾ ਤਾਂ ਛੰਨੋ ਉੱਠ ਗਈ।

“ਜਵਾਕ ਸੌਂ ਗਏ ਕਿ ਨਾ ?” ਉਸਨੇ ਅੰਦਰ ਵੜ ਕੇ ਤਖਤਾ ਭੇੜਦਿਆਂ ਪੁੱਛਿਆ।

“ਹੂੰ ....” ਛੰਨੋ ਬੋਲੀ।

ਗੁਰਮੁਖ ਨੇ ਨੇੜੇ ਹੋ ਕੇ ਵੇਖਿਆ, ਉਹ ਗੂੜ੍ਹੀ ਨੀਂਦ ਸੁੱਤੇ ਪਏ ਸੀ। ਦੋਹਾਂ ਦਾ ਮੂੰਹ ਇੱਕ-ਦੂਜੇ ਵੱਲ ਸੀ, ਸ਼ਾਇਦ ਦੋਵੇਂ ਗੱਲਾਂ ਕਰਦੇ-ਕਰਦੇ ਹੀ ਸੌਂ ਗਏ ਹੋਣੇ। ਪੰਜਾਬੇ ਦੀ ਖੱਬੀ ਬਾਂਹ ਨੇ ਰਫੀਕ ਨੂੰ ਵਲ਼ੇਵਾਂ ਪਾਇਆ ਹੋਇਆ ਸੀ।

“ਚਲ ਪਏ ਰਹਿਣ ਦੇ।” ਦੋਹਾਂ ਦੇ ਸਿਰ ’ਤੇ ਹੱਥ ਫੇਰ ਗੁਰਮੁਖ ਵੀ ਸੌਂ ਗਿਆ।

———

ਗੁਰਮੁਖ ਦੀ ਆਪ-ਮੁਹਾਰੇ ਹੀ ਚਾਰ ਵਜੇ ਅੱਖ ਖੁੱਲ੍ਹ ਗਈ। ਉਹ ਭੱਠੀ ਕੋਲ਼ ਗਿਆ। ਕਾਹਨਗੜ੍ਹ ਦੇ ਲੁਹਾਰਾਂ ਦੇ ਦਸ ਕੁ ਘਰ ਇਕੱਠੇ ਹੋ ਗਏ। ਗੁਰਮੁਖ ਜਾ ਕੇ ਗੱਡਾ ਤਿਆਰ ਕਰ ਲਿਆਇਆ।

“ਲੱਦੋ ਬਈ ਸਮਾਨ।”

ਗੁਰਮੁਖ ਦੇ ਆਖਣ ਦੀ ਦੇਰ ਸੀ, ਭੱਠੀ ਕੋਲ਼ ਖੜ੍ਹੇ, ਮਰਦ—ਔਰਤਾਂ ਸਮਾਨ ਰੱਖਣ ਲੱਗੇ।

"ਛੱਜ ਵੀ ਰੱਖਲਾਂ ?" ਬਸੀਰਾਂ ਕਿੱਲੀ ਤੋਂ ਛੱਜ ਉਤਾਰ ਲਿਆਈ।

"ਛੱਜ ਕੀ ਸਿਰ 'ਚ ਮਾਰਨੈ ! ਗੱਡੇ 'ਚ ਥਾਂ ਤਾਂ ਪਹਿਲੀਂ ਘੱਟ ਐ।" ਕਾਲੀ ਨੇ ਵੇਖਿਆ, ਗੱਡਾ ਸਮਾਨ ਨਾਲ਼ ਲੱਦਿਆ ਗਿਆ।

"ਚੱਲ ਬਾਈ, ਸੰਦ ਤੇਰੇ ਘਰੇਂ ਰੱਖ ਆਈਏ। ਜਦ ਪੰਜ-ਸੱਤ ਦਿਨਾਂ ਨੂੰ ਆਏ ਫੇਰ ਲੈ ਲਮਾਂਗੇ।" ਕਾਲੀ ਨੇ ਸੰਦਾਂ ਵਾਲ਼ਾ ਸੰਦੂਕ ਸਿਰ 'ਤੇ ਰੱਖਿਆ।

"ਹੂੰ ...." ਆਖਦਾ ਗੁਰਮੁਖ ਮੂਹਰੇ ਲੱਗ ਗਿਆ।

"ਚੱਲ ਜਦ ਟਿਕ-ਟਿਕਾਅ ਜਾ ਹੋ ਗਿਆ, ਫੇਰ ਆਮਾਂਗੇ ਹੁਣ ਤਾਂ।" ਆਖਦਿਆਂ ਕਾਲੀ ਨੇ ਤੂੜੀ ਵਾਲ਼ੀ ਸਬਾਤ 'ਚ ਸੰਦੂਕ ਰੱਖ ਦਿੱਤਾ।

"ਰਫੀਕ ਨੂੰ ਤਾਂ ਚੱਕ ਲੈ।" ਗੁਰਮੁਖ ਬੋਲਿਆ।

"ਏਹਨਾਂ ਦਾ ਵੀ ਔਖਾ ਹੋਜੂ।" ਮੰਜੇ ਕੋਲ਼ ਜਾਂਦਾ ਕਾਲੀ ਬੋਲਿਆ। ਉਸਨੇ ਪੰਜਾਬ ਦਾ ਹੱਥ ਬੋਚ ਕੇ ਪਰ੍ਹਾਂ ਹਟਾਇਆ। ਪੂਰੇ ਜ਼ੋਰ ਨਾਲ਼ ਰਫੀਕ ਨੂੰ ਮੋਢੇ ਲਾਇਆ। ਨੌਂ ਵਰ੍ਹੇ ਦੇ ਰਫੀਕ ਨੂੰ ਮੋਢੇ ਲਾਉਣਾ ਵੀ ਔਖਾ ਹੀ ਸੀ। ਰਫੀਕ ਦੀ ਨੀਂਦ ਟੁੱਟ ਗਈ।

"ਕੀ ਹੋ ਗਿਆ ਬਾਪੂ ! ਮੈਨੂੰ ਕਿਉਂ 'ਠਾ 'ਤਾ।" ਰਫੀਕ ਅੱਖਾਂ ਮਲਣ ਲੱਗਾ ਪਰ ਕਾਲੀ ਨੇ ਉਸਨੂੰ ਗੱਡੇ 'ਤੇ ਜਾ ਲਿਟਾਇਆ।

ਛੰਨੋ ਵੀ ਮਗਰ ਆ ਗਈ। ਆਖ਼ਰੀ ਵਿਦਾਇਗੀ ਦੇਣ ਲਈ ਸੇਤ ਵਾਲ਼ੇ ਘਰ ਵੀ ਭੱਠੀ 'ਤੇ ਆ ਗਏ।

"ਠੁਕ .... ਠੁਕ ......।" ਗੁਰਮੁਖ ਨੇ ਦੋਵੇਂ ਬਲ਼ਦ ਜੋੜੇ। ਸੀਲ ਬਲ਼ਦਾਂ ਨੂੰ ਜੋੜ ਉਹ ਤਾਂ ਰੱਸਾ ਵੀ ਫੜ ਕੇ ਖੜ੍ਹ ਗਿਆ ਸੀ।

"ਚੰਗਾ ਬਈ ਸੰਗਤੇ, ਜੇ ਭੁੱਲ-ਚੁੱਕ ਹੋਈ ਹੋਵੇ ਤਾਂ ਮਾਫ ਕਰਨਾ। ਜੇ ਅੰਨ-ਜਲ ਦੀ ਸਾਂਝ ਹੋਈ, ਫੇਰ ਮਿਲਾਂਗੇ।" ਕਾਲੀ ਸਾਰਿਆਂ ਵੱਲ ਹੱਥ ਜੋੜੀਂ ਖੜ੍ਹਾ ਸੀ।

"ਮਿਲਾਂਗੇ ਕਮਲ਼ਿਆ, ਆਪਾਂ ਕੀ ਰੱਬ ਦੇ ਮਾਂਹ ਮਾਰੇ ਨੇ ?" ਛੰਨੋ ਨੇ ਮੋੜਵਾਂ ਜਵਾਬ ਦਿੱਤਾ। ਔਰਤਾਂ ਵੀ ਇੱਕ-ਦੂਜੀ ਨੂੰ ਜੱਫੀਆਂ ਪਾ ਮਿਲੀਆਂ ਪਰ ਮਨ 'ਚ ਵੈਰਾਗ ਭਰਿਆ ਪਿਆ ਸੀ।

ਕਾਲੀ ਨੇ ਕੋਲ਼ ਹੋ ਕੇ ਛੰਨੋ ਦੇ ਪੈਰੀਂ ਹੱਥ ਲਾਏ।

"ਚੰਗਾ ਭਾਬੀ...." ਉਹ ਜ਼ਿਆਦਾ ਨਾ ਬੋਲ ਸਕਿਆ। ਜਾਣ ਵੇਲ਼ੇ ਉਹਨੇ ਲੰਮੇ-ਲੰਮੇ ਸਾਹ ਬਾਹਰ ਕੱਢੇ। ਸਾਹਾਂ ਵਿੱਚ ਵਿਛੋੜੇ ਦਾ ਭਾਰਾਪਣ ਝਲਕ ਰਿਹਾ ਸੀ।

"ਏਹਦਾ ਧਿਆਨ ਰੱਖਿਓ, ਇੱਕ-ਦੋ ਦਿਨ ਤਾਂ ਚਿੱਤ ਜਾ ਲਾਉਣਾ ਨੀ ਏਨ੍ਹੇ।" ਛੰਨੋ ਰਫੀਕ ਵੱਲ ਵਧੀ। ਚੁੰਨੀ ਦੇ ਲੜ ਬੰਨ੍ਹਿਆ ਪੈਸਾ, ਰਫੀਕ ਦੀ ਮੁੱਠੀ ਵਿੱਚ ਫੜਾ ਦਿੱਤਾ।

"ਵੱਸਦਾ ਰਹੇਂ ਪੁੱਤ !" ਫਿਰ ਛੰਨੋ ਨੇ ਰਫੀਕ ਦਾ ਸਿਰ ਪਲੋਸਿਆ।

ਮੇਲ-ਮਿਲਾਪ ਦੀਆਂ ਰਸਮਾਂ ਪੂਰੀਆਂ ਕਰਦਿਆਂ ਪੰਜ ਵੱਜ ਗਏ। ਅੱਧੇ ਘਰ ਡਸਕੇ ਨੂੰ ਹੋ ਤੁਰੇ। ਕਾਲੀ, ਉਸਦੇ ਛੋਟੇ ਭਰਾ ਪਾਲੀ ਅਤੇ ਦੋ ਹੋਰ ਪਰਿਵਾਰਾਂ ਨੇ ਲੱਖੀਵਾਲ਼ੇ ਨੂੰ ਜਾਣਾ ਸੀ। ਗੁਰਮੁਖ ਬਲ਼ਦਾਂ ਦਾ ਰੱਸਾ ਖਿੱਚਦਿਆਂ ਬੋਲਿਆ - "ਵਾਹੇਗੁਰੂ ਜੀ ਕਾ ਖਾਲਸਾ...."

ਬਸ ਆਖਣ ਦੀ ਦੇਰ ਸੀ, ਪਿੱਛੋਂ ਪੂਰੇ ਜੋਸ਼ ਨਾਲ਼ ਜਵਾਬ ਆਇਆ - "ਵਾਹੇਗੁਰੂ ਜੀ ਕੀ ਫਤੇਹ ..."

ਸਵੇਰ ਦੇ ਅੱਧ ਖਿੜੇ ਚਾਨਣ ਵਿੱਚ ਗੱਡਾ ਲੱਖੀਵਾਲ਼ੇ ਨੂੰ ਚੱਲ ਪਿਆ।

"ਸਭ ਅੰਨ-ਜਲ ਦਾ ਚੱਕਰ ਐ, ਭਾਈ।"

ਆਖਦਿਆਂ ਪਿੰਡ ਵਾਲ਼ੇ ਘਰਾਂ ਨੂੰ ਮੁੜ ਗਏ।

"ਅੰਨ-ਜਲ ਦਾ ਕੋਈ ਚੱਕਰ ਨੀਂ। ਇਹ ਸਭ ਝੂਠੇ ਧਰਵਾਸੇ ਨੇ।"

ਗੁਰਮੁਖ ਦੇ ਪਿੰਡ ਵਾਲ਼ਿਆਂ ਦੀ ਗੱਲ ਫਿੱਟ ਨਾ ਆਈ।

---

ਦਿਨ ਚੜ੍ਹਿਆ।

ਸੂਰਜ ਦੀ ਲਿਸ਼ਕੋਰ ਕਾਲੀ ਦੀ ਭੱਠੀ 'ਤੇ ਪਈ। ਪਰ ਭੱਠੀ 'ਤੇ ਤਾਂ ਸੁੰਨ-ਸਰਾਂ ਸੀ। ਭੱਠੀ ਦੀ ਰਾਖ ਖਿੰਡੀ ਪਈ ਸੀ। ਖੁੱਲ੍ਹੀ ਥਾਂ 'ਤੇ ਬੱਕਰੀਆਂ ਦੀਆਂ ਮੀਂਗਣਾ ਵੀ ਖਿੰਡੀਆਂ ਪਈਆਂ ਸੀ। ਦੋ-ਤਿੰਨ ਥਾਂ 'ਤੇ ਗੋਹੇ ਦੇ ਫੋਸ ਵੀ ਪਏ ਸੀ। ਸ਼ਾਇਦ ਜਾਣ ਲੱਗਿਆਂ, ਬਲ਼ਦ ਸਮਾਨ ਦਾ ਬੋਝ ਨਹੀਂ ਸੀ ਝੱਲ ਸਕੇ।

ਕੁਲਰੀਆਂ ਦਾ ਵਿਸਾਖਾ ਅੱਜ ਵੀ ਸੰਦੇਹਾਂ ਹੀ ਕਹੀ ਲੈ ਕੇ ਆ ਗਿਆ। ਕਹੀ ਬਿਨਾਂ ਉਨ੍ਹਾਂ ਦਾ ਕੰਮ ਜ਼ਿਆਦਾ ਹੀ ਅੜਿਆ ਲੱਗਦਾ ਸੀ। ਸੁੰਨੀ ਭੱਠੀ ਵੇਖ ਡੌਰ-ਭੌਰ ਹੋ ਗਿਆ। ਉਸ ਨੂੰ ਸਮਝ ਤਾਂ ਆ ਗਈ ਸੀ ਫਿਰ ਵੀ ਤਸੱਲੀ ਕਰਨ ਲਈ ਗੁਆਂਢੀ ਨੂੰ ਪੁੱਛਿਆ -"ਕਿੱਧਰ ਉੱਜੜ ਗਿਆ ਉਏ ਲੁਹਾਰ ?"

"ਤੇਰੀ ਮਾਂ ਨਾਲ਼ ਫੇਰੇ ਲੈਣ ਗਿਐ ! ਸਾਲ਼ਿਆ, ਬੋਲਣ ਦੀ ਅਕਲ ਤਾਂ ਸਿੱਖ ਲੈ।" ਗੁਆਂਢੀ ਨੇ ਚਾਰ ਸੁਣਾਈਆਂ ਖਰੀਆਂ-ਖਰੀਆਂ। ਵਿਸਾਖਾ ਤਾਂ ਕੰਨ ਲਪੇਟ ਕੇ ਉਨ੍ਹੀਂ ਪੈਰੀਂ ਵਾਪਸ ਮੁੜਣ ਲੱਗਾ।

ਕੋਲ਼ੋਂ ਲੰਘਦੀ ਵਡੇਰੀ ਔਰਤ ਨੇ ਦੱਸਿਆ -"ਉਹ ਤਾਂ ਭਾਈ ਪਿੰਡ ਛੱਡਗੇ, ਮਾਹੌਲ ਜਾ ਖਰਾਬ ਹੋਣ ਕਰਕੇ।"

"ਅੱਛਾ ! ਛੱਡ ਹੀ ਗਿਆ ਫਿਰ ਪਿੰਡ।" ਵਿਸਾਖਾ ਓਨ੍ਹੀਂ ਪੈਰੀਂ ਕੁਲਰੀਆਂ ਨੂੰ ਵਾਪਸ ਚੱਲ ਪਿਆ।

ਪੰਜਾਬਾ ਉੱਠਣ ਸਾਰ ਭੱਠੀ ਵੱਲ ਦੌੜਿਆ ਆਵੇ।

"ਰਫੀਕ ... ਉਏ ਰਫੀਕ..... ਕਿੱਧਰ ਭੱਜ ਗਿਆ ਉਏ !"

ਭੱਠੀ ਕੋਲ਼ ਆ ਕੇ ਤਾਂ ਉਹ ਆਪੇ ਤੋਂ ਬਾਹਰ ਹੋ ਗਿਆ। ਉਸਨੂੰ ਉਡੀਕ ਸੀ, ਅੰਦਰੋ ਰਫੀਕ ਬਾਹਰ ਆਵੇਗਾ। ਭੱਠੀ ਤਾਂ ਖ਼ਾਲੀ ਹੋ ਗਈ ਸੀ। ਕੱਚੇ ਘਰ ਨੂੰ

ਤਾਂ ਕੁੰਡਾ ਲੱਗਾ ਪਿਆ ਸੀ। ਉਸਨੇ ਬੇਰੀ ਵਾਲ਼ੇ ਪਾਸੇ ਵੀ ਬਿੜਕਾਂ ਲਈਆਂ। ਉਸ ਪਾਸੇ ਵੀ ਵੇਖਣ ਗਿਆ, ਜਿੱਧਰ ਗਾਂਵਾਂ ਬੰਨ੍ਹਦੇ ਸੀ ਪਰ ਹਰ ਪਾਸੇ ਚੁੱਪ ਹੀ ਚੁੱਪ ਸੀ। ਮਨ ਦੇ ਅੰਦਰ ਵੀ ਚੁੱਪ ਅਤੇ ਬਾਹਰ ਵੀ। ਉਹ ਕੌਲ਼ੇ ਨਾਲ਼ ਲੱਗ ਕਿੰਨਾ ਹੀ ਚਿਰ ਹੁਬਕੀ-ਹੁਬਕੀ ਰੋਂਦਾ ਰਿਹਾ। ਕੁਲਰੀਆਂ ਵਾਲ਼ੇ ਕੱਚੇ ਰਾਹ ਵੱਲ ਤੱਕਦਾ ਰਿਹਾ ਪਰ ਉਸ ਵੇਲ਼ੇ ਤਕ ਤਾਂ ਗੱਡਾ ਕਿੱਕਰਾਂ ਹੇਠ ਦੀ ਲੰਘਦਾ ਪੀਰਾਂਵਾਲੀ ਰਿਉਂਦ ਤਕ ਪਹੁੰਚ ਗਿਆ। ਰਸਤੇ 'ਚ ਆਈਆਂ ਕਿੱਕਰਾਂ ਦੇ ਪੀਲ਼ੇ ਫੁੱਲ ਤੇ ਲੂੰਗ ਉਨ੍ਹਾਂ ਦੇ ਉਦਾਸ ਚਿਹਰਿਆਂ 'ਤੇ ਕਿਰਦੇ ਜਾ ਰਹੇ ਸੀ।

ਰਫੀਕ ਜਾਗ ਪਿਆ। ਉਹ ਗੱਡੇ ਤੋਂ ਉੱਛਲ਼-ਉੱਛਲ਼ ਕੇ ਹੇਠਾਂ ਨੂੰ ਜਾਵੇ।

"ਬਾਪੂ, ਮੈਂ ਤਾਂ ਪੰਜਾਬ ਕੋਲ਼ ਜਾਊਂ ... ਮੈਂ ਨੀ ਕਿਤੇ ਹੋਰ ਜਾਂਦਾ ...।"

ਓਪਰੇ ਜਿਹੇ ਪਿੰਡ 'ਚ ਆ ਕੇ ਉਹ ਹੋਰ ਵੀ ਘਬਰਾ ਗਿਆ। ਗੁਰਮੁਖ ਨੇ ਗੱਡਾ ਰੋਕ ਲਿਆ -"ਪੁੱਤ ਰਫੀਕ ! ਪੰਜਾਬਾ ਵੀ ਆਊ ਤੇਰੇ ਕੋਲ਼, ਥੋਨੂੰ ਛੱਡ ਕੇ ਮੈਂ ਪੰਜਾਬ ਨੂੰ ਲੈ ਕੇ ਆਊਂ।"

ਗੁਰਮੁਖ ਨੇ ਰਫੀਕ ਨੂੰ ਬੁੱਕਲ਼ 'ਚ ਲੈ ਕੇ ਦਿਲਾਸਾ ਦਿੱਤਾ।

"ਪੰਜਾਬੇ ਨੂੰ ਲੈ ਕੇ ਆਈਂ ... ਉਹ ਮੇਰਾ ਪੱਕਾ ਆੜੀ ਐ।" ਉਹ ਅਜੇ ਵੀ ਡੁਸਕ ਰਿਹਾ ਸੀ।

ਗੱਡਾ ਪੀਰਾਂਵਾਲੀ ਵਿੱਚੋਂ ਦੀ ਲੰਘਣ ਲੱਗਾ ਤਾਂ ਗੁਰਮੁਖ ਨੇ ਖੁੱਲ੍ਹੀ ਗਲੀ ਵਿੱਚੋਂ ਲੰਘਦਿਆਂ ਨਿਵ ਕੇ ਵੇਖਿਆ।

"ਕੀ ਹੋ ਗਿਆ, ਬਾਈ ?" ਕਾਲੀ ਗੱਡੇ ਦੀ ਰਫ਼ਤਾਰ ਘਟੀ ਵੇਖ ਬੋਲਿਆ।

"ਰਿਸ਼ਤੇਦਾਰੀ ਸੀ ਭੜਿਆ। ਕੋਈ ਦੀਂਹਦਾ ਹੀ ਨੀਂ... ਚੱਲ ਆਉਂਦੇ ਹੋਏ ਵੇਖੂੰ।"

"ਤੇਰੀ ਮਾਸੀ ਨੀ ਏਥੇ, ਗੁਰਮੁਖਾ ?" ਕਾਲੀ ਨੂੰ ਖ਼ਿਆਲ ਆਇਆ, ਪੀਰਾਂਵਾਲੀ ਦਾ ਮਸੇਰ ਘੂਤਰ ਉਸਨੂੰ ਮਿਲਣ ਕਈ ਵਾਰ ਕਾਹਨਗੜ੍ਹ ਵੀ ਆਇਆ ਸੀ।

"ਹੂੰ" ਆਖਦਿਆਂ ਗੁਰਮੁਖ ਨੇ ਗੱਡਾ ਅਗਾਂਹ ਤੋਰ ਲਿਆ।

ਪਿੱਪਲ ਦਾ ਆਰਾ ਲੰਘਣ ਸਾਰ ਬਨਾਰਸੀ ਦਾਸ ਦਾ ਕੋਹਲੂ ਆ ਗਿਆ। ਉਹ ਘੇਰ ਵਿੱਚ ਘਾਣੀ ਪਾ ਕੇ ਬਲ਼ਦਾਂ ਨੂੰ ਹੱਕ ਰਿਹਾ ਸੀ। ਚੱਕਰਾਕਾਰ ਗਤੀ ਕਰ ਰਹੇ ਬਲ਼ਦ ਦੀਆਂ ਟੱਲੀਆਂ ਆਪ-ਮੁਹਾਰੇ ਹੀ ਟੁਣਕ ਰਹੀਆਂ ਸੀ। ਸਿਆਣਾ ਬਲ਼ਦ ਸਰੋਂ ਨੂੰ ਪੀੜਦਾ ਜਾ ਰਿਹਾ ਸੀ। ਬਨਾਰਸੀ ਦਾਸ ਦੇ ਚਿੱਟੇ ਕੱਪੜੇ ਅਤੇ ਦੋਵੇਂ ਹੱਥ ਤੇਲ ਨਾਲ ਘਸਮੈਲ਼ੈ ਅਤੇ ਥਿੰਦੇ ਹੋਏ ਪਏ ਸੀ।

ਕੋਹਲੂ ਤੋਂ ਅਗਲੀ ਬੀਹੀ ਘੁਮਿਆਰਾਂ ਦੀ ਸੀ। ਕਾਲ਼ੀ ਦੀ ਨਿਗ੍ਹਾ ਆਵੀ 'ਤੇ ਪਈ, ਆਵੀ ਠੰਢੀ ਪਈ ਸੀ। ਬਰਸਾਤ ਦਾ ਮੌਸਮ ਹੋਣ ਕਾਰਨ ਕੰਮ 'ਚ ਖੜੋਤ ਪੈ ਗਈ ਸੀ। ਤੀਵੀਂ ਪੀਹਣਾ ਕਰਨ 'ਚ ਰੁੱਝੀ ਹੋਈ ਸੀ ਤੇ ਮਰਦ ਕਾਲ਼ੀ ਚੀਕਣੀ ਮਿੱਟੀ ਦੇ ਢੇਰ ਕੋਲ਼ ਫਿਰਦੀ ਖੱਚਰ ਨੂੰ ਹਰਾ ਖੱਬਲ ਪਾ ਰਿਹਾ ਸੀ।

ਕੱਚੀਆਂ ਤੇ ਖੁਰੀਆਂ ਕੰਧਾਂ ਦੀ ਨੁੱਕਰੇ ਪੁਰਾਣੀਆਂ ਕੁੱਜੀਆਂ, ਮੱਟੀਆਂ, ਝਾਰੀਆਂ ਅਤੇ ਪਿੱਲੇ ਤੌੜਿਆਂ ਦਾ ਢੇਰ ਲੱਗਾ ਪਿਆ ਸੀ। ਇਹ ਟੁੱਟੇ ਬਰਤਨ ਵਿਕਣਯੋਗ ਨਹੀਂ ਸਨ ਪਰ ਫਿਰ ਵੀ ਸੰਭਾਲ ਕੇ ਰੱਖੇ ਗਏ ਸੀ।

ਕੂਹਣੀ ਮੋੜ ਲੰਘਣ ਸਾਰ ਮਸੀਤ ਦਾ ਵੱਡਾ ਗੁੰਬਦ ਸਾਫ਼ ਅਤੇ ਖੱਬੇ-ਸੱਜੇ ਵਾਲੇ ਛੋਟੇ ਗੁੰਬਦ ਥੋੜ੍ਹੇ-ਥੋੜ੍ਹੇ ਦਿਖਾਈ ਦੇ ਰਹੇ ਸੀ। ਮਸੀਤ ਦੇ ਆਲ਼ੇ-ਦੁਆਲ਼ੇ ਸੰਘਣੇ ਵਣ ਹੋਣ ਕਾਰਨ ਮਸੀਤ ਦੇ ਬੁਰਜ਼, ਬੁਰਜ਼ਾਂ ’ਤੇ ਲਿਖੀਆਂ ਆਇਤਾਂ ਲੁਕੀਆਂ ਹੋਈਆਂ ਸੀ।

ਰਫ਼ੀਕ ਦਾ ਧਿਆਨ ਮਸੀਤ ਤੋਂ ਉਲਟ ਪਾਸੇ ਸੀ। ਉਹ ਮਸੀਤ ਦੇ ਨਾਲ ਵਾਲ਼ੇ ਛੱਪੜ ਵਿੱਚ ਤੈਰਦੀਆਂ ਮੁਰਗਾਬੀਆਂ ਨੂੰ ਨੀਝ ਨਾਲ ਦੇਖ ਰਿਹਾ ਸੀ। ਮੁਰਗਾਬੀਆਂ ਤਾਂ ਪਾਣੀ ਨੂੰ ਪਿਛਾਂਹ ਧੱਕਦੀਆਂ ਦੂਰ ਪੱਤਣ ’ਤੇ ਜਾ ਪਹੁੰਚੀਆਂ।

ਗੱਡਾ ਪਹਾੜੀ ਕਿੱਕਰਾਂ ਵਿੱਚੋਂ ਦੀ ਬਣੇ ਪੱਕੇ ਲੀਹੇ ਰਾਹੀਂ ਛੋਟੇ ਗੰਢੂਆਂ ਨੂੰ ਹੋ ਤੁਰਿਆ। ਭੜੀਂਅ ਉੱਤਰਦਿਆਂ ਹੀ ਬਲ਼ਦ ਹੌਂਕਣ ਲੱਗ ਪਏ।

“ਪਾਣੀ ਦੀ ਤੇਹ ਲੱਗੀ ਹੋਣੀ, ਗਊ ਜਾਇਆਂ ਨੂੰ।” ਕਾਲੀ ਬੋਲਿਆ।

ਗੁਰਮੁਖ ਨੇ ਦੋ ਕੁ ਕਿੱਲੇ ਵਾਟ ਤਾਂ ਬਲ਼ਦ ਹੱਕੇ। ਕੱਚਾ ਸੂਆ ਆਉਣ ’ਤੇ ਗੱਡਾ ਰੋਕ ਲਿਆ। ਜਦ ਤਕ ਉਹ ਬਲ਼ਦਾਂ ਨੂੰ ਪਾਣੀ ਵਿਖਾਉਂਦਾ, ਬਾਕੀ ਸਾਰੇ ਗੱਡੇ ’ਤੋਂ ਉੱਤਰ ਕੇ ਹਲਕੇ-ਫੁਲਕੇ ਹੋਣ ਚਲੇ ਗਏ। ਰਫੀਕ ਗੱਡੇ ’ਚ ਹੀ ਬੈਠਾ ਰਿਹਾ। ਗੁਰਮੁਖ ਨੇ ਕਿਹਾ ਵੀ ਸੀ - “ਪੁੱਤ ਮੂਤੀ ਕਰ ਆ।”

ਗੁਰਮੁਖ ਤਾਂ ਕੀ, ਉਹ ਸਾਰਿਆਂ ਦੇ ਕਹਿਣ ’ਤੇ ਵੀ ਨਾ ਉੱਤਰਿਆ। ਉਹ ਬੀਚਰ ਕੇ ਬੈਠ ਗਿਆ।

ਬਲ਼ਦ ਰੋਕ ਕੇ ਗੁਰਮੁਖ ਵੀ ਝਾੜੀਆਂ ਉਹਲੇ ਚਲਾ ਗਿਆ। ਆਉਂਦਾ ਹੋਇਆ ਉਹ ਕੱਚੇ-ਪੱਕੇ ਅਮਰੂਦ ਤੋੜ ਲਿਆਇਆ। ਲਿਆ ਕੇ ਰਫ਼ੀਕ ਦੀ ਮੁੱਠੀ ’ਤੇ ਰੱਖ ਦਿੱਤੇ। ਸੋਚਿਆ -“ਚੱਲ ਜਵਾਕ ਬਿਰਜੂ।”

ਗੁਰਮੁਖ ਨੇ ਦੁਬਾਰਾ ਬਲ਼ਦ ਹੱਕੇ ਤਾਂ ਗੱਡੇ ਨੇ ‘ਚੂੰ’ ਦੀ ਅਵਾਜ਼ ਕੀਤੀ। ਚੂੰ ਦੀ ਆਵਾਜ਼ ਨੇ ਸਾਰਿਆਂ ਦੀ ਖਾਮੋਸ਼ੀ ਨੂੰ ਤੋੜਿਆ।

ਧੁੱਪ ਤੇਜ਼ ਹੋਣ ਕਾਰਨ ਸਾਰਿਆਂ ਨੇ ਸਿਰਾਂ ’ਤੇ ਚਾਦਰੇ ਤਾਣ ਲਏ। ਭਾੜਾ ਢੋਹਣ ਵਾਲ਼ੇ ਊਠ ਗੱਡੀਆਂ ਅਤੇ ਖੱਚਰਾਂ ਵਾਲ਼ੇ ਉਨ੍ਹਾਂ ਦੇ ਕੋਲ਼ ਦੀ ਓਪਰਿਆਂ ਵਾਂਗ ਲੰਘ ਰਹੇ ਸੀ।

ਕੱਚਾ ਸੂਆ ਲੰਘਣ ਸਾਰ ਆਦਮ ਕੱਦ ਸਰਕੜਾ ਲੰਘ ਕੇ, ਵੰਨ-ਸਵੰਨੇ ਰੁੱਖਾਂ ਦਾ ਝੁੰਡ ਵਿਖਾਈ ਦਿੱਤਾ। ਰੁੱਖਾਂ ਦਾ ਝੁੰਡ ਜ਼ਰੂਰ ਸੀ ਪਰ ਜੰਗਲ ਨਹੀਂ।

ਕਾਲ਼ੀ ਦਾ ਮਨ ਗੁਰਮੁਖ ਤੋਂ ਕੁਝ ਪੁੱਛਣ ਨੂੰ ਕੀਤਾ ਪਰ ਉਸਦੀ ਜ਼ੁਬਾਨ ਹੀ ਕੰਮ ਛੱਡ ਗਈ। ਗੁਰਮੁਖ ਵੀ ਚੁੱਪ-ਚੁਪੀਤੇ ਗੱਡਾ ਤੋਰ ਰਿਹਾ ਸੀ।

ਦੋ ਉੱਚੀਆਂ ਟਿੱਬੀਆਂ ਲੰਘਣ ਤੋਂ ਬਾਅਦ ਬਲ਼ਦ ਸੌਖੇ ਹੋ ਗਏ। ਲੀਹਾ ਸਾਫ਼ ਤੇ ਸਿੱਧਾ ਹੋਣ ਕਾਰਨ ਬਲ਼ਦਾਂ ਦੀ ਰਫ਼ਤਾਰ ਵੱਧ ਗਈ ਸੀ।

ਗੁਰਮੁਖ ਨੂੰ ਨੇੜਲੇ ਖੇਤਾਂ ਵਿੱਚ ਗਾਵਾਂ ਅਤੇ ਮੱਝਾਂ ਦੇ ਵੱਗ ਵਿਖਾਈ ਦਿੱਤੇ। ਪੁਰਾਣੀ ਟਾਹਲੀ ਹੇਠ ਪਾਲ਼ੀ ਰੌਣਕ ਲਾਈ ਬੈਠੇ ਸੀ। ਹੀਰ ਅਤੇ ਸਹਿਤੀ ਦੀ ਆਪਸੀ ਗੱਲਬਾਤ ਨੂੰ ਬਿਆਨ ਕਰਦੇ ਟੱਪੇ ਉਹਨਾਂ ਨੂੰ ਸਾਫ਼ ਸੁਣਾਈ ਦੇ ਰਹੇ ਸੀ। ਗਵੱਈਏ ਦੀ ਆਵਾਜ਼ ਦਮਦਾਰ ਸੀ ਪਰ ਉਹਨਾਂ ਨੂੰ ਫਿਰ ਵੀ ਬੇਸੁਆਦੀ ਲੱਗੀ।

ਛੋਟੇ ਗੰਢੂਆਂ ਦੀਆਂ ਕਬਰਾਂ ਆ ਗਈਆਂ ਸੀ। ਕਬਰਾਂ ਵੱਲੋਂ ਰੋਣ-ਕੁਰਲਾਉਣ ਦੀ ਆਵਾਜ਼ ਆ ਰਹੀ ਸੀ। ਤੀਵੀਂਆਂ ਦੇ ਵੈਣ ਅਸਮਾਨ ਦੀ ਹਿੱਕ ਚੀਰ ਕੇ ਗੁਰਮੁਖ ਹੋਰਾਂ ਦੇ ਹਿਰਦੇ ਵਲੂੰਧਰ ਰਹੇ ਸੀ। ਉਨ੍ਹਾਂ ਨੇ ਰਸਮਾਂ-ਰਿਵਾਜ਼ਾਂ ਤੋਂ ਅੰਦਾਜ਼ਾ ਲਾਇਆ, ਉਹ ਸਿਵਾ ਢਕਣ ਆਏ ਸੀ।

ਸਿਵਿਆਂ ਦੇ ਮੱਥੇ ਲੱਗਦੀ ਜ਼ਮੀਨ ਬੰਜ਼ਰ ਪਈ ਸੀ। ਖ਼ਾਲੀ ਵਾਹਣ ਵਿੱਚ ਉੱਗੇ ਅੱਕ ਅਤੇ ਕੌੜਤੁੰਮਿਆਂ ਦੀਆਂ ਲਿਟੀਆਂ ਵੇਲਾਂ ਜ਼ਮੀਨ ਮਾਲਕ ਦੇ ਨਿਕੰਮੇਪਣ ਦੀ ਗਵਾਹੀ ਭਰ ਰਹੀਆਂ ਸੀ। ਇਹ ਵਾਹਣ ਜ਼ਰੂਰ ਕਿਸੇ ਔਤ ਦਾ ਜਾਂ ਫਿਰ ਰੌਲ਼ੇ-ਰੱਪੇ ਵਾਲਾ ਹੋਣਾ।

ਭਾਦੋਂ ਦੀ ਰੁੱਖੀ ਜਿਹੀ ਹਵਾ ਵਿੱਚ ਅੱਕਾਂ ਵੱਲੋਂ ਉੱਡਦੀਆਂ ਭਰਿੰਡਾਂ ਅਤੇ 'ਰੱਬ ਦੇ ਘੋੜੇ' ਰਾਹ ਰੋਕਣ ਦਾ ਯਤਨ ਕਰ ਰਹੇ ਸੀ।

ਛੋਟਾ ਗੰਢੂਆਂ ਲਾਂਭੇ ਰਹਿ ਗਿਆ ਸੀ। ਝਿੜੀ ਨੂੰ ਪਾਰ ਕਰਕੇ ਉਹ ਵੱਡੇ ਗੰਢੂਆਂ ਨੂੰ ਚੱਲ ਪਏ।

ਆਖ਼ਰ ਗੱਡਾ ਵੱਡੇ ਗੰਢੂਆਂ ਲੰਘ ਕੇ ਲੱਖੀਵਾਲੇ ਵੀ ਪਹੁੰਚ ਗਿਆ। ਪਿੰਡ ਵੜਦਿਆਂ ਸਾਰ ਕਾਲੀ ਹੋਰਾਂ ਦੇ ਅੰਗੀ-ਸਾਕੀਆਂ ਦੇ ਘਰ ਵਿਖਾਈ ਦੇਣ ਲੱਗੇ।

"ਐਥੇ ਰੋਕ ਲੀਂ ਬਾਈ .."

ਕਾਲੀ ਨੇ ਗੁਰਮੁਖ ਨੂੰ ਸੈਨਤ ਨਾਲ਼ ਦੱਸਿਆ। ਗੁਰਮੁਖ ਨੇ ਅੱਧਢਹੀ ਜਿਹੀ ਕੰਧ ਕੋਲ਼ ਜਾ ਕੇ ਗੱਡਾ ਰੋਕ ਦਿੱਤਾ। ਲਿੱਪੀ-ਪੋਚੀ ਕੰਧ ਦੇ ਲਿਉੜ ਉੱਤਰੇ ਪਏ ਸੀ।

"ਲਓ ਬਈ 'ਤਾਰੋ ਸਮਾਨ।" ਬਲ਼ਦਾਂ ਨੂੰ ਕਿੱਕਰ ਹੇਠ, ਸੁੰਨੇ ਪਏ ਕਿੱਲੇ ਨਾਲ਼ ਬੰਨ੍ਹਣ ਤੋਂ ਪਹਿਲਾਂ ਗੁਰਮੁਖ ਬੋਲਿਆ।

ਖੜਾਕ ਸੁਣ ਕੇ ਅੰਗੀ-ਸਾਕੀ ਵੀ ਬਾਹਰ ਆ ਗਏ।

"ਹੋਰ ਭੈਣੇ, ਸਭ ਸੁੱਖ ਐ ?" ਬਸੀਰਾਂ ਦਾ ਵੱਡਾ ਭਾਈ ਉਹਨਾਂ ਨੂੰ ਚਾਵਾਂ ਮਲਾਰ੍ਹਾਂ ਨਾਲ਼ ਮਿਲਿਆ।

"ਹੂੰ ...." ਆਖ ਉਹ ਅੰਦਰ ਚਲੀ ਗਈ। ਸੁੱਖ-ਸਾਂਦ ਦਾ ਤਾਂ ਲੱਖੀਵਾਲਿਆਂ ਨੂੰ ਵੀ ਪਤਾ ਹੀ ਸੀ। ਸਵੇਰ ਦੇ ਗੱਡੇ ਜੁ ਆ ਰਹੇ ਸੀ।

ਕਾਲੀ ਹੋਰਾਂ ਨੇ ਚੁੱਪ-ਚੁਪੀਤੇ ਸਮਾਨ ਉਤਾਰ ਲਿਆ।

ਗੁਰਮੁਖ ਨੇ ਬਲ਼ਦਾਂ ਨੂੰ ਬੰਨ੍ਹ ਕੇ ਪਿੰਡੇ 'ਤੇ ਹੱਥ ਫੇਰਿਆ ਤਾਂ ਬਲ਼ਦ ਚਾਰੇ ਪੈਰ ਗੱਡ ਕੇ ਖੜ੍ਹ ਗਏ।

ਗੁਰਮੁਖ ਅੰਦਰ ਵੜਿਆ ਤਾਂ ਉਸਨੇ ਵੇਖਿਆ, ਕਾਲ਼ੀ ਅਤੇ ਬਸੀਰਾਂ ਬੈਚੇਨ

ਸੀ।

ਰਫੀਕ ਨੂੰ ਤੇਜ਼ ਬੁਖਾਰ ਹੋ ਗਿਆ।

"ਠੰਢੀਆਂ ਪੱਟੀਆਂ ਧਰੋ ਭਾਈ, ਬਸੀਰਾਂ।" ਗੁਰਮੁਖ ਨੇ ਮੱਥੇ 'ਤੇ ਹੱਥ ਲਾਇਆ।

ਹੱਥ ਲਾ ਕੇ ਹੀ ਉਹਨੇ ਨਿਰਖ ਕੀਤੀ- "ਮੱਥਾ ਤਾਂ ਕਾਲੀ ਯਰ, ਤੇਰੀ ਭੱਠੀ ਵਾਂਗੂ ਤਪੀ ਜਾਂਦੈ।

ਬਸੀਰਾਂ ਓਹੜ-ਪੋਹੜ ਕਰਨ 'ਚ ਰੁੱਝ ਗਈ। ਪਿੰਡੋਂ ਨਾਲ਼ ਆਏ ਪਰਿਵਾਰ ਗੁਰਮੁਖ ਨੂੰ ਸਲਾਮ ਆਖ, ਆਪੋ-ਆਪਣੇ ਸੰਬੰਧੀਆਂ ਦੇ ਘਰ ਚਲੇ ਗਏ।

"ਚੰਗਾ ਬਾਈ ਕਾਲੀ, ਮੈਨੂੰ ਬੀ ਚੱਲਣ ਦੇ ਹੁਣ।" ਕੱਪੜਿਆਂ ਵਾਲ਼ੀ ਗਠੜੀ ਅੰਦਰ ਰੱਖਣ ਆਏ ਗੁਰਮੁਖ ਨੇ, ਕਾਲੀ ਤੋਂ ਜਾਣ ਦੀ ਆਗਿਆ ਮੰਗੀ।

"ਦੁਪਹਿਰਾ ਢਾਲ਼ ਕੇ ਜਾਈਂ ਨਾ ਬਾਈ।" ਕਾਲੀ ਨੇ ਰੋਕਣ ਦਾ ਯਤਨ ਕੀਤਾ।

"ਨਹੀਂ .... ਨਹੀਂ ... ਵਾਟ ਵਾਹਵੈ।" ਗੁਰਮੁਖ ਨੇ ਉਸਦੇ ਮੋਢੇ 'ਤੇ ਹੱਥ ਧਰਿਆ। ਜਦ ਗੁਰਮੁਖ ਨੇ ਉਸਦੀਆਂ ਅੱਖਾਂ 'ਚ ਅੱਖਾਂ ਪਾ ਕੇ ਵੇਖਿਆ, ਉਹ ਹੋਰ ਭਾਵੁਕ ਹੋ ਗਿਆ।

"ਬਾਈ ....!" ਆਖ ਉਹ ਗੁਰਮੁਖ ਨੂੰ ਜਵਾਕਾਂ ਵਾਂਗ ਚਿੰਬੜ ਗਿਆ, ਜਿਵੇਂ ਰਫੀਕ ਪੰਜਾਬ ਨੂੰ ਚਿੰਬੜਿਆ ਸੀ। ਉਸਨੇ ਧਾਹ ਮਾਰੀ। ਅੱਖਾਂ 'ਚੋਂ ਮੱਲੋ-ਮੱਲੀ ਹੰਝੂ ਨਿਕਲ ਆਏ।

"ਕੀ ਕਰੀਏ ਕਮਲ਼ਿਆ ! ਓਧਰ ਬੀ ਜਵਾਕ ਵਿਲਕੀ ਜਾਂਦੈ। ਬਿੰਦ ਨੀ ਸਾਰਦਾ ਸੀ, ਰਫੀਕ ਬਿਨਾਂ।" ਗੁਰਮੁਖ ਨੇ ਵੀ ਉਸ ਨੂੰ ਜ਼ੋਰ ਨਾਲ ਘੁੱਟ ਲਿਆ। ਕਿੰਨਾਂ ਹੀ ਚਿਰ ਜੱਫੀ ਢਿੱਲੀ ਨਾ ਪਈ। ਉਸਨੇ ਸੱਜੇ ਹੱਥ ਨਾਲ, ਕਾਲੀ ਦੀ ਪਿੱਠ ਦੋ-ਤਿੰਨ ਵਾਰ ਥਾਪੜੀ।

"ਚੰਗਾ ਭਾਬੋ।" ਆਪਣੇ ਆਪ ਨੂੰ ਸੰਭਾਲ਼ਦਾ ਗੁਰਮੁਖ, ਬਸੀਰਾਂ ਤੋਂ ਵਿਦਾਇਗੀ ਲੈਣ ਚਲਾ ਗਿਆ। ਰਫੀਕ ਦਾ ਸਿਰ ਪਲ਼ੋਸਿਆ।

"ਧਿਆਨ ਰੱਖਿਓ ਇਹਦਾ।" ਆਖ ਉਹ ਬਾਹਰ ਕਿੱਕਰ ਹੇਠ ਆ ਗਿਆ। ਬਲ਼ਦ ਖੋਲ੍ਹੇ। ਬਲ਼ਦ ਉਸਦੇ ਬਿਨਾਂ ਬੋਲਿਆਂ ਹੀ ਗੱਡੇ ਮੂਹਰੇ ਜੁੜ ਗਏ।

"ਲੈ ਬਾਈ।" ਕਾਲੀ ਫਿਰ ਗੱਡੇ ਕੋਲ਼ ਆ ਗਿਆ।

"ਕੀ ਐ ?" ਵਹਿੜਕਿਆਂ ਦੇ ਪਿੰਡੇ 'ਤੇ ਹੱਥ ਫੇਰ ਕੇ, ਗੁਰਮੁਖ ਨੇ ਉਸ ਵੱਲ ਮੂੰਹ ਘੁੰਮਾਇਆ।

"ਚਾਬੀ ....।" ਆਖ ਕਾਲੀ ਨੇ ਉਸਦੀ ਹਥੇਲ਼ੀ 'ਤੇ ਧਰ ਦਿੱਤੀ। ਕਾਲੀ ਆਉਣ ਵੇਲ਼ੇ ਬੂਹਾ ਭੇੜ, ਚਾਬੀ ਨਾਲ਼ ਲੈ ਆਇਆ ਸੀ।

"ਥਾਂ ਤੁਸੀਂ ਵਰਤ ਲਿਓ ਬਾਈ, ਪਸ਼ੂ-ਡੰਗਰ ਬੰਨ੍ਹ ਲਿਓ।" ਕਾਲੀ ਦਾ ਮਨ ਅਜੇ ਵੀ ਭਰਿਆ ਪਿਆ ਸੀ। ਹੁਣ ਤਕ ਉਹ ਸਮਝ ਗਿਆ ਸੀ, ਮਾਤ-ਭੂਮੀ ਦੇ ਦਰਸ਼ਨ ਹੁਣ ਨੀ ਨਸੀਬ ਹੋਣੇ।

ਗੁਰਮੁਖ ਨੇ ਚਾਬੀ ਜੇਬ 'ਚ ਪਾ ਲਈ। ਬੋਲਣਾ ਤਾਂ ਚਾਹਿਆ ਪਰ ਸ਼ਬਦ ਸੰਘ 'ਚ ਹੀ ਫਸ ਗਏ।

"ਚੰਗਾ ਕਾਲੀ, ਕੋਈ ਫਿਕਰ ਨਾ ਕਰਿਓ।" ਆਖ ਗੁਰਮੁਖ ਨੇ ਬਲ਼ਦ ਹੱਕ ਲਏ।

ਉਸਨੂੰ ਜਾਂਦਿਆਂ ਵੇਖਣ ਲਈ, ਬਸੀਰਾਂ ਵੀ ਬਾਹਰ ਆ ਗਈ। ਉਹ ਦੋਵੇਂ ਗੁਰਮੁਖ ਨੂੰ ਕਿੰਨਾ ਹੀ ਚਿਰ ਵੇਖਦੇ ਰਹੇ। ਫਰਮਾਂਹ ਦੇ ਝੁੰਡ ਦੇ ਓਹਲੇ ਹੋਣ ਤੋਂ ਪਹਿਲਾਂ, ਗੁਰਮੁਖ ਨੇ ਵੀ ਗਰਦਨ ਮੋੜੀ, ਦੂਰੋਂ ਹੱਥ ਹਿਲਾ ਕੇ ਆਖ਼ਰੀ ਵਿਦਾਇਗੀ ਦਿੱਤੀ।

ਸੱਚਮੁੱਚ ਹੀ ਕਿੰਨਾ ਭਾਵੁਕ ਹੁੰਦਾ ਹੈ ਮਨੁੱਖ, ਜਦ ਕਿਸੇ ਨੂੰ ਅੰਤਿਮ ਵਿਦਾਇਗੀ ਦੇਣੀ ਹੋਵੇ ਜਾਂ ਕਿਸੇ ਤੋਂ ਅੰਤਿਮ ਵਿਦਾਇਗੀ ਲੈਣੀ ਹੋਵੇ।

ਕਾਲੀ ਹੋਰਾਂ ਨੇ ਵੀ ਇਸ਼ਾਰੇ ਨਾਲ਼ ਮੋੜਵਾਂ ਜਵਾਬ ਦਿੱਤਾ।

ਫਿਰ ਗੱਡਾ, ਗੁਰਮੁਖ ਅਤੇ ਬਲ਼ਦ ਫਰਮਾਂਹ ਦੇ ਝੁੰਡ ਦੇ ਉਹਲੇ ਹੋ ਗਏ।

———

ਗੁਰਮੁਖ ਗੰਢੂਆਂ ਵਾਲ਼ੇ ਆਰਜ਼ੀ ਅੱਡੇ ਕੋਲ਼ ਪਹੁੰਚਿਆ ਤਾਂ ਧੂੜ ਉਡਾਉਂਦੀ ਜੀਪ ਉਹਦੇ ਮੂਹਰਦੀ ਲੰਘੀ। ਲਾਲ ਰੰਗ ਤੋਂ ਉਸਨੇ ਅੰਦਾਜ਼ਾ ਲਾਇਆ, ਜੀਪ ਪੁਲਿਸ ਵਾਲ਼ਿਆਂ ਦੀ ਸੀ।

ਸੜਕ ਪਾਰ ਕਰਨ ਤੋਂ ਪਹਿਲਾਂ ਉਸ ਨੇ ਬੋਹਾ ਵੱਲ ਨਜ਼ਰ ਮਾਰੀ। ਉੱਧਰੋਂ ਆ ਰਹੇ ਹਜ਼ੂਮ ਨੂੰ ਦੇਖ ਕੇ ਉਸਦੀਆਂ ਅੱਖਾਂ ਅੱਡੀਆਂ ਰਹਿ ਗਈਆਂ।

ਜਿੱਥੋਂ ਤੱਕ ਨਜ਼ਰ ਜਾ ਸਕਦੀ ਸੀ, ਉਸਨੂੰ ਗੱਡੇ ਹੀ ਗੱਡੇ ਆਪਣੇ ਵੱਲ ਆਉਂਦੇ ਵਿਖਾਈ ਦੇ ਰਹੇ ਸੀ। ਅਜੇ ਘੰਟਾ ਪਹਿਲਾਂ ਹੀ ਤਾਂ ਉਹ ਇੱਧਰੋਂ ਲੰਘਿਆ ਸੀ, ਉਦੋਂ ਤਾਂ ਪੂਰਾ ਟਿਕ-ਟਿਕਾਅ ਸੀ। ਉਸਨੂੰ ਸੜਕ ਪਾਰ ਕਰਨੀ ਮੁਸ਼ਕਿਲ ਹੋ ਗਈ। ਬਲ਼ਦ ਆਪ ਵੀ ਸਥਿਤੀ ਦੇਖ ਕੇ ਰੁੱਕ ਗਏ ਸੀ। ਉਹ ਆਖਰੀ ਗੱਡੇ ਦੇ ਲੰਘਣ ਦਾ ਇੰਤਜ਼ਾਰ ਕਰਨ ਲੱਗਾ ਪਰ ਆਖਰੀ ਗੱਡਾ ਤਾਂ ਅਜੇ ਬਹੁਤ ਦੂਰ ਸੀ।

"ਖਾਸੇ ਪਿੰਡ ਉੱਠ ਗਏ।" ਗੁਰਮੁਖ ਨੇ ਮਨ ਵਿੱਚ ਸੋਚਿਆ।

ਹਿਜ਼ਰਤ ਕਰਨ ਵਾਲਿਆਂ ਦਾ ਇੰਨੀ ਜ਼ਿਆਦਾ ਗਿਣਤੀ ਵਿੱਚ ਗੁਰਮੁਖ ਨੇ ਅੱਜ ਪਹਿਲਾਂ ਕਾਫ਼ਲਾ ਦੇਖਿਆ। ਨਿੱਕੇ-ਵੱਡੇ ਪਿੰਡ ਅਚਾਨਕ, ਸੈਦੇਵਾਲਾ, ਸਸਪਾਲੀ, ਕੁਲਾਣਾ, ਫੁਲੂਵਾਲਾ, ਮਲਕੋਂ, ਬੀਰੇਵਾਲਾ, ਉੱਡਤ ਆਦਿ ਖਾਲੀ ਹੋ ਗਏ ਸੀ। ਲਗਭਗ ਵੀਹ ਪਿੰਡਾਂ ਤੋਂ ਜੁੜ ਕੇ ਬਣਿਆ ਕਾਫਲਾ ਪਿੰਡ ਬੀਗੜ (ਫਤਿਆਬਾਦ) ਵੱਲ ਵੱਧ ਰਿਹਾ ਸੀ। ਕਿੰਨਾ ਹੀ ਕੁਝ ਮੂਲ ਨਾਲ਼ੋਂ ਟੁੱਟ ਗਿਆ ਸੀ। ਪਿੰਡ ਅਧਮੋਏ ਹੋ ਗਏ ਸੀ। ਵਾਧੇ-ਘਾਟਿਆਂ ਦੀ ਪਰਵਾਹ ਨਾ ਕਰਨ ਵਾਲੇ ਕਿੰਨੇ ਹੀ ਸੁੱਚੇ ਰਿਸ਼ਤੇ ਤਿੜਕ ਗਏ ਸੀ।

ਗੁਰਮੁਖ ਨੇ ਸੋਚਿਆ "ਕਿੰਨੇ ਹੀ ਰਫ਼ੀਕ ਪੰਜਾਬ ਨੂੰ ਛੱਡ ਆਏ ਹੋਣਗੇ।"

ਫਿਰ ਉਸਨੇ ਗੱਡਿਆਂ ਵੱਲ ਆਪਣੀ ਉਮਰ ਦੇ ਸੱਜਣਾਂ 'ਤੇ ਨਿਗ੍ਹਾ ਇਕਾਈ।

ਉਸਦੀ ਰੂਹ ਨੇ ਆਵਾਜ਼ ਦਿੱਤੀ, "ਕਮਲਿਓ! ਤੁਸੀਂ ਤਾਂ ਚੱਲ ਪਏ, ਪਿੱਛੇ ਸੱਜਣ ਬੇਲੀ ਕੰਧਾਂ-ਕੋਲ਼ਿਆਂ ਨਾਲ ਲੱਗ-ਲੱਗ ਰੋ ਰਹੇ ਨੇ। ਉਹਨਾਂ ਨੂੰ ਤਾਂ ਦਿਲਾਸੇ ਦੇ ਆਉ।"

ਫਿਰ ਉਸਦੇ ਮਨ ਵਿੱਚ ਕੁਰਸੀ ਦੇ ਭੁੱਖੜ ਨੇਤਾਵਾਂ ਦੀ ਤਸਵੀਰ ਬਣ ਗਈ। ਉਸ ਨੇ ਕਚੀਚੀ ਵੱਟੀ, "ਜੇ ਕੁਰਬਾਨੀਆਂ ਦੇ ਬਦਲੇ ਸਾਨੂੰ ਆਹੀ ਅਜ਼ਾਦੀ ਦੇਣੀ ਸੀ ਤਾਂ ਅਸੀਂ ਅੰਗਰੇਜ਼ਾਂ ਦੇ ਗੁਲਾਮ ਹੀ ਚੰਗੇ ਸੀ।"

ਗੱਡਿਆਂ ਦਾ ਲਾਰਾ ਅਜੇ ਵੀ ਨਹੀਂ ਸੀ ਟੁੱਟਿਆ। ਗੁਰਮੁਖ ਦਾ ਮਨ ਭਰ ਆਇਆ। ਉਹ ਮਰਦ ਹੋ ਕੇ ਵੀ ਰੋ ਰਿਹਾ ਸੀ। ਗੱਡਿਆਂ ਨੂੰ ਵੇਖਦਾ-ਵੇਖਦਾ ਉਹ ਹੰਝੂ ਪੂੰਝਣੇ ਵੀ ਭੁੱਲ ਗਿਆ। ਰੱਸਾ ਛੱਡ ਕੇ ਉਹ ਹੇਠਾਂ ਬਲ਼ਦਾਂ ਕੋਲ਼ ਆ ਗਿਆ। ਬਲ਼ਦਾ ਦੇ ਕੰਨ ਹੇਠਾਂ ਡਿੱਗ ਪਏ ਸੀ। ਬਲ਼ਦ ਵੀ ਰੋ ਰਹੇ ਸੀ। ਬਲ਼ਦ ਵੀ ਕਿਉਂ ਨਾ ਰੋਦੇਂ! ਜਦ ਧਰਤੀ ਹੀ ਕੰਬ ਉੱਠੀ ਸੀ।

ਨੇੜਲੇ ਪਿੰਡ ਲੱਖੀਵਾਲਾ, ਤਾਲਵਾਲਾ ਅਤੇ ਗੰਢੂਆਂ ਦੇ ਲੋਕ ਘਰਾਂ ਤੋਂ ਬਾਹਰ ਆ ਕੇ, ਉਜੜਿਆਂ ਨੂੰ ਵੇਖਣ ਲਈ ਸਾਂਝੇ ਅੱਡੇ ਕੋਲ ਇੱਕਠੇ ਹੋ ਗਏ ਸੀ।

ਸੜਕ ਦੇ ਦੋਵੇਂ ਪਾਸੇ ਲੋਕ ਇੰਝ ਖੜੋ ਗਏ ਜਿਵੇਂ ਮਦਾਰੀ ਦਾ ਤਮਾਸ਼ਾ ਵੇਖਣ ਆਏ ਹੋਣ। ਬਹੁਤਿਆਂ ਲਈ ਤਾਂ ਇਹ ਤਮਾਸ਼ਾ ਹੀ ਸੀ। ਚਾਂਬਲੀ ਤੇ ਲਾਚੜੀ ਮੰਡੀਰ ਦੀਆਂ ਜੂਠੀਆਂ ਨਜ਼ਰਾਂ ਗੱਡਿਆਂ 'ਤੇ ਬੈਠੀਆਂ ਜਾਂ ਪੈਦਲ ਚੱਲ ਰਹੀਆਂ ਮੁਟਿਆਰਾਂ ਦੀਆਂ ਉਭਰੀਆਂ ਛਾਤੀਆਂ 'ਤੇ ਜਾ ਕੇ ਰੁਕ ਜਾਂਦੀਆਂ।

ਪਰ ਸਿਆਣੇ ਬਜ਼ੁਰਗ ਇਹ ਸਭ ਵੇਖ ਸੁੰਨ ਹੋ ਰਹੇ ਸੀ।

ਗੁਰਮੁਖ ਨੇ ਭੀੜ ਵਿੱਚ ਕਈਆਂ ਦੇ ਹੱਥਾਂ ਵਿੱਚ ਹਥਿਆਰ ਵੀ ਵੇਖੇ।

ਬੋਹਾ ਵੱਲ ਰਸਤਾ ਸਾਫ਼ ਹੋ ਗਿਆ ਸੀ। ਕਾਫਲਾ ਬਾਹਮਣਵਾਲੇ ਨੂੰ ਲੰਘ ਗਿਆ।

"ਅਲਵਿਦਾ ਸੰਗਤੇ, ਰੱਬ-ਰਾਖਾ। "ਕਾਫ਼ਲੇ ਨੂੰ ਅਸੀਸ ਦੇ ਕੇ ਗੁਰਮੁਖ ਨੇ ਬਲ਼ਦ ਹੱਕ ਲਏ।

ਉਹ ਮੁੱਖ ਪਹੇ ਤੋਂ ਉੱਤਰ ਕੇ ਪੀਰਾਂਵਾਲੀ ਰਿਉਂਦ ਵਾਲ਼ੇ ਪਹੇ 'ਤੇ ਚੜ੍ਹਨ ਹੀ ਲੱਗਾ ਸੀ, ਆਰਜ਼ੀ ਅੱਡੇ 'ਤੇ ਸਵਾਰੀਆਂ ਬੈਠੀਆਂ ਸੀ। ਇੱਕ ਬਜ਼ੁਰਗ ਨੇ ਮੂਹਰੇ ਹੱਥ ਦੇ ਕੇ ਗੱਡਾ ਰੋਕਣ ਦੀ ਬੇਨਤੀ ਕੀਤੀ।

"ਪੀਰਾਂਵਾਲੀ ਆਲ਼ੇ ਪਾਸੇ ਜਾਮੇਗਾ, ਸਿੱਖ?" ਵਡੇਰੀ ਉਮਰ ਦੇ ਮਰਦ ਨੇ ਪੁੱਛਿਆ।

"ਹੂੰ .. ਚੜ੍ਹਜੋ।" ਗੁਰਮੁਖ ਨੇ ਰੱਸਾ ਖਿੱਚ ਕੇ ਗੱਡਾ ਰੋਕ ਲਿਆ। ਉਸ ਗੁਰਸਿੱਖ ਨਾਲ਼ ਦੋ ਜ਼ਨਾਨੀਆਂ ਅਤੇ ਇੱਕ ਜਵਾਕ, ਕਾਹਲ਼ੋ-ਕਾਹਲ਼ੀ ਚੜ੍ਹਨ ਲੱਗੇ।

"ਹੌਲ਼ੀ ਚੜ੍ਹੋ ਭਾਈ, ਕਿਤੇ ਊਂ ਨਾ ਸੱਟ-ਫੇਟ ਖਾ ਲਿਓ। ਲੈ ਕੇ ਜਾਊਂ ਥੋਨੂੰ।" ਗੁਰਮੁਖ ਬੋਲਿਆ।

"ਚੱਲ ਬਈ ਸਿੱਖਾ।" ਬਜ਼ੁਰਗ ਔਖਾ ਜਿਹਾ ਹੁੰਦਾ ਚੜ੍ਹ ਗਿਆ। ਉਸਨੇ ਵੀ ਚੱਲਣ ਦਾ ਸੰਦੇਸ਼ ਦਿੱਤਾ।

ਊਭੜ-ਖਾਭੜ ਰਸਤੇ 'ਚ ਸਾਊ ਬਲ਼ਦ, ਗੱਡੇ ਨੂੰ ਧੂੰਹਦੇ ਜਾ ਰਹੇ ਸੀ। ਦੁਪਹਿਰ ਢਲਣ ਕਰਕੇ ਗਰਮੀ ਕੁਝ ਘਟ ਗਈ।

"ਕਿੱਥੋਂ ਆਇਐਂ ਸਿੱਖਾ ਤੇ ਕਿੱਥੇ ਜਾਣੈ ?" ਬਜ਼ੁਰਗ ਨੇ ਜ਼ੁਬਾਨ ਸਾਂਝੀ ਕੀਤੀ। ਉਹ ਗੱਡੇ 'ਚ ਚੌਕੜੀ ਮਾਰ ਬੈਠ ਗਿਆ।

"ਲੱਖੀਆਲੇ ਤੋਂ ਆਇਐਂ ਤੇ ਜਾਣੈ ਕਾਹਨਗੜ੍ਹ।" ਗੁਰਮੁਖ ਸੰਖੇਪ ਬੋਲਿਆ।

"ਬੱਲੇ ! ਬੱਲੇ !! ਫਿਰ ਤਾਂ ਯੋਧਿਆਂ ਦੇ ਪਿੰਡ ਜਾਣੈ। ਸੰਦੇਹਾਂ ਚੱਲਣਾ ਸੀ ਸਿੱਖਾ।" ਉਹ ਬਜ਼ੁਰਗ ਗੱਲਾਂ ਦਾ ਚਾਸੜੂ ਲੱਗਿਆ।

"ਬਸ ! ਕੰਮ ਹੀ ਐਸਾ ਸੀ, ਨਹੀਂ ਤਾਂ ਠੰਢੇ ਹੋਏ ਚੱਲਦਾ।" ਗੁਰਮੁਖ ਨੇ ਦੇਰੀ ਨਾਲ਼ ਚੱਲਣ ਦਾ ਤਰਕ ਦਿੱਤਾ।

ਬਲ਼ਦ ਸਹਿਜ-ਮਤੇ ਤੁਰੇ ਜਾ ਰਹੇ ਸੀ ਜਿਵੇਂ ਪਹੇ ਦੇ ਪਹਿਲਾਂ ਤੋਂ ਹੀ ਸਿਆਣੂ ਹੋਣ।

ਗੁਰਮੁਖ ਉਸਦੀਆਂ ਗੱਲਾਂ ਦਾ ਮੋੜਵਾਂ ਜਵਾਬ ਦਿੰਦਾ ਰਿਹਾ। ਫਿਰ ਕੁੱਝ ਚਿਰ ਦੋਵੇਂ ਪਾਸਿਓਂ ਕੋਈ ਸਵਾਲ-ਜਵਾਬ ਨਾ ਹੋਇਆ। ਚੁੱਪ ਪਸਰੀ ਰਹੀ।

"ਤੁਸੀਂ ਕਿੱਥੇ ਜਾਣੈ, ਸੱਜਣੋ ?" ਗੁਰਮੁਖ ਨੇ ਪਹਿਲਾ ਸਵਾਲ ਕੀਤਾ।

"ਪੀਰਾਂਵਾਲੀ ਜਾਣੈ ਸਿੱਖਾ, ਜਵਾਕ ਨੂੰ ਟੀਕਾ-ਟੱਲਾ ਲਵਾ ਕੇ ਲਿਆਏ ਹਾਂ।" ਬੋਲਦਿਆਂ ਉਸਨੇ ਲੱਤਾਂ ਚੰਗੀ ਤਰ੍ਹਾਂ ਨਿਸਾਲ਼ ਲਈਆਂ। ਜ਼ਨਾਨੀਆਂ ਤਾਂ ਘੁੰਢ ਕੱਢ ਕੇ ਪਿਛਲੇ ਪਾਸੇ ਹੀ ਬੈਠ ਗਈਆਂ। ਜਵਾਕ ਵਾਹਵਾ ਬਿਮਾਰ ਲੱਗਦਾ ਸੀ, ਇਸੇ ਕਰਕੇ ਟਿਕ ਕੇ ਬੈਠਿਆ ਸੀ। ਨਹੀਂ ਤਾਂ ਬਾਂਦਰ ਅਤੇ ਜਵਾਕ ਕਿੱਥੇ ਟਿਕਣ ਵਾਲ਼ੇ ਹੁੰਦੇ ਆ।

"ਮੇਰੇ ਵੀ ਅੰਗੀ-ਸਾਕੀ ਨੇ ਉੱਥੇ।" ਪਹੇ ਤੋਂ ਪਰ੍ਹਾਂ ਹੋਣ ਲੱਗੇ ਬਲ਼ਦਾਂ ਨੂੰ ਸਹੀ ਦਿਸ਼ਾ ਦਿੰਦਿਆਂ, ਉਸਨੇ ਬਜ਼ੁਰਗ ਨਾਲ਼ ਸਾਂਝ ਵਧਾਈ।

"ਕਿਹੜੇ ਘਰਾਂ 'ਚ ਸਿੱਖਾਂ ?"

"ਬਾਬਿਆਂ ਦੇ।"

"ਅੱਛਾ ! ਅੱਛਾ !! ਬਾਬਿਆਂ ਦੇ। ਫਿਰ ਤਾਂ ਸਿੱਖਾ, ਰੁਕ ਕੇ ਜਾਮੇਗਾ। ਅੰਨ-ਜਲ ਮੇਰੇ ਕੋਲ਼ ਛਕ ਕੇ ਜਾਈਂ।" ਬਾਬਿਆਂ ਦਾ ਨਾਂ ਲਏ ਤੋਂ ਹੀ ਬਜ਼ੁਰਗ ਸਮਝ ਗਿਆ। ਪੀਰਾਂਵਾਲੀ ਪਿੰਡ ਦੇ ਬਾਬਿਆਂ ਦੇ ਲਾਣੇ ਨੂੰ ਨੇੜੇ-ਤੇੜੇ ਦੇ ਸਾਰੇ ਪਿੰਡ ਜਾਣਦੇ ਹਨ।

"ਵੇਖਾਂਗੇ, ਜੇ ਕਵੇਲ਼ਾ ਹੁੰਦਾ ਦਿਸਿਆ। ਅਜੇ ਤਾਂ ਸੂਰਜ ਖੜ੍ਹਿਐ।" ਗੁਰਮੁਖ ਨੇ ਰਹਿਣ ਲਈ ਪੂਰੀ ਹਾਮੀ ਨਾ ਭਰੀ।

"ਜਰੂਰ ਭਾਈ, ਫਿਰ ਤਾਂ ਕੋਈ ਫਰਕ ਆਲ਼ੀ ਗੱਲ ਨੀ। ਹਨਾ..."

ਗੱਡਾ ਛੋਟੇ ਗੰਢੂਆਂ ਕੋਲ਼ ਆ ਕੇ ਬਿਰਧ ਜਿਹੇ ਲਸੂੜੇ ਹੇਠ ਰੁਕ ਗਿਆ।

ਲਸੂੜਾ ਸੁੱਕਿਆ ਪਿਆ ਸੀ। ਪੱਤੇ ਵੀ ਟਾਂਵੇਂ-ਟੱਲੇ ਹੀ ਰਹਿ ਗਏ ਸੀ।

"ਕੀ ਹੋ ਗਿਆ ਸਿੱਖਾ?"

"ਖੱਡੇ ਹੀ ਵੱਡੇ-ਵੱਡੇ ਨੇ। ਉੱਤਰ ਕੇ ਲੰਘਾਉਣਾ ਪਊ।"

ਗੁਰਮੁਖ ਨੇ ਖੱਬੇ ਪਹੀਏ ਵੱਲ ਝਾਤੀ ਮਾਰੀ। ਪਹੀਆ ਡੂੰਘੇ ਖੱਡੇ 'ਚ ਧਸਿਆ ਪਿਆ ਸੀ; ਨਾ ਅੱਗੇ ਨਾ ਪਿੱਛੇ ਹੋ ਰਿਹਾ ਸੀ।

"ਉੱਤਰੀਏ ਸਿੱਖਾ ਕਿ ਸਰਜੂ ?"

"ਨਾ-ਨਾ ... ਤੁਸੀਂ ਤਾਂ ਬੈਠੋ।" ਗੁਰਮੁਖ ਨੇ ਹੇਠਾਂ ਉੱਤਰ ਕੇ ਗੱਡੇ ਨੂੰ ਧੂਹਣ ਵਿੱਚ ਬਲ਼ਦਾਂ ਦੀ ਮਦਦ ਕੀਤੀ। ਕਾਫੀ ਕਸ਼ਮਕਸ਼ ਤੋਂ ਬਾਅਦ, ਗੱਡਾ ਖੱਡੇ ਤੋਂ ਬਾਹਰ ਆ ਗਿਆ।

ਦੋਵੇਂ ਜ਼ਨਾਨੀਆਂ ਤਾਂ ਚੁੱਪ-ਚਾਪ ਬੈਠੀਆਂ ਸੀ। ਮਰਦਾਂ ਨਾਲ਼ ਉਹ ਵੀ ਕੀ ਜੁਬਾਨ ਸਾਂਝੀ ਕਰਦੀਆਂ।

"ਚੱਲੋ ਸ਼ੇਰ ਬੱਗਿਓ।" ਗੁਰਮੁਖ ਨੇ ਬਲ਼ਦ ਫਿਰ ਹੱਕੇ।

"ਸਿੱਖਾ ਇੱਕ ਗੱਲ ਪੁੱਛਾਂ ?" ਉਹ ਬਜ਼ੁਰਗ ਗੁਰਮੁਖ ਦੇ ਹੋਰ ਨੇੜੇ ਹੋ ਗਿਆ।

"ਹੂੰ .." ਗੁਰਮੁਖ ਦਾ ਧਿਆਨ ਬਲ਼ਦਾਂ ਵੱਲ ਵੀ ਸੀ।

"ਆ ਮੁਸਲਮਾਨਾਂ ਦਾ ਕੀ ਬਣੂ ? ਤੜਕੀ ਵੀ ਕਿੰਨੇ ਗੱਡੇ ਲੰਘੇ ਸੀ, ਲੱਖੀਆਲੇ ਨੂੰ। ਜਾਨ੍ਹ ਦੇ ਮੁਸਲੇ 'ਕੱਠੇ ਹੋਈ ਜਾਂਦੇ ਨੇ।"

"ਸਾਰਾ 'ਜਾਦੀ ਦਾ ਸਿਆਪੈ। ਕਦੋਂ ਦੇ ਵਸੇ ਬੈਠੇ ਸੀ ਘਰ ਪਰਵਾਰ। ਆਪਣੀ ਸਾਂਝ 'ਚ ਲਕੀਰਾਂ ਖਿੱਚ ਕੇ ਕਰਨਗੇ ਰਾਜ।"

"ਕੈਂਅ੍ਹਦੇ ਮੁਸਲਮਾਨ ਹੀ ਜਾਣਗੇ। ਮੈਂ ਸੁਣਿਆ ਸੀ।" ਆਖ ਉਹ ਕੰਨ 'ਚ ਡੱਕਾ ਮਾਰਨ ਲੱਗਾ। ਲਸੂੜੇ ਦਾ ਪੱਤਾ ਡਿੱਗਿਆ ਸੀ ਤਾਂ ਉਸ ਨੇ, ਉਸਦੀ ਸੁੱਕੀ ਜਿਹੀ ਡੰਡੀ ਤੋੜ ਲਈ ਸੀ।

"ਹਾਂ ... ਮੁਸਲਮਾਨ ਹੀ ਜਾਣਗੇ।" ਗੁਰਮੁਖ ਦਾ ਧਿਆਨ ਸਾਹਮਣੇ ਵੀ ਸੀ। ਸਾਹਮਣੇ ਤੋਂ ਵੀ ਗੱਡੇ ਆ ਰਹੇ ਸੀ।

"ਤੇ ਆਪਣੇ ਆਲ਼ੇ ਓਧਰੋਂ ਆਉਣਗੇ?" ਬਜ਼ੁਰਗ ਨੇ ਦੂਜੇ ਕੰਨ ਵਿੱਚ ਵੀ ਡੱਕਾ ਮਾਰਨਾ ਸ਼ੁਰੂ ਕੀਤਾ।

"ਜੇਹੜੇ ਏਧਰੋਂ ਜਾ ਰਹੇ ਨੇ, ਉਹ ਕਿਹੜਾ ਬਗਾਨੇ ਨੇ ! ਉਹ ਵੀ ਤਾਂ ਆਪਣੇ ਨੇ।" ਆਪਣੇ-ਬਿਗਾਨੇ ਵਾਲ਼ੀ ਗੱਲ ਗੁਰਮੁਖ ਦੇ ਦਿਲ 'ਚ ਦੇਸੂ ਦੀ ਆਰ ਵਾਂਗ ਚੁਭ ਗਈ।

"ਊਂਅ ਸਿੱਖਾ ਤੇਰੇ ਆਲ਼ੇ ਪਾਸੇ ਤਾਂ ਮਾਹੌਲ ਠੀਕ ਐ ? ਸਾਡੇ ਤਾਂ ਭਾਈ ਆਪ ਮੁਸਲੇ ਸਮਾਨ ਕੱਠਾ ਕਰੀ ਜਾਂਦੇ ਨੇ।"

"ਸਵਾਹ ਠੀਕ ਐ ! ਸਾਰੇ ਪਾਸੇ ਬੱਦਲ ਹੀ ਬੱਦਲ ਨੇ।" ਗੁਰਮੁਖ ਨੂੰ ਚਾਰੋ ਦਿਸ਼ਾਵਾਂ ਦਾ ਗਿਆਨ ਸੀ।

ਗੰਢੂਆਂ ਅਤੇ ਪੀਰਾਂਵਾਲੀ ਦੇ ਠੱਡੇ 'ਤੇ ਆ ਕੇ ਗੁਰਮੁਖ ਨੇ ਪਿਛਾਂਹ, ਲੱਖੀਵਾਲੇ ਵੱਲ ਨਿਗ੍ਹਾ ਮਾਰੀ, ਸੂਰਜ ਛਿਪਣ ਦੇ ਨਜ਼ਦੀਕ ਸੀ।

"ਉਂਅ ਇਹੋ ਜਾ ਹਾਲ ਕਦੇ ਨੀ ਦੇਖਿਆ।" ਗੁਰਮੁਖ ਫਿਰ ਬੋਲਿਆ।

"ਜਮਾਂ ਨੀ ਸਿੱਖਾ, ਚੌਂਅ੍ਹਟ-ਪੈਂਅ੍ਹਟ ਸਾਲ ਦੀ ਤਾਂ ਮੇਰੀ ਉਮਰ ਹੋ ਗਈ। ਆਪਾਂ ਨੀ ਕਦੇ ਐਸਾ ਰੰਗ-ਢੰਗ ਵੇਖਿਆ।" ਮਨ ਤਾਂ ਬਜ਼ੁਰਗ ਦਾ ਵੀ ਦੁਖੀ ਸੀ।

ਗੱਡਾ ਡਿਕਡੋਲੇ ਖਾਂਦਾ, ਹਚਕੋਲੇ ਮਾਰਦਾ, ਪੀਰਾਂਵਾਲੀ ਪਹੁੰਚਣ ਵਾਲ਼ਾ ਸੀ। ਸਾਹਮਣੇ ਮਸੀਤ ਦਾ ਗੁੰਬਦ ਤਾਂ ਵਿਖਾਈ ਦੇਣ ਵੀ ਲੱਗ ਪਿਆ ਸੀ।

"ਅੱਜ ਤਾਂ ਰਹਿੰਦਾ ਹੋਣਾ ਸਿੱਖਾ, ਬਾਬਿਆਂ ਦੇ ?" ਬਜ਼ੁਰਗ, ਪਿੰਡ ਨੇੜੇ ਆਇਆ ਵੇਖ, ਉੱਤਰਨ ਦੀ ਤਿਆਰੀ ਕਰਨ ਲੱਗਾ।

"ਜੇ ਕੋਈ ਰਾਹ—ਗਲੀ 'ਚ ਮਿਲ ਗਿਆ, ਫੇਰ ਤਾਂ ਰੁਕਣਾ ਪਊ।" ਗੁਰਮੁਖ ਵੀ ਦੁਚਿਤੀ 'ਚ ਸੀ। ਉੱਧਰ ਪੰਜਾਬ ਦਾ ਵੀ ਫਿਕਰ ਸੀ ਉਸਨੂੰ।

ਦੋਵੇਂ ਮਹਿਲਾਵਾਂ ਵੀ ਪਿੰਡ ਦਾ ਛੱਪੜ ਆਇਆ ਵੇਖ, ਉੱਤਰਨ ਲਈ ਚੁਕੰਨੀਆਂ ਹੋ ਗਈਆਂ।

"ਕਿੱਥੇ ਕ ਉਤਰਨੈ, ਸੱਜਣ ਜੀ ?" ਪਿੰਡ ਵੜਦਿਆਂ ਸਾਰ ਗੁਰਮੁਖ ਨੇ ਪੁੱਛਣਾ ਲਾਜ਼ਮੀ ਸਮਝਿਆ।

"ਮਸੀਤ ਲੰਘਾ ਕੇ 'ਤਾਰ ਦਈਂ ਸਿੱਖਾ, ਐਧਰ ਦੀ ਕਰਲੈ।" ਬਜ਼ੁਰਗ ਨੇ ਗੱਡਾ ਮਸੀਤ ਵਾਲ਼ੇ ਪਾਸੇ ਮੁੜਵਾ ਦਿੱਤਾ। ਮਸੀਤ ਕੋਲ਼ ਦੀ ਲੰਘਣ ਲੱਗੇ ਤਾਂ ਮੁਸਲਮਾਨਾਂ ਦਾ ਪੂਰਾ ਹਜੂਮ ਇਕੱਠਾ ਹੋਇਆ ਪਿਆ ਸੀ।

"ਸੁੱਖ ਤੇਰੇ ਪਿੰਡ ਵੀ ਨੀ ਬਾਈ !" ਗੁਰਮੁਖ ਨੇ ਭੀੜ ਦਾ ਰੁੱਖ ਵੇਖ ਅੰਦਾਜ਼ਾ ਲਾਇਆ।

"ਹਾਂ ...ਸੁੱਖ ਤਾਂ ਕਿਹੜੀ ਐ, ਮੈਂ ਕਹਿ ਕੇ ਤਾਂ ਹਟਿਆ ਹਾਂ। ਚਲ ... ਰੱਬ ਭਲੀ ਕਰੂ।" ਬਜ਼ੁਰਗ ਦਾ ਧਿਆਨ ਮਸੀਤ ਵਾਲ਼ੇ ਪਾਸੇ ਹੀ ਸੀ।

"ਇਹ ਵੀ ਸਵੇਰੇ ਚੱਲਦੇ ਹੋਣੇ !" ਗੁਰਮੁਖ ਨੇ ਗੱਡਾ ਤੋਰ ਲਿਆ।

ਉਹ ਮਸੀਤ ਲੰਘ ਆਏ।

ਆਰੇ ਕੋਲ਼ ਪਹੁੰਚਣ 'ਤੇ ਬਜ਼ੁਰਗ ਨੇ ਰੁਕਣ ਲਈ ਬੇਨਤੀ ਕੀਤੀ - "ਏ...., ਐਥੇ ਰੋਕ ਸਿੱਖਾ..."

ਗੁਰਮੁਖ ਨੇ ਰੱਸਾ ਖਿੱਚਿਆ, ਬਲ਼ਦ ਰੁਕ ਗਏ।

ਜ਼ਨਾਨੀਆਂ ਪਹਿਲਾਂ ਹੀ ਉੱਤਰ ਕੇ, ਭੀੜੀ ਬੀਹੀ ਨੂੰ ਹੋ ਤੁਰੀਆਂ। ਬਜ਼ੁਰਗ ਕੁੱਝ ਔਖਿਆਈ ਜਿਹੀ ਨਾਲ਼ ਉੱਤਰਿਆ।

"ਆ ਜਾ ਸਿੱਖਾ, ਅੰਨ-ਜਲ ਤਾਂ ਕਰ ਕੇ ਜਾਈਂ ਹੁਣ।" ਉਸਨੇ ਅਜੇ ਸੁਲ੍ਹਾ ਹੀ ਮਾਰੀ ਸੀ, ਸਾਹਮਣਿਓਂ ਮਸੀਤ ਵਾਲ਼ੇ ਪਾਸਿਓਂ ਘੂਤਰ ਤੁਰਿਆ ਆਵੇ। ਆ ਕੇ ਆਰੇ ਕੋਲ਼ ਰੁਕ ਗਿਆ। ਗੁਰਮੁਖ ਨੂੰ ਸਿਰ ਤੋਂ ਪੈਰਾਂ ਤਕ ਵੇਖ ਹੈਰਾਨ ਹੋ ਕੇ ਪੁੱਛਣ ਲੱਗਾ -"ਤੂੰ ਮਾਸੀ ਦਿਆ ਪੁੱਤਾ, ਕਿੱਧਰ !"

"ਲੱਖੀਆਲੇ ਤੋਂ ਆਇਐਂ।" ਗੁਰਮੁਖ ਨੇ ਬਲ਼ਦਾਂ ਦਾ ਰੱਸਾ ਖਿੱਚਿਆ।

"ਆਹ ਪਿੱਪਲ ਤਖਾਣ ਨੂੰ ਕਿੱਧਰ ਟੰਗਿਐ ? ਦਮਾਕ ਖਾ ਗਿਆ ਹੋਣਾ, ਹੈਂ ਓਏ ਸਿੱਖਾ ... ਹਾਂ ਬਈ ਸਿੱਖਾ .. ਕਹਿ-ਕਹਿ ਕੇ।" ਬੇਸ਼ੱਕ ਮਾਹੌਲ ਮਜ਼ਾਕ ਵਾਲ਼ਾ ਨਹੀਂ ਸੀ ਪਰ ਫਿਰ ਵੀ ਘੂਤਰ ਆਪਣੀ ਆਦਤ ਤੋਂ ਨਾ ਟਲ਼ਿਆ।

"ਉਏ ਨੰਗਲ ਗਏ ਸੀ ਘੂਤਰਾ ! ਰਾਹ 'ਚ ਤੇਰਾ ਮਸੇਰ ਮਿਲ ਗਿਆ।" ਪਿੱਪਲ ਬੋਲਿਆ।

"ਚੱਲ ਹੱਕ ਘਰਾਂ ਨੂੰ ਬਲ਼ਦ .." ਘੂਤਰ ਨੇ ਪਿੱਪਲ ਦੀ ਗੱਲ ਅਣਸੁਣੀ ਕਰਦਿਆਂ ਗੁਰਮੁਖ ਨੂੰ ਕਿਹਾ।

"ਹੁਣ ਤਾਂ ਚੱਲਣ ਦੇ ਬਾਈ, ਘਰੇ ਜਵਾਕ ਕੱਲੇ ਨੇ।" ਗੁਰਮੁਖ ਨੂੰ ਛੰਨੋ ਅਤੇ ਪੰਜਾਬ ਦਾ ਖ਼ਿਆਲ ਆਇਆ।

"ਉਏ ... ਨਹੀਂ... ਨਹੀਂ... ਗੁਰਮੁਖਾ। ਅੱਜ ਨੀ ਤੈਨੂੰ ਜਾਣ ਦਿੰਦੇ। ਹੁਣ ਜਾਣ ਦਾ ਟੈਮ ਐ, ਭੜਿਆ ! ਕਵੇਲ਼ਾ ਤਾਂ ਹੋਇਆ ਪਿਐ। ਬਾਕੀ ਮਾਹੌਲ ਕਨੀ ਤਾਂ ਨਿਗ੍ਹਾ ਮਾਰ।"

"ਰਹਿ ਫਿਰ ਸਿੱਖਾ, ਸਵੇਰੇ ਵਗਜੀਂ।" ਆਪਣੀ ਬੀਹੀ ਪੈਣ ਤੋਂ ਪਹਿਲਾਂ ਪਿੱਪਲ ਨੇ ਵੀ ਰੁਕਣ ਦੀ ਸਲਾਹ ਦਿੱਤੀ।

ਗੁਰਮੁਖ ਨਾ ਚਾਹੁੰਦੇ ਹੋਏ ਵੀ ਘੂਤਰ ਨਾਲ਼ ਚੱਲ ਪਿਆ।

ਸਾਰੇ ਪਰਿਵਾਰ ਨੂੰ ਚਾਅ ਚੜ੍ਹਿਆ ਪਿਆ ਸੀ, ਗੁਰਮੁਖ ਦੇ ਘਰ ਆਉਣ ਨਾਲ਼। ਵੱਡੀਆਂ ਭਰਜਾਈਆਂ ਮਿੱਠੇ-ਮਿੱਠੇ ਮਖੌਲ ਕਰਨ ਲੱਗੀਆਂ। ਅੰਨ-ਜਲ ਛਕਣ ਤੋਂ ਬਾਅਦ ਘੂਤਰ ਹੋਰੀਂ ਸਬਾਤ 'ਚ ਡਹੇ ਮੰਜਿਆਂ 'ਤੇ ਜਾ ਬਿਰਾਜੇ। ਗਈ ਰਾਤ ਤਕ ਗੱਲਾਂ ਚੱਲਦੀਆਂ ਰਹੀਆਂ। ਗੱਲਾਂ ਦਾ ਸਿਲਸਿਲਾ ਪਰਿਵਾਰ ਦੀ ਸੁੱਖ-ਸਾਂਦ ਤੋਂ ਸ਼ੁਰੂ ਹੋ ਕੇ ਕਾਲੀਏ ਦੇ ਮੁਸਲਮਾਨਾਂ, ਪਖੀਰਾਂ, ਕਾਹਨਗੜ੍ਹ ਦੇ ਲੁਹਾਰਾਂ ਦੇ ਉਜਾੜੇ ਦੇ ਨਾਲ਼-ਨਾਲ਼ ਕਾਲੀ ਹੋਰਾਂ ਨੂੰ ਲੱਖੀਵਾਲੇ ਛੱਡ ਕੇ ਆਉਣ ਦੀ ਹੋਣੀ ਤੇ ਫਿਰ ਪੀਰਾਂਵਾਲੀ ਦੇ ਮੁਸਲਮਾਨਾਂ ਦੇ ਦਰਦ 'ਤੇ ਆ ਮੁੱਕਿਆ।

ਕਿਤੇ ਇੱਕ ਵਜੇ ਜਾ ਕੇ ਗਰਮੁਖ ਦੀ ਅੱਖ ਲੱਗੀ। ਪਰ ਅੱਖ ਲੱਗਣ ਤੋਂ ਪਹਿਲਾਂ ਉਸ ਦਾ ਮਨ ਪੰਜਾਬੇ ਦੀ ਹਾਲਤ, ਰਫੀਕ ਦੀ ਦਸ਼ਾ, ਗੁੱਜਰਾਂ ਦਾ ਹਾਲ, ਨਵਾਬ ਦੇ ਫਿਕਰ ਦੇ ਵਹਿਣਾਂ 'ਚੋਂ ਵਹਿਣੋਂ ਨਾ ਟਲ਼ਿਆ।

———

ਤੜਕਸਾਰ ਕੁੱਕੜ ਨੇ ਬਾਂਗ ਦਿੱਤੀ। ਕੁੱਕੜ ਦੀ ਬਾਂਗ ਦੇ ਨਾਲ਼ ਹੀ ਕਾਜ਼ੀ ਉੱਠਿਆ, ਨਮਾਜ਼-ਏ-ਸੁਬ੍ਹਾ (ਸਲਾਤ-ਉਲ-ਫ਼ਜ਼ਰ) ਦਾ ਵਕਤ ਸੀ। ਪਰ ਅੱਜ ਉਸ ਦਾ ਮਨ ਨਮਾਜ਼ ਪੜ੍ਹਨ 'ਚ ਨਹੀਂ ਸੀ ਲੱਗ ਰਿਹਾ। ਨਮਾਜ਼ ਪੜ੍ਹਨ ਤੋਂ ਬਾਅਦ ਉਸ ਨੇ ਹੋਕਰਾ ਮਾਰਿਆ, ਮੁਸਲਮਾਨਾਂ ਨੂੰ ਰਵਾਨਗੀ ਪਾਉਣ ਦੀ ਸੂਚਨਾ ਦਿੱਤੀ। ਪੀਰਾਂਵਾਲ਼ੀ ਦੇ ਸਾਰੇ ਪਰਿਵਾਰ ਰਾਤ ਹੀ ਤਿਆਰ ਹੋ ਗਏ ਸੀ।

ਤਾਰੇ ਛਿਪਣ ਤੋਂ ਪਹਿਲਾਂ ਹੀ ਮੁਸਲਮਾਨਾਂ ਨੇ ਪਿੰਡ ਛੱਡ ਦਿੱਤਾ ਪਰ ਘਰਾਂ

ਦਾ ਮੋਹ, ਅਗਾਂਹ ਪੈਰ ਹੀ ਨਹੀਂ ਸੀ ਪੁੱਟਣ ਦੇ ਰਿਹਾ। ਉਹ ਮੁੜ-ਮੁੜ ਪਿਛਾਂਹ ਹੋ ਕੇ ਜਿੰਦਰੇ ਲੱਗੇ ਘਰਾਂ ਨੂੰ ਤੱਕ ਰਹੇ ਸੀ। ਅਖ਼ੀਰ ਗੱਡੇ ਨੰਗਲ ਵੱਲ ਨੂੰ ਚੱਲ ਪਏ।

ਪੂਰਾ ਕਾਫ਼ਲਾ ਬਾਜ਼ੀਗਰਾਂ ਦੀ ਬਸਤੀ ਕੀ ਲੰਘਿਆ, ਕਾਫ਼ਲੇ 'ਤੇ ਹਮਲਾ ਹੋ ਗਿਆ। ਹਮਲਾਵਰ ਪਹਿਲਾਂ ਹੀ ਤਾਕ 'ਚ ਬੈਠੇ ਸੀ।

ਹਮਲਾ ਹੁੰਦਿਆਂ ਸਾਰ ਚੀਕ-ਚਿਹਾੜਾ ਮੱਚ ਗਿਆ। ਡਰਦੇ ਜਵਾਕ ਮਾਂਵਾਂ ਦੀਆਂ ਛਾਤੀਆਂ ਨਾਲ਼ ਚਿੰਬੜਦੇ ਜਾਣ। ਮੁਸਲਮਾਨ ਵੀ ਆਪਣੇ ਹਥਿਆਰ ਲੈ ਕੇ ਚੁਕੰਨੇ ਹੋ ਗਏ।

ਮੂੰਹ 'ਤੇ ਮੰਡਾਸੇ ਮਾਰੀ ਹਮਲਾਵਰ, ਪਿਛਲੇ ਗੱਡਿਆਂ ਤਕ ਅੱਪੜ ਗਏ। ਕਾਲੇ ਜਿਹੇ ਮੱਥੇ ਵਾਲ਼ੇ ਬੰਦੇ ਨੇ ਬੇਗੋ ਦੀ ਕੁੱਛੜ 'ਚ ਲਏ ਬੱਚੇ ਦੇ ਪੇਟ ਕੋਲ਼ ਛੁਰਾ ਕੀਤਾ।

"ਕੱਢ ਦੋ ਜੋ ਵੀ ਹੈ ....।"

"ਭੈਣ ਮਰਾਣ ਮੋਹਰਾਂ ... ਤੁਸੀ ਲੈਜੋ ... ਸਾਡੀ ਜਾਨ ਬਖਸੋ।"

ਬੇਗੋ ਦੇ ਪਤੀ ਨੇ, ਡਰੀ ਹੋਈ ਪਤਨੀ ਨੂੰ ਵੇਖ, ਛੋਟੀ ਜਿਹੀ ਸੰਦੂਕੜੀ 'ਚੋਂ ਮੋਹਰਾਂ ਵਾਲ਼ੀ ਥੈਲੀ ਕੱਢ ਕੇ ਦੇ ਦਿੱਤੀ।

ਬਾਕੀ ਗੱਡੇ ਵੀ ਲੁੱਟੇ ਜਾ ਚੁੱਕੇ ਸੀ। ਗੱਡਿਆਂ ਦੀ ਰਫ਼ਤਾਰ ਵੀ ਘੱਟ ਗਈ ਸੀ। ਹਮਲਾਵਰਾਂ ਨਾਲ਼ ਲੜਦਿਆਂ ਖਾਨ ਫੱਟੜ ਹੋ ਗਏ।

"ਰੰਨ ਤਾਂ ਘੈਂਟ ਐ ਬਈ।" ਪਿੱਛੋਂ ਦੂਜੇ ਗੱਡੇ ਕੋਲ਼ ਖੜ੍ਹਾ ਮਧਰਾ ਜਿਹਾ ਬੰਦਾ, ਲਲਚਾਈਆਂ ਅੱਖਾਂ ਨਾਲ਼ ਬੇਗੋ ਨੂੰ ਟਿਕਟਿਕੀ ਲਾ ਕੇ ਤੱਕਣ ਲੱਗਾ।

"ਵੇਖਦਾ ਕੀ ਐਂ ! ਖਿੱਚ ਲੈ ਬਾਂਹ ਫੜ ਕੇ।" ਨਾਲ ਵਾਲ਼ੇ ਨੇ ਹੱਲਾਸ਼ੇਰੀ ਦਿੱਤੀ।

"ਹੱਥ ਤਾਂ ਲਾ ਕੇ ਦੇਖੋ ਦਾਨਵੋ।" ਗੱਡੇ 'ਚ ਬੈਠੇ ਬਜ਼ੁਰਗ ਤੇ ਬੇਗੋ ਦੇ ਮਰਦ ਦੀਆਂ ਅੱਖਾਂ 'ਚ ਖ਼ੂਨ ਉੱਤਰ ਆਇਆ।

"ਕਿਉਂ ! ਜਾਨ ਨੀ ਪਿਆਰੀ !" ਅਖ਼ੀਰਲੇ ਗੱਡੇ ਕੋਲ਼ ਬੱਚੇ ਦੇ ਪੇਟ 'ਤੇ ਛੁਰਾ ਧਰੀਂ ਖੜ੍ਹੇ, ਕਾਲੇ ਮੱਥੇ ਵਾਲ਼ੇ ਮਰਦ ਨੇ ਆਪਣੀ ਮਨਸ਼ਾ ਸਪੱਸ਼ਟ ਕੀਤੀ।

"ਸਾਨੂੰ ਇੱਜਤਾਂ ਪਿਆਰੀਆਂ ਨੇ, ਜਾਨਾਂ ਨਹੀਂ।" ਬਜ਼ੁਰਗ ਬੋਲਿਆ।

ਬੱਚੇ ਦੀ ਮਾਂ ਦਾ ਦਿਲ ਫੜਾਕ-ਫੜਾਕ ਵੱਜ ਰਿਹਾ ਸੀ ਪਰ ਦੋ ਸਾਲਾ ਬੱਚਾ, ਖੱਬੀ ਦੁੱਧੀ 'ਚੋਂ 'ਪਚਾਕ-ਪਚਾਕ' ਦੁੱਧ ਚੁੰਘ ਰਿਹਾ ਸੀ।

"ਥੋਡੀ ਉਏ ਭੈਣ ਦੀ ! ਸਾਲ਼ੇ ਇੱਜ਼ਤਾਂ ਦੇ !" ਕਚੀਚੀ ਵੱਟਦਿਆਂ ਉਹਨੇ ਜਵਾਕਾਂ ਦੀ ਵੱਖੀ 'ਚ ਛੁਰਾ ਖੁਭੋ ਕੇ, ਮਧਾਣੀ ਵਾਂਗ ਘੁੰਮਾ ਦਿੱਤਾ। ਪੇਟ ਵਿੱਚ ਛੁਰਾ ਇੰਝ ਖੁਭ ਗਿਆ ਜਿਵੇਂ ਰਾਜਸਥਾਨੀ ਤਰਬੂਜ਼ ਵਿੱਚ ਕਟਾਰ ਲੰਘ ਜਾਂਦੀ ਹੈ।

ਛੁਰਾ ਖੁੱਭਣ ਦੀ ਦੇਰ ਸੀ, ਚੀਕ-ਚਿਹਾੜਾ ਮੱਚ ਗਿਆ। ਮਾਂ ਭੁੱਬਾਂ ਮਾਰ-ਮਾਰ ਰੋਣ ਲੱਗੀ। ਉਸਦਾ ਤਾਂ ਕਾਲ਼ਜਾ ਹੀ ਫਟ ਗਿਆ ਸੀ। ਉਸ ਦੀਆਂ ਅੱਖਾਂ ਮੂਹਰੇ ਹਨੇਰਾ ਛਾ ਗਿਆ। ਉਸ ਨੂੰ ਕੁੱਝ ਵੀ ਨਜ਼ਰ ਨਹੀਂ ਸੀ ਆ ਰਿਹਾ। ਅਚਾਨਕ

ਉਸਦੇ ਹੱਥ-ਪੈਰ ਸੁੰਨ ਹੋ ਗਏ; ਗਸ਼ ਖਾ ਕੇ ਗੱਡੇ 'ਚ ਹੀ ਨਿੱਸਲ਼ ਹੋ ਕੇ ਡਿੱਗ ਪਈ। ਹੱਥੋਂ ਬੱਚਾ ਵੀ ਛੁੱਟ ਕੇ ਮੂਧੇ ਮੂੰਹ ਡਿੱਗ ਗਿਆ। ਪਿਉ—ਪੁੱਤ ਚਾਹੁੰਦਿਆਂ ਵੀ ਕੁੱਝ ਨਾ ਕਰ ਸਕੇ।

ਬੱਚਾ ਮਮਤਾ ਨਾਲ਼ੋਂ ਟੁੱਟ ਕੇ ਕਿੰਨਾ ਦੂਰ ਹੋ ਗਿਆ ! ਮਾਂ ਦੀ ਨਗਨ ਦੁੱਧੀ 'ਤੇ, ਦੁੱਧ ਦੀਆਂ ਬੂੰਦਾਂ ਜੰਮ ਗਈਆਂ। ਗੱਡੇ 'ਤੇ ਟਿਕਾਈਆਂ ਕੱਪੜਿਆਂ ਦੀਆਂ ਗਠੜੀਆਂ, ਖ਼ੂਨ ਦਾ ਰੰਗ ਚੜ੍ਹਨ ਕਾਰਨ ਲਾਲ ਹੋ ਗਈਆਂ। ਖ਼ੂਨ ਦੀਆਂ ਬੂੰਦਾਂ ਤਾਂ ਗੱਡੇ ਦੇ ਫੱਟਿਆਂ ਦੀਆਂ ਵਿਰਲਾਂ ਥਾਣੀਂ, ਕੱਕੇ ਰੇਤ 'ਚ ਜਾ ਜਜ਼ਬ ਹੋਈਆਂ।

ਪੱਚੀ ਲੁਟੇਰਿਆਂ ਦੀ ਟੋਲੀ ਮੌਕਾ ਤਾੜ ਕੇ ਖਿੰਡ ਗਈ। ਲੁਟੇਰਿਆਂ ਦੀ ਇੱਕ ਨਹੀਂ, ਕਈ ਪਾਰਟੀਆਂ ਸੀ। ਪਿਛਲੇ ਗੱਡਿਆਂ ਕੋਲ਼ ਖੜ੍ਹੇ ਤਿੰਨ ਲੁਟੇਰਿਆਂ ਨੇ ਵੀ ਜਾਣ ਵਿੱਚ ਭਲਾਈ ਸਮਝੀ- "ਚਲੋ ਹੁਣ, ਬਥੇਰਾ ਸੋਨਾ-ਸੱਪਾ ਮਿਲ ਗਿਆ।"

ਚੌੜੇ ਮੱਥੇ ਵਾਲ਼ੇ ਦੇ ਆਖਣ ਦੀ ਦੇਰ ਸੀ, ਉਹ ਸੂਏ ਦੀ ਪਟੜੀ ਪੈ ਗਏ।

"ਤੁਰ ਪਏ ?" ਸੂਏ ਤੋਂ ਪਰ੍ਹਾਂ ਜਾ ਕੇ ਉਨਾਂ ਫਿਰ ਗੱਡਿਆਂ ਦਾ ਜਾਇਜ਼ਾ ਲਿਆ।

"ਨਾ ... ਜਵਾਕ ਚੱਕੀ ਫਿਰਦੇ ਨੇ, ਮਿੱਟੀ ਨੂੰ ਸੰਭਾਲ਼ਦੇ ਹੋਣੇ ਕਿਤੇ।"

"ਚੱਲ ਭੈਣ ਮਰਾਣ ..., ਆਪਾਂ ਸਮਾਨ ਵੰਡੀਏ।" ਕਾਲੇ ਮੱਥੇ ਵਾਲ਼ਾ, ਮਧਰਾ ਜਿਹਾ ਬੰਦਾ, ਲੁੱਟ ਦਾ ਸਮਾਨ ਲੈਣ ਨੂੰ ਕਾਹਲ਼ਾ ਸੀ, ਉਹ ਤਰਲੋ-ਮੱਛੀ ਹੋ ਰਿਹਾ ਸੀ।

ਸਮਾਨ ਵੰਡਦਿਆਂ ਉਨ੍ਹਾਂ ਧੌਣ ਚੁੱਕ ਕੇ ਵੇਖਿਆ, ਗੱਡੇ ਬਾਹਮਣਵਾਲੇ ਨੂੰ ਚੱਲ ਪਏ।

ਬਲ਼ਦ ਚੁੱਪ-ਚਾਪ ਤੁਰੇ ਜਾ ਰਹੇ ਸੀ ਪਰ ਗੱਡਿਆਂ ਦੇ ਚੀਕਣ ਦੀ ਆਵਾਜ਼ ਪੁੜਪੁੜੀਆਂ 'ਚ ਗੋਲ਼ੀਆਂ ਵਾਂਗ ਵੱਜ ਰਹੀ ਸੀ।

"ਜੀ ਕਰਦੈ, ਕਿਸੇ ਖੂਹ 'ਚ ਛਾਲ਼ ਮਾਰਾਂ !" ਗੱਡੇ 'ਚ ਬੈਠੇ ਵਡੇਰੇ ਬਜ਼ੁਰਗ 'ਚ ਜ਼ਿੰਦਗੀ ਜਿਉਣ ਦੀ ਇੱਛਾ ਨਹੀਂ ਸੀ ਰਹੀ।

"ਹੂੰ ... ਕਿਸੇ ਤੋਂ, ਸਾਲ਼ੇ ਤੋਂ, ਉਏ ਨੀ ਕਹਾਈ ਸੀ, ਕਦੇ।" ਬੇਗੋ ਦੇ ਖਸਮ ਨੂੰ ਆਪਣੀ ਪਿਛਲੀ ਐਸ਼ੋ ਇਸ਼ਰਤ ਵਾਲ਼ੀ ਜ਼ਿੰਦਗੀ ਯਾਦ ਆਈ।

"ਕਿੱਥੋਂ ਦੇ ਸੀ, ਸਾਲ਼ੇ ਆਹ ਮਲੰਗ ?" ਬਜ਼ੁਰਗ ਨੇ ਫਿਰ ਉਸ ਟਿੱਬੀ ਵੱਲ ਤੱਕਿਆ, ਜਿਸ ਪਾਸੇ ਉਹ ਅਲੋਪ ਹੋਏ ਸੀ।

"ਕੀ ਪਤਾ, ਮੂੰਹ ਤਾਂ ਲਪੇਟੀ ਬੈਠੇ ਸੀ। ਬੋਲੀ ਤੋਂ ਤਾਂ ਲਠੇਰੇ ਦੇ ਲੱਗੇ।" ਬੇਗੋ ਦਾ ਖਸਮ ਬੋਲਿਆ।

ਇੱਕ ਪਾਸੇ ਭਾਦੋਂ ਦੀ ਤਿੱਖੀ ਧੁੱਪ ਇੰਝ ਭੁੰਨ ਰਹੀ ਸੀ ਜਿਵੇਂ ਭੱਠੀ ਵਿੱਚ ਮੱਕੀ ਦੇ ਦਾਣੇ ਭੁੰਨੇ ਜਾਂਦੇ ਹਨ ਤੇ ਦੂਜੇ ਪਾਸੇ ਭੁੱਖ ਨਾਲ਼ ਖੋਹ ਪੈਣ ਲੱਗੀ ਪਈ ਸੀ।

ਦੁਪਹਿਰਾ ਹੋ ਗਿਆ। ਗੱਡੇ ਬਾਹਮਣਵਾਲੇ ਦੇ ਵੱਡੇ ਪਹੇ 'ਤੇ ਜਾ ਚੜ੍ਹੇ। ਬੋਹਾ

ਬੁਢਲਾਡੇ ਵਾਲੇ ਪਾਸਿਓਂ ਵੀ ਕਿੰਨੇ ਹੀ ਗੱਡੇ ਤੁਰੇ ਆਉਂਦੇ ਸੀ। ਬਹੁਤੇ ਮੁਸਾਫ਼ਰ ਬੱਚਿਆਂ ਨੂੰ ਮੋਢਿਆਂ 'ਤੇ ਟੰਗੀ, ਸਿਰਾਂ 'ਤੇ ਸਮਾਨ ਰੱਖੀ, ਪੈਦਲ ਵੀ ਤੁਰੇ ਆਉਂਦੇ ਸੀ। ਬਾਹਮਣਵਾਲੇ ਕੋਲ਼ ਤਾਂ ਪੂਰਾ ਕਾਫ਼ਲਾ ਬਣ ਗਿਆ।

ਪਸ਼ੂ-ਡੰਗਰ ਵੀ ਨਾਲ ਹੀ ਤੁਰੇ ਆਉਂਦੇ ਸੀ। ਤੁਰੇ ਆਉਂਦੇ-ਆਉਂਦੇ ਬਾਥੂ, ਖੱਬਲ਼ ਨੂੰ ਵੀ ਮੂੰਹ ਮਾਰ ਰਹੇ ਸੀ। ਅੱਜ ਤਾਂ ਬੱਕਰੀਆਂ, ਗਾਵਾਂ, ਲਵੇਰੀਆਂ, ਕੁੱਕੜ, ਊਠ, ਬਲ਼ਦ ਸਭ ਇੱਕ ਹੋ ਕੇ ਤੁਰੇ ਆ ਰਹੇ ਸੀ।

ਮੂਹਰਲੇ ਗੱਡਿਆਂ 'ਤੇ ਬੈਠੇ ਮਰਦ-ਔਰਤਾਂ, ਦੂਰੋਂ ਆਏ ਗੱਡਿਆਂ ਜਾਂ ਰਾਹਗੀਰਾਂ ਵੱਲ ਗੌਰ ਨਾਲ਼ ਤੱਕ ਰਹੇ ਸੀ। ਨਿਗਾਹ ਲਾ ਕੇ ਤੱਕਣ ਦਾ ਮਤਲਬ-ਅਪਣੇ ਅੰਗੀ-ਸਾਕੀ ਦੀ ਪਛਾਣ ਕਰਨਾ ਸੀ। ਦਿਸ਼ਾਹੀਣ ਗੱਡੇ, ਮੂਹਰੇ ਜਾ ਰਹੇ ਗੱਡੇ ਦੀ ਪੈੜ 'ਚ ਪੈੜ ਧਰਦਿਆਂ, ਮਗਰ ਹੀ ਤੁਰੇ ਜਾ ਰਹੇ ਸੀ।

ਨੰਗਲ ਅਤੇ ਲਠੇਰੇ ਵਿਚਾਲੇ ਜਾ ਕੇ ਬੱਦਲ਼ਵਾਈ ਹੋ ਗਈ। ਅਸਮਾਨ ਅਤੇ ਉੱਜੜ ਕੇ ਜਾ ਰਹੇ ਲੋਕਾਂ ਦੇ ਮਨਾਂ 'ਤੇ ਘੋਰ ਬੱਦਲ਼ ਫੈਲ ਗਏ।

"ਏਹਨੇ ਵੀ ਅੱਜ ਹੀ ਦੁਸ਼ਮਣੀ ਕੱਢਣੀ ਸੀ !" ਪੀਰਾਂਵਾਲੀ ਨੇ ਬਜ਼ੁਰਗ ਨੇ ਉਤਾਂਹ ਮੂੰਹ ਕਰਕੇ, ਰੱਬ ਨੂੰ ਮੇਹਣਾ ਮਾਰਿਆ।

ਅਚਾਨਕ ਇੱਕ-ਦਮ ਮੋਟੀ ਕਣੀ ਡਿੱਗੀ ਤਾਂ ਪਸ਼ੂਆਂ ਨੇ ਰਿੰਗਣਾਂ ਸ਼ੁਰੂ ਕਰ ਦਿੱਤਾ। ਬੱਕਰੀਆਂ ਇੱਕ-ਦੂਜੀ ਵਿੱਚ ਵੜਣ ਤਕ ਜਾਣ। ਮੀਂਹ ਵਾਲ਼ਾ ਮਾਹੌਲ ਵੇਖ ਗੱਡਿਆਂ ਦੀ ਰਫ਼ਤਾਰ ਵੱਧ ਗਈ। ਮੀਂਹ ਪੈਂਦੇ ਵਿੱਚ ਫਿਰ ਰੌਲ਼ਾ ਪੈ ਗਿਆ। ਪੂਰੀ ਯੋਜਨਾ ਨਾਲ਼ ਵੱਢਾ-ਟੁੱਕੀ ਤੇ ਲੁੱਟ-ਖੋਹ ਹੋਣ ਲੱਗੀ।

ਪੁਲਿਸ ਦੀ ਸ਼ਹਿ ਅਤੇ ਸਰਦੇ-ਪੁੱਜਦੇ ਘਰਾਂ ਦੀ ਹਮਾਇਤ ਮਿਲਣ 'ਤੇ ਇਲਾਕੇ ਦੇ ਚੋਰ, ਡਾਕੂ, ਧਾੜਵੀ, ਲਸੰਸੀ ਅਸਲੇ ਵਾਲੇ ਕਾਫ਼ਲੇ ਨੂੰ ਖਤਮ ਕਰਨ ਲਈ ਕਈ ਦਿਨਾਂ ਤੋਂ ਤਿਆਰੀਆਂ ਕਰਨ ਲੱਗੇ ਪਏ ਸੀ। ਇਨਸਾਨੀਅਤ ਨੂੰ ਧਰਮ ਦਾ ਬੁਖਾਰ ਚੜ੍ਹ ਗਿਆ ਸੀ।

ਤੇਜ਼ ਮੀਹ ਵਿੱਚ ਦੁਸ਼ਮਣ ਨੂੰ ਦੇਖ ਕੇ ਮੁਸਲਮਾਨਾਂ ਦੇ ਚਿਹਰੇ ਫਿੱਕੇ ਪੈ ਗਏ ਪਰ 'ਮਰੇ ਤਾਂ ਪਏ ਆਂ' ਸਮਝ ਕੇ ਮੌਤ ਨੂੰ ਮਾਤ ਦੇਣ ਲਈ ਉਹ ਸ਼ੇਰਾਂ ਵਾਂਗ ਦਹਾੜਨ ਲੱਗੇ। ਚੋਣਵੇਂ ਨੌਜਵਾਨ 'ਕਰੋ ਜਾ ਮਰੋ' ਦੀ ਨੀਤੀ ਅਨੁਸਾਰ ਟੱਕਰ ਲੈਣ ਲਈ ਸਾਹਮਣੇ ਆਏ। ਬੰਦੂਕਾਂ ਦੀਆਂ ਗੋਲ਼ੀਆਂ ਅਤੇ ਤਿੱਖੇ ਹਥਿਆਰਾਂ ਨਾਲ ਜਵਾਨਾਂ ਦੀਆਂ ਛਾਤੀਆਂ ਭਰਿਆੜ ਹੋ ਰਹੀਆਂ ਸੀ ਪਰ ਫਿਰ ਵੀ ਬਹਾਦਰ ਜਵਾਨ ਫੌਲਾਦੀ ਕੰਧ ਬਣ ਕੇ ਖੜ੍ਹੇ ਸੀ। ਮੂਹਰਲੀ ਕਤਾਰ ਦੇ ਜ਼ਖ਼ਮੀ ਜਾਂ ਢਹਿ-ਢੇਰੀ ਹੋਣ 'ਤੇ ਪਿਛਲੇ ਜਵਾਨ ਉਹਨਾਂ ਦੀ ਥਾਂ ਲੈ ਰਹੇ ਸੀ।

ਜਾਨ ਅਤੇ ਇੱਜ਼ਤ ਬਚਾਉਣ ਲਈ, ਕਈ ਕੁਆਰੀਆਂ ਕੁੜੀਆਂ ਅਤੇ ਔਰਤਾਂ ਨੇ ਟੋਭੇ ਵਾਲ਼ੇ ਖੂਹ ਵਿੱਚ, ਛਾਲ਼ਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਵੀਹ ਫੁੱਟ ਡੂੰਘਾ ਖੂਹ ਲੋਥਾਂ ਨਾਲ਼ ਆਫਰ ਗਿਆ।

ਹਮਲਾਵਰਾਂ ਦੇ ਰੁਖ ਦੇ ਨਾਲ਼, ਮੀਂਹ ਵੀ ਤੇਜ਼ ਹੁੰਦਾ ਜਾ ਰਿਹਾ ਸੀ। ਵਡੇਰੀਆਂ

ਔਰਤਾਂ ਘਬਰਾ ਕੇ ਬੇਸੁਧ ਹੋ ਗਈਆਂ

ਪਿੰਡੋਂ ਦਸ ਕੋਹ ਦੂਰ ਕੀ ਆਏ; ਆਪਣੀਆਂ ਜੜ੍ਹਾਂ ਨਾਲ਼ੋਂ ਕੀ ਟੁੱਟੇ! ਕਈਆਂ ਵਿੱਚ ਜਿਉਣ ਦੀ ਇੱਛਾ ਹੀ ਖ਼ਤਮ ਹੋ ਗਈ। ਰਿਸ਼ਤਿਆਂ ਦਾ ਮੋਹ ਵੀ ਤੜਫ-ਤੜਫ ਕੇ ਮਰ ਗਿਆ। ਬਹੁਤੀਆਂ ਜ਼ਨਾਨੀਆਂ ਨੇ ਭਵਿੱਖ ਦੇ ਨਤੀਜਿਆਂ ਨੂੰ ਸਮਝਦਿਆਂ, ਬੱਚਿਆਂ ਸਮੇਤ ਹੀ ਖੂਹ 'ਚ ਛਾਲ਼ਾਂ ਮਾਰੀਆਂ।

ਬਿਜਲੀ ਦੀ ਚਮਕ ਨਾਲ਼ ਹਥਿਆਰ ਹੋਰ ਵੀ ਲਿਸ਼ਕਣ। ਜਵਾਕਾਂ ਅਤੇ ਬਜ਼ੁਰਗਾਂ ਦਾ ਵੀ ਲਿਹਾਜ਼ ਨਹੀਂ ਸੀ ਕੀਤਾ ਜਾ ਰਿਹਾ। ਗੁਰੂਆਂ-ਪੀਰਾਂ ਦੀ ਧਰਤੀ 'ਤੇ, ਸਿੱਖੀ ਦੇ ਭੇਸ ਵਿੱਚ, ਫਿਰ ਜ਼ਕਰੀਆ ਖਾਨ ਤੇ ਮੀਰ ਮੰਨੂੰ ਪਤਾ ਨਹੀਂ ਕਿੱਥੋਂ ਪੈਦਾ ਹੋ ਗਏ! ਨਿੱਕੇ-ਨਿੱਕੇ ਬਲੂਰਾਂ ਨੂੰ ਮਾਵਾਂ ਦੀਆਂ ਕੁੱਛੜਾਂ 'ਚੋਂ, ਕੋਹ-ਕੋਹ ਕੇ ਮਾਰਿਆ ਜਾ ਰਿਹਾ ਸੀ।

ਅੱਧੇ ਘੰਟੇ ਦੀ ਜੱਦੋ-ਜਹਿਦ ਬਾਅਦ ਚੋਟੀ ਦੇ ਜਵਾਨ ਮੂਧੇ-ਮੂੰਹ ਡਿੱਗੇ ਪਏ ਸੀ। ਜਵਾਨੀ ਖਾਕ ਹੋ ਗਈ ਸੀ। ਮਰਦਾਂ ਦੇ ਨਾਲ਼-ਨਾਲ਼ ਔਰਤਾਂ ਨੇ ਵੀ ਲੱਗਦੀ ਵਾਹ ਲਾਈ। ਤਲਵੰਡੀ ਦੀ ਇੱਕ ਮਰਦਾਨੀ ਔਰਤ ਹੱਥ ਵਿੱਚ ਤਲਵਾਰ ਫੜ ਕੇ 'ਮਾਈ ਭਾਗੋ' ਵਾਂਗ ਧਾੜਵੀਆਂ ਵਾਂਗ ਵਧੀ। ਉਸਦੀਆਂ ਅੱਖਾਂ ਵਿੱਚ ਖ਼ੂਨ ਉੱਤਰ ਆਇਆ। ਉਸਨੇ ਦੁਸ਼ਮਣ ਨੂੰ ਲਲਕਾਰਿਆਂ ਅਤੇ ਵੰਗਾਰਿਆ-

"ਆਉ...ਕਰੋ ਹਮਲਾ ਤੇ ਨਿਭਾਓ ਆਪਣਾ ਧਰਮ ਤੁਸੀਂ ਕਿਉਂ ਪਿੱਛੇ ਰਹਿੰਦੇ ਹੋ!"

ਉਸਦੀ ਦਹਾੜ ਨੇ ਸਾਰੇ ਹਮਲਾਵਰਾਂ ਨੂੰ ਪਿੱਛੇ ਧੱਕ ਦਿੱਤਾ। ਇਹ ਮਰਦਾਨੀ ਤਲਵੰਡੀ (ਨੇੜੇ ਬੁਢਲਾਡਾ) ਦੇ ਪਟਵਾਰੀ ਮੁਹੰਮਦ ਅਲੀ ਦੀ ਪਤਨੀ ਸੀ। ਮੁਹੰਮਦ ਅਲੀ ਅਤੇ ਉਸਦੇ ਦੋ ਮੁੰਡਿਆਂ ਨੂੰ ਤਾਂ ਤਲਵੰਡੀ ਪਿੰਡ ਦੇ ਹੀ ਪੁਰਾਣੀ ਰੰਜਿਸ਼ ਵਾਲੇ ਸਰਦਾਰਾਂ ਨੇ ਮਾਰ ਮੁਕਾਇਆ ਸੀ। ਪਰਵੀਨ ਬੇਗ਼ਮ ਦਾ ਤਾਂ ਸਭ ਕੁੱਝ ਹੀ ਤਾਂ ਖ਼ਤਮ ਹੋ ਗਿਆ ਸੀ ਪਰ ਗੁਰਬਾਣੀ ਵਿੱਚ ਅਥਾਹ ਵਿਸ਼ਵਾਸ਼ ਰੱਖਣ ਵਾਲੀ ਬੇਗਮ, ਪੁਰਜਾ-ਪੁਰਜਾ ਕੱਟ ਕੇ ਮਰ ਜਾਣ ਨੂੰ ਤਰਜੀਹ ਦੇ ਰਹੀ ਸੀ, ਉਹ ਮੈਦਾਨ ਨਹੀਂ ਸੀ ਛੱਡਣਾ ਚਾਹੁੰਦੀ। ਜਖ਼ਮੀ ਹੋਈ ਬੇਗ਼ਮ ਦੀ ਤਲਵਾਰ ਅਜੇ ਵੀ ਹਵਾ ਵਿੱਚ ਲਹਿਰਾ ਰਹੀ ਸੀ। ਉਸਦੀ ਤਲਵਾਰ ਉੱਤੇ ਲਹੂ ਅਤੇ ਮੀਂਹ ਦੀਆਂ ਰਲਵੀਆਂ-ਮਿਲਵੀਆਂ ਬੂੰਦਾਂ ਟਪਕ ਰਹੀਆਂ ਸੀ। ਉਸਦੀ ਤਲਵਾਰ ਦੀ ਨੋਕ ਅਸਮਾਨ ਵੱਲ ਕੀ ਹੋਈ! ਬੱਦਲੀਆਂ ਖਿੰਡ ਗਈਆਂ, ਸੱਤਰੰਗੀ ਪੀਂਘ ਅਸਮਾਨ ਵਿੱਚ ਹੀ ਘੁੱਲ ਗਈ।

ਅਚਾਨਕ ਪੀਰਾਂਵਾਲੀ ਵੱਲੋਂ ਆਏ ਲੁਟੇਰਿਆਂ ਦੇ ਦਲ ਨੇ ਪਿੱਛੋਂ ਕਾਇਰਾਨਾ ਹਮਲਾ ਕੀਤਾ। ਤੇਜ਼ੀ ਨਾਲ ਕੀਤੇ ਵਾਰ ਨੇ ਬੇਗ਼ਮ ਨੂੰ ਚਿੱਤ ਕਰ ਦਿੱਤਾ। ਚੌੜੇ ਅਤੇ ਕਾਲ਼ੇ ਮੱਥੇ ਵਾਲੇ ਹਮਲਾਵਾਰ ਨੇ ਦੋਵੇਂ ਹੱਥ ਜੋੜ ਕੇ ਇੰਨੀ ਤੇਜ਼ੀ ਅਤੇ ਤਾਕਤ ਨਾਲ ਹਮਲਾ ਕੀਤਾ ਕਿ ਬਰਛਾ ਬੇਗ਼ਮ ਦੀ ਨਾਭੀ ਨੂੰ ਪਾੜ ਕੇ ਬਾਹਰ ਆ ਨਿਕਲਿਆ।

ਸਵੇਰ ਵਾਲ਼ੇ ਲੁਟੇਰੇ ਪਿੱਛਾ ਕਰਦੇ, ਪੀਰਾਂਵਾਲੀ ਦੀ ਬੇਗੋ ਨੂੰ ਲੱਭਦੇ ਫਿਰਦੇ

ਸੀ।

"ਵੇਖ, ਅੱਗੇ ਹੋ ਕੇ ਵੇਖ ..."

"ਸਿਆਣ ਚੀ ਨੀ ਆਉਂਦੀ !"

"ਅਗਲਿਆਂ ਗੱਡਿਆਂ ਕੋਲ਼ ਤਾਂ ਵੇਖ।"

ਪਰ ਗੁਲਾਬ ਦੇ ਫੁੱਲ ਵਰਗਾ, ਮਹਿਕਾਂ ਵੰਡਦਾ ਬੇਗੋ ਦਾ ਚਿਹਰਾ ਹੁਣ ਕੁਮਲ਼ਾ ਗਿਆ ਸੀ।

ਲੱਭਦੇ-ਲੱਭਦੇ ਉਹ ਗੱਡੇ ਤਕ ਅੱਪੜ ਗਏ। ਬੇਗੋ ਨੂੰ ਗੱਡੇ 'ਚੋਂ ਘੜੀਸ ਕੇ ਲੈ ਗਏ। ਬੇਗੋ ਛੁਡਾ-ਛੁਡਾ ਕੇ ਗੱਡੇ ਵੱਲ ਜਾਵੇ।

"ਸਾਲ਼ੀ ਚੱਚਰ ਕਰਦੀ ਐ। ਮੈਨੂੰ ਕਰਨੀ ਪਊ ਲੋਟ।" ਆਖ ਮਧਰੇ ਕੱਦ ਵਾਲ਼ੇ ਨੇ, ਕਮਰ ਕੋਲ਼ੋਂ ਵਲ਼ੇਵਾਂ ਪਾ, ਜੱਫਾ ਮਾਰਿਆ ਤੇ ਚੁੱਕ ਕੇ ਕਮਾਦ ਵਿੱਚ ਲੈ ਗਿਆ। ਸਿਰ ਤੋਂ ਪਰਨਾ ਉਤਾਰ ਕੇ, ਉਸਦਾ ਮੂੰਹ ਬੰਨ੍ਹ ਦਿੱਤਾ। ਬੇਗੋ ਦਾ ਸਾਹ ਘੁੱਟਿਆ ਗਿਆ। ਉਹ ਅੰਤਮ ਦਮ ਤਕ ਲੜਦੀ ਗਈ।

ਅਚਾਨਕ ਬਿਜਲੀ ਲਿਸ਼ਕੀ, ਬਿਜਲੀ ਲਿਸ਼ਕਣ ਤੋਂ ਬਾਅਦ ਹਨੇਰਾ ਜਿਹਾ ਹੋ ਗਿਆ। ਕਮਾਦ 'ਚ ਲਾਸ਼ ਬਣ ਲਿਟੀ ਪਈ ਬੇਗੋ, ਆਪਣੇ ਲਈ ਮੌਤ ਮੰਗਣ ਲੱਗੀ ਪਰ ਹਵਸ ਦੇ ਭੁੱਖੇ ਸ਼ਿਕਾਰੀ, ਉਸ 'ਤੇ ਜੰਗਲੀ ਕੁੱਤਿਆਂ ਵਾਂਗੂ ਟੁੱਟ ਕੇ ਪੈ ਗਏ। ਖੁੱਲ੍ਹੀ ਮੂਹਰੀ ਵਾਲ਼ੀ ਸਲਵਾਰ ਅਤੇ ਟਿੱਚ ਬਟਨਾਂ ਵਾਲ਼ੀ ਕਮੀਜ਼ ਲੀਰੋ-ਲੀਰ ਹੋ ਗਈ।

ਜੇ ਬਾਹਰ ਮੁਸਲਮਾਨਾਂ ਦਾ ਯੁੱਧ ਚੱਲ ਰਿਹਾ ਸੀ ਤਾਂ ਇੱਧਰ ਬੇਗੋ ਦੇ ਅੰਦਰ ਵੀ ਇੱਕ ਯੁੱਧ ਚੱਲ ਰਿਹਾ ਸੀ। ਆਖ਼ਰ ਬੇਗੋ ਜਿਉਂਦੀ ਲਾਸ਼ ਬਣ ਕੇ ਰਹਿ ਗਈ।

ਕੁੱਝ ਸਮੇਂ ਬਾਅਦ ਮੀਂਹ ਰੁਕ ਗਿਆ। ਬੱਦਲ਼ ਵੀ ਆਪਣੀ ਰਾਹ ਪੈ ਗਏ। ਸਭ ਕੁੱਝ ਸ਼ਾਂਤ ਹੋ ਗਿਆ ਪਰ ਲੋਥਾਂ ਦਾ ਢੇਰ ਲੱਗ ਗਿਆ ਸੀ। ਧੋਰੀ ਖਾਲ਼ ਵਿੱਚ ਵਗਦੇ ਪਾਣੀ ਵਾਂਗ, ਲਹੂ ਨਿਵਾਣ ਵੱਲ ਰਸਤਾ ਬਣਾ ਕੇ ਛੱਪੜ ਵਿੱਚ ਜਾ ਰਲਿਆ। ਛੱਪੜ ਦਾ ਪਾਣੀ ਵੀ ਰੰਗ ਵਟਾ ਗਿਆ ਸੀ। ਸ਼ਰਮਸ਼ਾਰ ਹੋਏ ਪਾਣੀ ਨੇ ਆਪਣੀ ਹੋਂਦ ਗੁਆ ਲਈ ਸੀ।

"ਹੁਣ ਤਾਂ ਤੇਰੇ ਵੀ ਕਾਲ਼ਜੇ ਠੰਢ ਪੈਗੀ ਹੋਣੀ ! ਤੂੰ ਵੀ ਜਸ਼ਨ ਮਨਾ ਲੈ ਵੈਰੀਆ।" ਪੀਰਾਂਵਾਲੀ ਦੇ ਬਜ਼ੁਰਗ ਨੇ ਰੱਬ ਨੂੰ ਮੇਹਣਾ ਮਾਰਿਆ। ਬੁੱਢੇ ਬਜ਼ੁਰਗ ਤੋਂ ਇਹ ਸਭ ਆਪਣੀਆਂ ਅੱਖਾਂ ਦੇ ਸਾਹਮਣੇ ਝੱਲਿਆ ਨਹੀਂ ਸੀ ਜਾ ਰਿਹਾ। ਜਵਾਨ ਪੁੱਤ ਧਾੜਵੀਆਂ ਨੇ ਮਾਰ ਦਿੱਤਾ; ਪੋਤੀ ਰਸਤੇ 'ਚ ਹੀ ਮਾਰ ਦਿੱਤੀ ਗਈ। ਕਿੰਨੀ ਚੁਲਬੁਲੀ ਸੀ, ਉਸਦੀ ਪੋਤੀ- ਤਾਨੀਆ। ਦਾਦੇ ਦੇ ਗਲ ਦਾ ਹਾਰ ਬਣੀ ਰਹਿੰਦੀ ਸੀ। ਚੌੜ-ਚੌੜ ਵਿੱਚ ਦਾਦੇ ਦੀ ਦਾੜ੍ਹੀ ਵਿੱਚ ਹੱਥ ਮਾਰਦੀ। ਦਾਦਾ ਮੂੜ੍ਹੇ 'ਤੇ ਬੈਠਾ, ਉਸਨੂੰ ਉਤਾਂਹ ਉਲਾਰਦਾ, ਤਾਂ ਹੋਰ ਵੀ ਜ਼ਿਆਦਾ ਖਿੜਖਿੜਾਉਂਦੀ। ਪੁੱਤ ਅਤੇ ਪੋਤੀ ਨੂੰ ਗੁਆਉਣ ਤੋਂ ਬਾਅਦ, ਨੂੰਹ ਬੇਗੋ ਵੀ ਕਾਮ ਦੇ ਭੁੱਖਿਆ ਦੇ ਵੱਸ ਪੈ ਗਈ। ਹੁਣ ਰਹਿ ਵੀ ਕੀ ਗਿਆ ਸੀ, ਉਸ ਕੋਲ਼ ਲੁਟਾਉਣ ਨੂੰ !

ਹੁਣ ਤਾਂ ਲੁੱਟਣ ਵਾਲ਼ਾ ਵੀ ਕੋਈ ਨਹੀਂ ਸੀ। ਲੁੱਟਣ ਵਾਲ਼ੇ ਤਾਂ, ਲੁੱਟ ਕੇ ਜਾ

ਚੁੱਕੇ ਸੀ। ਹੁਣ ਤਾਂ ਸਿਰਫ਼ ਲੁੱਟੇ ਗਏ ਹੀ ਬਾਕੀ ਬਚੇ ਸੀ। ਕਾਲੀ ਖਾਂ, ਰਫੀਕ ਅਤੇ ਬਸੀਰਾਂ ਵੀ ਇਸੇ ਭੀੜ 'ਚ ਕਿੱਧਰੇ ਗੁਆਚ ਗਏ ਸੀ।

ਅਧੂਰਾ ਕਾਫਲਾ ਘੱਗਰ ਨਦੀ ਕੋਲ਼ ਪਹੁੰਚ ਗਿਆ। ਬਰਸਾਤਾਂ ਕਾਰਨ ਘੱਗਰ ਦਾ ਪਾਣੀ ਵੀ ਚੜ੍ਹ ਗਿਆ। ਤੰਗ ਪੁਲ਼ ਤੋਂ ਲੰਘਦਿਆਂ ਕਈਆਂ ਨੇ ਹੌਸਲੇ ਨਾਲ਼ ਸਰ ਕੀਤਾ। ਬਹੁਤੇ ਅਣਖ ਵਾਲ਼ੇ, ਜਿਨ੍ਹਾਂ ਦਾ ਲਾਹੌਰ ਲੁੱਟਿਆ ਜਾ ਚੁੱਕਾ ਸੀ, ਉਹ ਘੱਗਰ ਦੇ ਪਾਣੀ 'ਚ ਹੀ ਛਾਲ਼ ਮਾਰ ਕੇ ਮਰ ਗਏ।

ਪੀਰਾਂਵਾਲੀ ਦਾ ਬਜ਼ੁਰਗ ਵੀ ਘੱਗਰ ਕੋਲ਼ ਜਾ ਕੇ ਆਪਣੇ-ਆਪ ਨਾਲ਼ ਬੋਲਿਆ -"ਰੱਬਾ ! ਅਗਲੇ ਜਨਮ 'ਚ ਮੈਂ ਮੁਸਲਮਾਨ ਨਾ ਹੋਵਾਂ।"

ਫਿਰ ਉਸਨੇ ਅੱਖਾਂ ਮੀਚ ਘੱਗਰ 'ਚ ਛਾਲ਼ ਮਾਰੀ। ਘੱਗਰ ਨੂੰ ਕੀ ਫਰਕ ਪੈਣਾ ਸੀ ! ਉਹ ਤਾਂ ਵਗਦਾ ਹੀ ਜਾ ਰਿਹਾ ਸੀ। ਪਿਛਲੇ ਪਿੰਡਾਂ 'ਚ ਹੋਈ ਵੱਢਾ-ਟੁੱਕੀ ਕਾਰਨ, ਘੱਗਰ ਦਾ ਪਾਣੀ ਵੀ ਲਾਲ ਹੋ ਗਿਆ। ਘੱਗਰ ਦੇ ਪਾਣੀ ਵਾਂਗ, ਬਚਿਆ-ਖੁਚਿਆ ਕਾਫ਼ਲਾ ਵੀ, ਦਿਸ਼ਾਹੀਣ ਹੋ ਕੇ ਅੱਗੇ ਬੀਗੜ ਨੂੰ ਚੱਲ ਪਿਆ, ਕਿਸੇ ਨਵੀਂ ਜ਼ਿੰਦਗੀ ਦੀ ਤਲਾਸ਼ ਵਿੱਚ। ਪੀਰਾਂਵਾਲੀ 'ਚੋਂ ਤਾਂ ਖੁਰਾ-ਖੋਜ ਮਿਟ ਗਿਆ ਸੀ।

ਪੀਰਾਂਵਾਲੀ ਅੱਧਾ ਖਾਲੀ ਹੋ ਗਿਆ। ਪੀਰ ਪਿੰਡ ਦੇ ਮਾਲਕ ਸੀ, ਮਾਲਕ ਹੀ ਘਰ ਛੱਡ ਗਏ। ਮਸੀਤ ਸੁੰਨੀ ਹੋ ਗਈ। ਅੱਜ ਮਸੀਤ ਵਿੱਚ ਕਿਸੇ ਮੁਸਲਮਾਨ ਦੀ ਆਵਾਜ਼ ਸੁਣਾਈ ਨਹੀਂ ਸੀ ਦੇ ਰਹੀ। ਪਹਿਲਾਂ ਮਸੀਤ 'ਚ ਅੱਠੋ ਪਹਿਰ ਰੌਣਕ ਰਹਿੰਦੀ ਸੀ।

ਪਿੰਡ 'ਚ ਇੱਕ ਖਾਸ ਕਿਸਮ ਦੀ ਚੁੱਪ ਪਸਰ ਗਈ, ਜਿਹੜੀ ਚੁੱਪ ਰਹਿ ਕੇ ਵੀ ਕਿੰਨਾ ਸ਼ੋਰ ਕਰ ਰਹੀ ਸੀ ।

ਗੁਰਮੁਖ ਵੀ ਸਾਰੀ ਰਾਤ ਸੌਂ ਨਹੀਂ ਸੀ ਸਕਿਆ। ਘੂਤਰ ਤਾਂ ਕਦੋਂ ਦਾ ਉੱਠ ਕੇ ਕਾਲੀ ਪੋਸ਼ ਪਟਵਾਰੀ ਨੂੰ ਆਪਣੇ ਊਠ 'ਤੇ ਬਿਠਾ, ਘੱਗਰ ਪਾਰ ਕਰਾਉਣ ਚਲਾ ਗਿਆ।

ਜਾਣ ਤੋਂ ਪਹਿਲਾ ਗੁਰਮੁਖ ਨੂੰ ਆਖ ਕੇ ਗਿਆ ਸੀ -"ਚੰਗਾ ਬਈ ਮਸੇਰਾ, ਮੈਂ ਚੱਲਿਆ, ਪਟਵਾਰੀ ਹੋਰ ਨੂੰ ਛੱਡ ਆਮਾਂ। ਰੋਟੀ-ਪਾਣੀ ਛਕ ਕੇ ਜਾਈਂ ਤੂੰ ਵੀ।"

ਘੂਤਰ ਤਾਂ ਊਠ ਖੋਲ੍ਹ ਕੇ ਕਦੋਂ ਦਾ ਜਾ ਚੁੱਕਾ ਸੀ। ਜਾਣ ਲਈ ਗੁਰਮੁਖ ਵੀ ਕਾਹਲ਼ਾ ਸੀ। ਨੀਰੇ ਦਾ ਟੋਕਰਾ ਭਰ ਕੇ, ਬਲ਼ਦ ਨੂੰ ਉਸ ਨੇ ਆਪ ਹੀ ਪਾ ਦਿੱਤਾ।

ਮਾਸੀ ਚੰਨੋ ਜ਼ਿਆਦਾ ਜ਼ਿੱਦ ਕਰਨ ਲੱਗੀ- "ਐਂ ਕਿਮੇ ਪੁੱਤ ! ਰੋਟੀ ਛਕ ਕੇ ਜਾਈਂ, ਬਣਾਈ ਜਾਂਦੀ ਐ ਤੇਰੀ ਭਾਬੀ।"

ਮਾਸੀ ਦੇ ਪਿਆਰ ਨੇ ਉਸ ਨੂੰ ਰੋਕ ਲਿਆ। ਭਾਬੀ ਦੇ ਹੱਥੀਂ ਬਣੀ, ਪਾਣੀ ਹੱਥ ਦੀ ਰੋਟੀ ਚਿੱਬੜ੍ਹਾਂ ਦੀ ਚਟਣੀ ਨਾਲ ਖਾ, ਲੱਸੀ ਦਾ ਗਿਲਾਸ ਪੀਣ ਸਾਰ ਉਸਨੂੰ ਡਕਾਰ ਆ ਗਿਆ। ਜਾਣ ਤੋਂ ਪਹਿਲਾਂ ਉਸ ਨੇ ਬਲ਼ਦਾਂ ਨੂੰ ਪਾਣੀ

ਦਿਖਾਇਆ।

"ਚੰਗਾ ਮਾਸੀ, ਮੈਨੂੰ ਵੀ ਜਾਣ ਦੇ ਹੁਣ।" ਮਾਸੀ ਦੇ ਪੈਰੀਂ ਹੱਥ ਲਾ ਅਤੇ ਭਾਬੀਆਂ ਨੂੰ ਸਲਾਮ ਕਰਦਾ, ਉਹ ਕਾਹਨਗੜ੍ਹ ਚੱਲ ਪਿਆ।

———

ਰਸਤੇ 'ਚ ਥਾਂ-ਥਾਂ 'ਤੇ ਲੀਰਾਂ ਖਿੰਡੀਆਂ ਪਈਆਂ ਸੀ। ਸ਼ਾਇਦ ਕੋਈ ਕਾਫ਼ਲਾ ਏਧਰੋਂ ਦੀ ਵੀ ਲੰਘਿਆ ਹੋਣਾ।

"ਪਤਾ ਨੀ ਪੰਜਾਬੇ ਹੋਰੀਂ ਕਿਮੇ ਹੋਣੇ ! ਵਾਖਰੂ, ਸੁੱਖ ਰੱਖੀਂ।" ਉਹ ਇਕੱਲਾ ਹੀ ਬੋਲਦਾ ਜਾ ਰਿਹਾ ਸੀ।

ਪੱਠਿਆਂ ਨਾਲ਼ ਰੱਜੇ ਬਲ਼ਦ, ਆਪਣੇ ਮਤੇ ਹੌਲ਼ੀ ਚੱਲ ਰਹੇ ਸੀ। ਥੱਕੇ ਹੋਏ ਬਲ਼ਦਾਂ ਦੀ ਰੇਤ ਵਿੱਚ ਤੋਰ ਪਹਿਲਾਂ ਨਾਲ਼ੋਂ ਵੀ ਮੱਠੀ ਪੈ ਗਈ ਸੀ। ਉਹ ਗੁਰਮੁਖ ਅੰਦਰਲੀ ਕਾਹਲ਼ ਨੂੰ ਕਿਵੇਂ ਸਮਝਦੇ ! ਚੱਕ ਅਲੀਸ਼ੇਰ ਦੀਆਂ ਝੋਤਾਂ ਵੱਲ ਉਸ ਨੂੰ ਰੌਲ਼ਾ-ਰੱਪਾ ਸੁਣਾਈ ਦਿੱਤਾ ਪਰ ਉੱਚੇ ਲੰਮੇ ਸਰਕੜੇ ਦੀ ਓਟ 'ਚ, ਵਿਖਾਈ ਕੁੱਝ ਨਾ ਦਿੱਤਾ। ਗੁਰਮੁਖ ਨੇ ਗੱਡਾ ਕੁੱਝ ਚਿਰ ਰੋਕਣ ਬਾਅਦ ਤੋਰ ਲਿਆ।

ਚੱਕ ਤੋਂ ਭਾਵੇ ਤਕ ਸਾਰਾ ਰਸਤਾ ਖ਼ਰਾਬ ਸੀ। ਗੋਡੇ ਗੋਡੇ ਰੇਤਾ ਹੋਣ ਕਾਰਨ ਬਲ਼ਦਾਂ ਲਈ ਵੀ ਤੁਰਨਾ ਔਖਾ ਹੋ ਗਿਆ। ਉਹ ਹੌਂਕਣ ਲੱਗ ਪਏ। ਅਚਾਨਕ ਮਲ੍ਹੇ-ਝਾੜੀਆਂ ਕੋਲ਼ੋਂ ਕਿਸੇ ਮਾਸੂਮ ਦੇ ਰੋਣ ਦੀ ਆਵਾਜ਼ ਆਈ। ਉਸਨੇ ਗੱਡਾ ਰੋਕ ਲਿਆ।

ਬਲ਼ਦ ਵੀ ਰੁਕਣ ਸਾਰ ਹੌਲ਼ਾ ਹੋਣ ਲੱਗ ਗਏ। ਬਲ਼ਦਾਂ ਨੇ ਖੁੱਲ੍ਹ ਕੇ ਪਿਸ਼ਾਬ ਕੀਤਾ ਜਿਹੜਾ ਕੱਕੇ ਰੇਤ 'ਚ ਹੀ ਜਜ਼ਬ ਹੋ ਗਿਆ।

ਗੁਰਮੁਖ ਨੇ ਪਰ੍ਹਾਂ ਜਾ ਕੇ ਵੇਖਿਆ, ਵੇਖਦਿਆਂ ਹੀ ਉਸਦਾ ਗੱਚ ਭਰ ਆਇਆ। ਮਲੂਕ ਜਿਹਾ ਬਲੂਰ ਮਾਂ ਦੀ ਦੁੱਧੀ 'ਤੇ ਪੁਚਕ-ਪੁਚਕ ਮੂੰਹ ਮਾਰ ਰਿਹਾ ਸੀ। ਮਾਂ ਤਾਂ ਕੋਲ਼ ਨਿਢਾਲ਼ ਪਈ ਸੀ, ਮੂੰਹ ਰੇਤ 'ਚ ਧਸਿਆ ਪਿਆ ਸੀ। ਗੁਰਮੁਖ ਨੇ ਮੱਥੇ ਨੂੰ ਫੜ ਕੇ ਮੂੰਹ ਘੁਮਾਇਆ ਤਾਂ ਗਰਦਨ ਨਾਲ਼ ਦੀ ਨਾਲ਼ ਦੂਜੇ ਪਾਸੇ ਲਟਕ ਗਈ। ਮਾਂ ਦੇ ਪਿੰਡੇ 'ਤੇ ਕਿੰਨੀਆਂ ਹੀ ਖਰੋਚਾਂ ਆਈਆਂ ਪਈਆਂ ਸੀ। ਦੁੱਧ ਆਉਣਾ ਤਾਂ ਬੰਦ ਹੋ ਗਿਆ ਸੀ। ਬੱਚੇ ਦੇ ਬੁੱਲ੍ਹ ਸੁੱਕੇ ਪਏ ਸੀ। ਮਾਂ ਦਾ ਲਾਲ ਦੁਪੱਟਾ ਝਾੜੀਆਂ 'ਚ ਉਲਝਿਆ ਪਿਆ ਸੀ।

ਗੁਰਮੁਖ ਨੇ ਪਰਨਾ ਸਿਰ ਤੋਂ ਉਤਾਰ ਕੇ, ਮਾਂ ਦਾ ਨੰਗ ਢਕ ਦਿੱਤਾ। ਬਲੂਰ ਨੂੰ ਚੁੱਕ ਕੇ ਮੋਢੇ ਨਾਲ ਲਾਇਆ। ਬਲੂਰ ਦੇ ਕੂਲ਼ੇ ਹੱਥਾਂ ਨੇ ਜਦ ਗੁਰਮੁਖ ਦੇ ਮੂੰਹ ਨੂੰ ਸਪਰਸ਼ ਕੀਤਾ ਤਾਂ ਉਸਦੇ ਅੰਦਰੋਂ ਹੂਕ ਜਿਹੀ ਨਿਕਲ਼ੀ।

ਬੱਚੇ ਦਾ ਰੋਣਾ ਬੰਦ ਹੋ ਗਿਆ।

ਉਸਨੇ ਪਾਣੀ ਵਾਲ਼ੇ ਡੋਲੂ 'ਚੋਂ ਬੁੱਕ ਭਰ, ਬੱਚੇ ਦੇ ਬੁੱਲ੍ਹ ਗਿੱਲੇ ਕੀਤੇ ਤਾਂ ਉਸਦੇ ਸਾਹ ਚੱਲ ਪਏ।

"ਹੁਣ ਇੱਥੇ ਖੜ੍ਹੇ ਰਹਿਣਾ ਠੀਕ ਨਹੀਂ।" ਬੱਚੇ ਨੂੰ ਕੁੱਛੜ 'ਚ ਲੈ, ਉਸ ਨੇ

ਬਲ਼ਦ ਤੋਰ ਲਏ। ਰੇਤੇ ਨੂੰ ਧੂੰਹਦੇ ਬਲ਼ਦ, ਕਾਹਨਗੜ੍ਹ ਦੀ ਜੂਹ ਵਿੱਚ ਦਾਖਲ ਹੋ ਗਏ। ਉਹ ਇੱਕ ਦਿਨ ਬਾਅਦ ਪਿੰਡ 'ਚ ਕੀ ਵੜਿਆ ! ਕਾਲੀ ਦੀ ਭੱਠੀ ਹੀ ਕਿਧਰੇ ਅਲੋਪ ਹੋ ਗਈ। ਜਿਸਨੂੰ ਵੇਖਣ ਦੀ ਤਾਂਘ ਸੀ, ਉਹ ਗ਼ੈਰ-ਹਾਜ਼ਰ ਸੀ। ਆਂਢੀਆਂ-ਗੁਆਂਢੀਆਂ ਨੇ ਸਾਰੀ ਥਾਂ ਮੱਲ ਲਈ।

"ਸਾਲ਼ੇ, 'ਜਾੜਾ ਹੀ ਭਾਲ਼ਦੇ ਸੀ।" ਉਸਨੂੰ ਹਰਖ ਆਇਆ।

ਉਸਨੇ ਬਾਗਲ਼ 'ਚ ਜਾ ਕੇ ਬਲ਼ਦ ਅਤੇ ਗੱਡਾ ਖੁੱਲ੍ਹਾ ਹੀ ਛੱਡ ਦਿੱਤਾ। ਘਰ ਅੰਦਰ ਵੜਦਿਆਂ ਸਾਰ ਵੇਖਿਆ, ਛੰਨੋ ਪੰਜਾਬੇ ਦਾ ਸਿਰ ਘੁੱਟ ਰਹੀ ਸੀ।

"ਹੋਰ ਠੀਕ ਐ ਸਭ ?" ਗੁਰਮੁਖ ਨੇ ਪਾਂਦ 'ਤੇ ਬੈਠਦਿਆਂ ਪੁੱਛਿਆ।

"ਠੀਕ ਐ ਸਭ। ਆਹ ਕੌਣ ਐ ?" ਛੰਨੋ ਮੰਜੇ ਤੋਂ ਉੱਠ ਹੇਠਾਂ ਪੀੜ੍ਹੀ 'ਤੇ ਬੈਠ ਗਈ। ਪਰ ਉਸ ਦੇ ਕਹਾਣੀ ਸਮਝ ਨਹੀਂ ਸੀ ਆ ਰਹੀ। ਦੋ ਦਿਨ ਤੋਂ ਖੇਤ ਵੀ ਨਹੀਂ ਗਈ। ਪੰਜਾਬ ਨੇ ਬੱਚੇ ਵੱਲ ਤੱਕਿਆ ਪਰ ਬੋਲਿਆ ਕੁੱਝ ਨਾ ਜਾਂ ਤੇਜ਼ ਬੁਖਾਰ ਕਾਰਨ ਉਸ ਤੋਂ ਬੋਲਿਆ ਹੀ ਨਹੀਂ ਸੀ ਗਿਆ।

ਛੰਨੋ ਪਾਣੀ ਲੈ ਆਈ।

"ਪਹਿਲਾਂ ਏਹਦੇ, ਬਲੂਰ ਦੇ ਮੂੰਹ ਨੂੰ ਲਾ ਪਾਣੀ।" ਬੱਚਾ ਛੰਨੋ ਨੂੰ ਫੜਾ ਉਹ ਆਪ ਤੌੜੇ ਕੋਲ਼ ਚਲਾ ਗਿਆ।

ਛੰਨੋ ਨੇ ਮੂੰਹ ਨੂੰ ਪਾਣੀ ਲਾਇਆ। ਫਿਰ ਗੁਰਮੁਖ ਨੂੰ ਫੜਾ ਦੁੱਧ ਧਰਨ ਚਲੀ ਗਈ।

"ਪੰਜਾਬ ਪੁੱਤ ! ਤੂੰ ਠੀਕ ਐਂ !" ਪੁੱਛਦਿਆਂ ਹੀ ਉਸਨੇ ਹਾਂ ਵਿੱਚ ਸਿਰ ਹਿਲਾਇਆ।

"ਰਫੀਕ ਬਾਪੂ !" ਪੰਜਾਬ ਫਿਰ ਹੌਲ਼ੀ ਜਿਹੀ ਬੋਲਿਆ।

"ਆਵਦੇ ਮਾਮੇ ਕੋਲ਼ ਗਿਐ ਪੁੱਤ, ਪੰਜ-ਸੱਤ ਦਿਨ ਤਕ ਆਜੂ।" ਬਾਪੂ ਕੋਲ਼ ਵੀ ਦਿਲਾਸਾ ਦੇਣ ਤੋਂ ਬਿਨਾਂ ਹੋਰ ਕੁੱਝ ਨਹੀਂ ਸੀ।

ਏਨੇ ਨੂੰ ਛੰਨੋ ਦੁੱਧ ਠਾਰ ਲਿਆਈ। ਗੁਰਮੁਖ ਨੇ ਕਾਕੂ ਛੰਨੋ ਨੂੰ ਫੜਾ ਦਿੱਤਾ ਤੇ ਆਪ ਪੰਜਾਬ ਦੀਆਂ ਲੱਤਾਂ ਬੋਚਣ ਲੱਗ ਪਿਆ।

ਆਹ ਕੀ ! ਛੰਨੋ ਨੇ ਦੁੱਧ ਮੂੰਹ ਨੂੰ ਲਾਇਆ ਹੀ ਸੀ, ਸਾਰਾ ਦੁੱਧ ਬਾਹਰ ਹੀ ਆ ਗਿਆ। ਉਸਨੇ ਹੱਥ ਨਾਲ਼ ਛਾਤੀ ਨੂੰ ਟੋਹਿਆ। ਧੜਕਣ ਬੰਦ ਹੋ ਗਈ।

"ਬਚਿਆ ਨੀ ਫੇਰ ਕੋਹੜੀ ! ਮੈਂ ਤਾਂ ਬਥੇਰਾ ਜੋਰ ਲਾਇਆ।" ਗੁਰਮੁਖ ਦਾ ਵੀ ਮਨ ਦੁਖੀ ਹੋਇਆ।

"ਮਾਂ ਬਿਨਾਂ ਕਿੱਥੇ ਰਹਿੰਦੈ ਜਵਾਕ ! ਪੰਜਾਬ ਦੇ ਬਾਪੂ।" ਦੁਖੀ ਛੰਨੋ ਵੀ ਹੋਈ।

"ਵਕਤ ਦੀ ਕਾਲੀ ਹਨੇਰੀ ਨੇ ਇਹਦੇ ਸਾਹ ਪੀ ਲਏ। ਮਾਂ ਪਹਿਲਾਂ ਤੁਰਗੀ ਤੇ ਇਹ ਪਿੱਛੋਂ।" ਗੁਰਮੁਖ ਦੀਆਂ ਨਜ਼ਰਾਂ ਮੂਹਰੇ, ਉਹ ਅੱਲੜ੍ਹ ਮੁਟਿਆਰ ਅਜੇ ਵੀ ਘੁੰਮ ਰਹੀ ਸੀ।

ਛੰਨੋ ਦੇ ਪੁੱਛਣ ਤੋਂ ਪਹਿਲਾਂ ਹੀ ਉਸਨੇ ਸਾਰੀ ਗੱਲ ਖੋਲ੍ਹ ਕੇ ਦੱਸ ਦਿੱਤੀ।

"ਬੱਸ ! ਰਹਿਣ ਦੇ ਪੰਜਾਬ ਦੇ ਬਾਪੂ, ਮੈਥੋਂ ਹੋਰ ਨੀ ਝੱਲਿਆ ਜਾਂਦਾ।" ਛੰਨੋ ਦਾ ਨਰਮ ਦਿਲ, ਦਰਦੀਆਂ ਦੇ ਹੋਰ ਦਰਦ ਨਹੀਂ ਸੀ ਸੁਣ ਸਕਦਾ। ਮੁਜਾਰਾ ਲਹਿਰ 'ਚ ਮੁੱਢਲਾ ਰੋਲ ਨਿਭਾਉਣ ਵਾਲ਼ੀ ਛੰਨੋ, ਆਜ਼ਾਦੀ ਤੋਂ ਬਾਅਦ ਤਾਂ ਕਾਫੀ ਬਦਲ ਗਈ ਸੀ।

"ਮੈਂ ਹੁਣ ਮਿੱਟੀ ਨੂੰ ਮਿੱਟੀ 'ਚ ਮਿਲਾ ਆਮਾਂ।" ਆਖ ਗੁਰਮੁਖ ਸਿਵਿਆਂ ਨੂੰ ਚੱਲ ਪਿਆ।

———

ਜਦ ਤਕ ਗੁਰਮੁਖ ਸਿਵਿਆਂ ਤੋਂ ਵਾਪਸ ਪਰਤਿਆ, ਦੁਪਹਿਰ ਹੋ ਚੁੱਕੀ ਸੀ। ਸੱਥ ਵਾਲੇ ਪਿੱਪਲ ਹੇਠ ਵਿਚਾਰ-ਚਰਚਾ ਚੱਲ ਰਹੀ ਸੀ। ਹਾਲਾਤਾਂ ਦਾ ਜਾਇਜ਼ਾ ਲੈਣ ਉਹ ਸੱਥ ਨੂੰ ਮੁੜ ਗਿਆ।

"ਆ ਗਿਆ ਗੁਰਮੁਖ ਸਿਆਂ !" ਝੰਡਾ ਸਿੰਘ ਨੇ ਪਿੱਪਲ ਦੇ ਪੱਤੇ ਦੀ ਝੱਲ ਮਾਰਦਿਆਂ ਪੁੱਛਿਆ।

"ਹਾਂ ਬਾਈ, ਕਰ ਆਇਆ ਵਿਦਾ।" ਆਖਦਿਆਂ ਉਹ ਵੀ ਥਾਂ ਵੇਖ ਬੈਠ ਗਿਆ।

"ਸਭ ਸੁੱਖ-ਸਾਂਦ ਤਾਂ ਹੈ !" ਦੇਸੂ ਚਮਾਰ ਨੇ ਪੁੱਛਿਆ। ਕੰਮ ਨੂੰ ਛੱਡ ਉਹ ਵੀ ਹੁਣ ਸੱਥ ਨਾਲ਼ ਹੀ ਜੁੜ ਗਿਆ ਸੀ।

"ਸੁੱਖ ਤਾਂ ਸਾਨੂੰ ਸਾਰਿਆਂ ਨੂੰ ਦਿਸੀ ਜਾਂਦੀ ਐ।" ਦੇਸੂ ਨੇ ਪੁੱਛਿਆ ਤਾਂ ਗੁਰਮੁਖ ਢਿੱਲਾ ਜਿਹਾ ਬੋਲਿਆ।

"ਸੁਣਾ ਕੋਈ ਓਧਰ ਦੀ।" ਸਾਰੇ ਉਸਦੀ ਗੱਲ ਸੁਣਨ ਲਈ ਤਿਆਰ ਹੋ ਗਏ।

ਗੁਰਮੁਖ ਨੇ ਧੁਰ ਤੋਂ ਸਾਰੀ ਵਿਥਿਆ ਸੁਣਾਉਣੀ ਸ਼ੁਰੂ ਕੀਤੀ - "ਲੈ ਬਈ ਸੁਣੋ ਫੇਰ ਸਾਰੀ ਕਹਾਣੀ ....."

ਗੁਰਮੁਖ ਨੇ ਜਾਨੀ ਚੋਰ ਦੀ ਵਿਥਿਆ ਵਾਂਗ ਸਭ ਕੁੱਝ ਖੋਲ੍ਹ ਕੇ ਸੁਣਾ ਦਿੱਤਾ। ਹੱਡ-ਬੀਤੀ ਦੇ ਅੱਗੇ ਵਧਦਿਆਂ ਸੂਰਜ ਵੀ ਖਿਸਕਣ ਲੱਗ ਪਿਆ।

"ਰੱਬ ਭਲਾ ਕਰੇ ਬਈ ..." ਸੱਥ 'ਚ ਬੈਠੇ ਬਜ਼ੁਰਗਾਂ ਨੇ ਲੰਮਾ ਹਉਕਾ ਭਰਿਆ।

"ਦਲੇਰ ਹੋਰੀਂ ਵੀ ਗੇੜਾ ਮਾਰ ਕੇ ਗਏ ਨੇ ਤੇਰੇ ਪਿੱਛੋਂ।" ਝੰਡਾ ਸਿੰਘ ਨੇ ਦੱਸਿਆ।

"ਦੋ ਜਣੇ ਸੀ।" ਦੇਸੂ ਨੇ ਅਧੂਰਾ ਵਾਕ ਪੂਰਾ ਕੀਤਾ।

"ਅੱਛਾ! ਫੇਰ ਕੀ ਕਹਿੰਦੇ ?" ਗੁਰਮੁਖ ਜਾਣਨਾ ਚਾਹੁੰਦਾ ਸੀ।

"ਉਹ ਤਾਂ ਪਿੰਡੋਂ-ਪਿੰਡੀ ਫਿਰਦੇ ਨੇ ਸਾਂਤੀ ਦਾ ਹੋਕਾ ਦਿੰਦੇ। ਕਹਿੰਦੇ ਅਫਵਾਹਾਂ ਨਾ ਫਲਾਓ। ਸੋਚ 'ਤੇ ਪਹਿਰਾ ਦਿਓ।" ਝੰਡਾ ਸਿੰਘ ਬੋਲ ਰਿਹਾ ਸੀ।

"ਚਲੋਂ ਉਨ੍ਹਾਂ ਨੇ ਵੀ ਆਪਣਾ ਫਰਜ਼ ਨਿਭਾਉਣਾ ਹੋਇਆ। ਸ਼ਾਬਾਸ਼ੇ! ਉਹਨਾਂ ਦੇ ਕਾਰਜ ਦੇ।" ਗੁਰਮੁਖ ਨੇ ਉਨ੍ਹਾਂ ਦੇ ਕਾਰਜ ਨੂੰ ਸਲਾਹਿਆ।

"ਏਧਰ ਕਿਮੇ ਐ ! ਕਾਲੀਏ ਵਾਲ਼ਿਆਂ ਨੇ ਤਾਂ ਨੀ ਕੋਈ ਹਰਕਤ ਕੀਤੀ ?" ਗੁਰਮੁਖ ਨੂੰ ਇੱਧਰ ਦਾ ਫਿਕਰ ਵੀ ਬਣਿਆ ਹੋਇਆ ਸੀ।

"ਨਵਾਬ ਮਾਰਤਾ, ਗੱਜੂ ਹੋਰਾਂ ਨੇ .." ਝੰਡਾ ਸਿੰਘ ਨੇ ਭਰੇ ਮਨ ਨਾਲ਼ ਦੱਸਿਆ।

"ਉਏ ਪਾਪੀ ਲੋਕੋ ! ਉਏ ਤੁਸੀਂ ਮਰਜੋਂ ਉਏ ! ਥੋਡੇ ਕੀੜੇ ਪੈਣ ! ਥੋਡੀਆਂ ਕੁਲ਼ਾਂ ਤਬਾਹ ਹੋ ਜਾਣ ... ਪਾਪੀਓ, ਮੇਰੇ ਯਾਰ ਨੂੰ ਵੀ ਨੀ ਬਖਸਿਆ।" ਪੱਗ ਵਟ ਯਾਰ ਦੀ ਮੌਤ ਦੀ ਖ਼ਬਰ ਸੁਣ ਕੇ, ਉਸਦੀ ਧਾਹ ਨਿਕਲ ਗਈ। ਉਸਦਾ ਜੀਅ ਕਰੇ, ਹੁਣੇ ਹੀ ਕਾਲੀਏ ਨੂੰ ਭੱਜ ਜਾਵੇ, ਜਾ ਕੇ ਨਵਾਬ ਨੂੰ ਘੋਥਲ਼ੀ ਜਾਵੇ ਤੇ ਪੁੱਛੇ, "ਨਵਾਬ ਸਿਆਂ ! ਮੈਨੂੰ ਛੱਡ ਕੇ ਕਿੱਥੇ ਵਾਗਿਆ ! ਆਪਾਂ ਮੱਝ ਲੈਣ ਨੀ ਜਾਣਾ !"

ਕੋਲ਼ ਬੈਠੇ ਝੰਡਾ ਸਿੰਘ ਨੇ ਉਸਨੂੰ ਦਿਲਾਸਾ ਦਿੱਤਾ -"ਕੋਈ ਨਾ ਛੋਟੇ ਵੀਰ ! ਸਬਰ ਕਰ। ਜਵਾਕ-ਜੱਲੇ ਤਾਂ ਠੀਕ ਨੇ ... ਖ਼ਬਰ ਮਿਲੀ ਸੀ।"

"ਕਦ ਦੀ ਗੱਲ ਐ ?" ਆਪਣੇ-ਆਪ ਨੂੰ ਸੰਭਾਲ਼ਦਿਆਂ ਉਹਨੇ ਪੁੱਛਿਆ।

"ਕੱਲ ਸੈਂਦ ਪਰਸੋਂ ਦੀ ਗੱਲ ਐ, ਗੱਜੂ ਹੋਰਾਂ ਨੇ ਘਰ ਜਾ ਕੇ ਮਾਰਿਐ।" ਝੰਡਾ ਸਿੰਘ ਨੇ ਜਵਾਬ ਦਿੱਤਾ।

"ਬੁਲਾਡੇ ਵਾਲ਼ੀ ਤਲਵੰਡੀ ਦਾ ਵੀ ਨਾਮੋ ਨਿਸ਼ਾਨ ਮਿਟ ਗਿਆ। ਸਾਰਾ ਪਿੰਡ ਹੀ ਥੇਹ ਬਣ ਗਿਆ। ਪਤਾ ਹੀ ਨੀਂ ਲੱਗਦਾ, ਕੋਈ ਵਸਦਾ ਸੀ ਕਿ ਨਾ!" ਦੇਸੂ ਨੇ ਬੁਢਲਾਡੇ ਦੀ ਬੁੱਕਲ ਵਿੱਚ, ਚੜ੍ਹਦੇ ਵੱਲ ਪੰਜਾਬ ਦੇ ਨਕਸ਼ੇ ਤੋਂ ਹੋਂਦ ਗੁਆ ਚੁੱਕੇ ਪਿੰਡ ਤਲਵੰਡੀ ਦੀ ਗੱਲ ਸਾਂਝੀ ਕੀਤੀ। ਮੁਸਲਮਾਨਾਂ ਦੀ ਆਬਾਦੀ ਵਾਲੇ ਇਸ ਨਿੱਕੇ ਜਿਹੇ ਪਿੰਡ ਨੂੰ ਧਾੜਵੀਆਂ ਨੇ ਤਹਿਸ-ਨਹਿਸ ਕਰ ਦਿੱਤਾ।

"ਜਬਰਾ ਕਿੱਧਰ ਗਿਆ ?" ਗੁਰਮੁਖ ਨੇ ਵੇਖਿਆ, ਜਬਰਾ ਨਜ਼ਰ ਹੀ ਨਹੀਂ ਸੀ ਆ ਰਿਹਾ। ਉਸ ਬਿਨਾਂ ਵੀ ਰੌਣਕ ਨਹੀਂ ਸੀ।

"ਉਹ ਵੀ ਪਿੰਡ ਛੱਡ ਗਿਆ। ਪਹਿਲਾਂ ਰੌਣਕ ਲਾਈ ਰੱਖਦਾ ਸੀ, ਪਤਿਆਉਰਾ। ਸਹੁਰੇ ਬਿਨਾਂ ਸੱਥ ਵੀ ਚੁੱਪ ਹੋ ਗਈ।" ਝੰਡਾ ਸਿੰਘ ਨੇ ਜਬਰੇ ਬਾਰੇ ਭਾਰੇ ਮਨ ਨਾਲ਼ ਦੱਸਿਆ।

ਸੱਚਮੁੱਚ ਹੀ ਜਬਰੇ ਬਿਨਾਂ ਸੱਥ ਸੁੰਨੀ ਸੀ। ਉਹ ਕੰਨ 'ਤੇ ਹੱਥ ਧਰਕੇ, ਜਦ ਹੇਕ ਲਾ ਕੇ ਗਾਉਂਦਾ -

"ਉਏ ਤੈਂ ਭੱਜ ਜਾਵਣਾ
ਤੈਂ ਟੁੱਟ ਜਾਵਣਾ,
ਉਏ ਕੰਗਣਾ ਕੱਚ ਦਿਆ ..."

ਤਾਂ ਆਕਾਸ਼ 'ਚ ਉੱਡਦੇ ਪੰਛੀ ਵੀ ਰੁਕ ਜਾਂਦੇ, ਪਿੱਪਲ ਦੇ ਪੱਤਿਆਂ ਦੀ

ਖੜਖੜ ਬੰਦ ਹੋ ਜਾਂਦੀ। ਸੁਣਨ ਵਾਲ਼ੇ ਵੀ ਸਾਹ ਰੋਕ ਲੈਂਦੇ।

ਹਾਲਾਤ ਖ਼ਰਾਬ ਹੋਣ ਕਰਕੇ, ਉਹ ਚੁੱਪ-ਚੁਪੀਤਾ ਹੀ ਪਿੰਡ ਛੱਡ ਕੇ ਡਸਕੇ ਚਲਾ ਗਿਆ।

"ਆਹ ਡਸਕੇ ਵੀ ਭਾਈ ਜਾਨ੍ਹ ਦੇ ਮੁਸਲੇ 'ਕੱਠੇ ਹੋਈ ਜਾਂਦੇ ਨੇ।" ਵਿਸਾਖਾ ਐਨਕ ਠੀਕ ਕਰਦਾ ਬੋਲਿਆ।

"ਹੱਲਾ-ਗੁੱਲਾ ਓਥੇ ਵੀ ਇੱਕ ਲਕਤ ਮੱਚੂ।" ਝੰਡਾ ਸਿੰਘ ਨੇ ਅਨੁਮਾਨ ਲਾਇਆ।

"ਪਿੰਡ ਨੀ ਛੱਡਦੇ, ਕਹਿੰਦੇ, ਕੁਸ਼ ਮਰਜੀ ਹੋਜੇ। ਬੀਚਰੇ ਬੈਠੇ ਨੇ।" ਦੇਸੂ ਬੋਲਿਆ।

"ਕਾਲੀਏ ਵਾਲ਼ਿਆਂ 'ਚ ਵੀ ਆਹੀ ਮਰਜ ਆ।" ਝੰਡਾ ਸਿੰਘ ਦਾ ਧਿਆਨ ਕਾਲੀਏ ਵੱਲ ਚਲਾ ਗਿਆ।

"ਪਿੰਡ ਤਾਂ ਛੱਡਣਾ ਪਊ, ਉਹਨਾਂ ਦੀ ਕੋਈ ਮਾਂ ਦੇ ਸਾਰੇ ਐ।" ਝੰਡਾ ਸਿੰਘ ਦੇ ਪਰਲੇ ਪਾਸੇ ਬੈਠਾ ਮੈਲਾ ਜਿਹਾ ਬੁੜ੍ਹਾ ਬੋਲਿਆ।

"ਊਂ ਤਾਂ ਸੁੱਖ ਐ ਬਾਈ, ਕਾਲੀਏ ਆਲ਼ੇ ਪਾਸੇ ?" ਗੁਰਮੁਖ ਨੇ ਝੰਡਾ ਸਿੰਘ ਤੋਂ ਪੁੱਛਣਾ ਚਾਹਿਆ। ਇੱਕ ਦਿਨ ਬਾਹਰ ਕੀ ਰਿਹਾ, ਮਨ 'ਚ ਖਲਾਅ ਜਿਹਾ ਪੈਦਾ ਹੋ ਗਿਆ।

"ਕੋਈ ਉੱਘ-ਸੁੱਘ ਨੀ ਬਾਈ, ਉਧਰ ਕਿਹੜਾ ਕੋਈ ਗਿਐ।" ਝੰਡਾ ਸਿੰਘ ਦੇ ਬੋਲਣ ਤੋਂ ਪਹਿਲਾਂ ਹੀ ਦੇਸੂ ਬੋਲਿਆ।

"ਐਨਾ ਕ ਜਰੂਰ ਪਤਾ ਲੱਗਿਐ ਬਈ ਕਾਲੀਏ, ਸਾਧਣਵਾਸ ਤੇ ਸਧਾਣੀ ਦੇ ਮੁਸਲਮਾਨਾਂ ਨੇ ਏਕਾ ਕਰ ਰੱਖਿਐ।" ਝੰਡਾ ਸਿੰਘ ਨੇ ਦੱਸਿਆ।

ਦੁਪਹਿਰ ਢਲ਼ ਗਈ ਪਰ ਗੁਰਮੁਖ ਦਾ ਮਨ ਟਿਕਾਅ 'ਚ ਨਹੀਂ ਸੀ।

"ਮੈਂ ਜਵਾਕ ਦੀ ਸਾਰ ਵੀ ਲੈ ਲਾਂ ਜਾ ਕੇ।" ਗੁਰਮੁਖ ਘਰ ਜਾਣ ਲਈ ਉੱਠਿਆ।

"ਕੀ ਕਸਰ ਐ ਉਹਨੂੰ ?" ਦੇਸੂ ਨੇ ਪੁੱਛਿਆ।

"ਢਿੱਲਾ ਜਾ ਸੀ।" ਜਾਂਦਿਆਂ-ਜਾਂਦਿਆਂ ਗੁਰਮੁਖ ਨੇ ਜਵਾਬ ਦਿੱਤਾ।

"ਦਬਾ ਬਈ ਫਿਰ ਤਾਂ ਦਵਾਈ ਬੂਟੀ।" ਝੰਡਾ ਸਿੰਘ ਨੇ ਵੀ ਦਵਾਈ ਦੇਣੀ ਜ਼ਰੂਰੀ ਸਮਝੀ।

"ਕੋਹੜੀ ਕਾਲੀ ਆਲ਼ੇ ਛੋਹਰ ਦਾ ਹੇਰਵਾ ਕਰ ਗਿਆ ਹੋਣਾ।" ਦੇਸੂ ਬੋਲਿਆ ਤਾਂ ਗੁਰਮੁਖ ਦੀ ਤਾਰ ਰਫੀਕ ਕੋਲ਼ ਜਾ ਵੱਜੀ।

"ਉਹ ਵੀ ਬਲੂਰ ਪਤਾ ਨੀ ਕਿਮੇ ਹੋਣਾ।" ਕਿੰਨਾ ਹੀ ਚਿਰ ਰਫੀਕ ਦਾ ਉਦਾਸ ਚਿਹਰਾ, ਗੁਰਮੁਖ ਦੀਆਂ ਅੱਖਾਂ ਮੂਹਰੇ ਘੁੰਮਦਾ ਰਿਹਾ। ਉਸ ਦੇ ਘਰ ਜਾਣ ਤੋਂ ਬਾਅਦ ਸੱਥ ਸੁੰਨੀ ਹੋ ਗਈ। ਸਾਰੇ ਖਿੰਡ ਗਏ।

———

ਸੂਰਜ ਛਿਪ ਗਿਆ।

ਪਸ਼ੂ-ਡੰਗਰਾਂ ਨੇ ਨੀਰਾ ਚਰ ਲਿਆ। ਗੁਰਮੁਖ ਟੋਭੇ 'ਤੇ ਜਾ ਕੇ ਪਾਣੀ ਵਿਖਾ ਲਿਆਇਆ। ਛੰਨੋ ਨੇ ਭਰੇ ਮਨ ਨਾਲ਼ ਰੋਟੀ-ਟੁੱਕ ਕੀਤਾ। ਡੰਗਰਾਂ ਨੂੰ ਕਿੱਲਿਆਂ ਨਾਲ਼ ਬੰਨ੍ਹਦਿਆਂ, ਗੁਰਮੁਖ ਨੇ ਸੂਰਜ ਨੂੰ ਗਹੁ ਨਾਲ਼ ਤੱਕਿਆ। ਮਨ ਵਿੱਚ ਫਿਰ ਉਹੀ ਖ਼ਿਆਲ, ਉਹੀ ਵਿਚਾਰ -"ਕਾਲੀ ਹੋਰਾਂ ਦਾ ਸੂਰਜ ਪਤਾ ਨੀ ਕਿੱਥੇ ਡੁੱਬਿਆ ਹੋਣਾ ! ਏਹ ਵੀ ਕੀ ਪਤਾ, ਉਨਾਂ ਨੂੰ ਸ਼ਾਮ ਦਾ ਸੂਰਜ ਵੇਖਣਾ ਨਸੀਬ ਹੋਇਆ ਵੀ ਕਿ ਨਾ ! "

"ਰੋਟੀ ਖਾ ਲੈ, ਪੰਜਾਬੇ ਦੇ ਬਾਪੂ। ਕਿਮੇ ਡੁੰਨ-ਵੱਟਾ ਬਣ ਕੇ ਖੜ੍ਹ ਗਿਆ !" ਛੰਨੋ ਨੇ ਉਹਦੀ ਬਿਰਤੀ ਤੋੜੀ।

"ਪੰਜਾਬੇ ਨੂੰ ਵੀ ਖੜ੍ਹਾ ਕਰ, ਕੋਈ ਦੋ ਚਮਚੇ ਉਹ ਵੀ ਖਾ ਲਊ ਦਲ਼ੀਏ ਦੇ। ਜੇ ਕੁਸ਼ ਅੰਦਰ ਜਾਊ ਤਾਂ ਹੀ ਠੀਕ ਹੋਊ।" ਛੰਨੋ ਨੂੰ ਆਖ ਗੁਰਮੁਖ ਨੇ ਮੰਜਾ ਡਾਹ ਲਿਆ।

"ਉੱਠ, ਸੂਰਮਾ ਬਣ ਪੁੱਤ।" ਛੰਨੋ ਨੇ ਪੰਜਾਬੇ ਨੂੰ ਬਾਂਹੋਂ ਫੜ ਉਠਾਇਆ।

"ਲੈ ਖਾ ਪੁੱਤ, ਅਧਾਰ ਹੋਜੂ ਕੁਸ਼।" ਉਹ ਦਲ਼ੀਏ ਦਾ ਛੰਨਾ ਭਰ ਲਿਆਈ।

"ਲੈ ਤੂੰ ਵੀ ਖਾ ਲੈ, ਦੋ ਖੰਨੇ। ਸਾਰੇ ਦਿਨ ਦਾ ਭੁੱਖਾ ਹੋਣਾ।" ਫਿਰ ਉਹ ਗੁਰਮੁਖ ਲਈ ਕਾਂਡੇ ਵਾਲ਼ੇ ਥਾਲ਼ 'ਚ ਰੋਟੀ ਲੈ ਆਈ। ਨਾਲ਼ ਹੀ ਪਾਣੀ ਦੀ ਗੜਵੀ ਵੀ ਧਰ ਗਈ।

ਰੋਟੀ ਖਾਣ ਤੋਂ ਭਾਂਡਾ-ਟੀਂਡਾ ਸਾਂਭਣ ਤਕ ਤਾਰੇ ਨਿਕਲ ਆਏ। ਗਿਆਰਾਂ ਵਜੇ ਤਕ ਗੱਲਾਂ ਚੱਲਦੀਆਂ ਰਹੀਆਂ। ਗੱਲਾਂ ਵੀ ਕਿਹੜੀਆਂ ਗੱਲਾਂ ! ਬਸ, ਦੁੱਖ-ਦਰਦ ਹੀ ਸਾਂਝਾ ਕੀਤਾ।

ਬਠਿੰਡੇ ਵਾਲ਼ੇ ਪਾਸਿਓਂ ਗੱਡੀ ਆਈ ਤਾਂ ਗੁਰਮੁਖ ਬੋਲਿਆ -"ਗਿਆਰਾਂ ਵੱਜਗੇ। ਸਵੇਰੇ ਵੀ ਸੰਦੇਹਾਂ ਉੱਠਣੈ।"

ਉਸਦੇ ਆਖਣ 'ਤੇ ਛੰਨੋ ਵੀ ਦੀਵਾ ਵਧਾ ਕੇ, ਆਪਣੇ ਮੰਜੇ 'ਤੇ ਚਲੀ ਗਈ।

———

ਬਾਰ੍ਹਾਂ ਭਾਦੋਂ ਦਾ ਦਿਨ ਚੜ੍ਹਿਆ। ਨਵਾਂ ਦਿਨ ਉੱਗਦਿਆਂ ਸਾਰ, ਹਰ ਕੋਈ ਆਂਢੀ-ਗੁਆਂਢੀ ਤੋਂ ਬਿੜਕ ਲੈਂਦਾ -"ਸੁੱਖ ਤਾਂ ਹੈ ਭਾਈ ! ਰਾਤ ਤਾਂ ਨੀ ਹੋਈ ਕੋਈ ਵਾਰਦਾਤ ?"

ਨਵੀਂ ਗੱਲ ਇਹ ਸੀ, ਗਿਆਰਾਂ ਭਾਦੋਂ ਦੀ ਰਾਤ ਨੂੰ ਬਹੁ-ਗਿਣਤੀ ਮੁਸਲਿਮ ਪਿੰਡ ਛੱਡ ਗਏ। ਹੁਣ ਜੜ੍ਹਾਂ ਨਾਲ਼ੋਂ ਟੁੱਟਣ ਤੋਂ ਬਿਨਾਂ ਹੋਰ ਕੋਈ ਹੱਲ ਵੀ ਨਹੀਂ ਸੀ। ਜੜ੍ਹਾਂ ਨਾਲ਼ ਜੁੜੇ ਰਹਿਣ ਦਾ ਸਿੱਧਾ ਮਤਲਬ, ਜਾਨ ਖ਼ਤਰੇ 'ਚ ਪਾਉਣਾ। ਉਂਝ ਮੂਲ ਨਾਲ਼ੋਂ ਟੁੱਟ ਕੇ ਹਿਜਰਤ ਕਰਨ ਵਾਲ਼ਿਆਂ ਨੂੰ ਵੀ, ਜਾਨ ਬਚਣ ਦੀ ਕੋਈ ਆਸ ਨਹੀਂ ਸੀ।

ਪਿੰਡ ਉਜਾੜ ਕੇ ਜਸ਼ਨ ਮਨਾਉਣ ਵਾਲ਼ੇ, ਕਾਲੀਏ ਦੇ ਮੁਸਲਮਾਨ ਅਤੇ ਪਖੀਰਾਂ ਦੇ ਬੁੱਲ੍ਹਾਂ 'ਤੇ ਸਿਕਰੀ ਆਈ ਪਈ ਸੀ। ਉਨ੍ਹਾਂ ਦੀ ਹਾਲਤ 'ਅੱਗੇ ਸੱਪ, ਪਿੱਛੇ ਸੀਂਹ' ਵਾਲ਼ੀ ਬਣ ਗਈ। ਪਿੰਡ ਤਾਂ ਉਨ੍ਹਾਂ ਨੂੰ ਵੀ ਹੁਣ ਛੱਡਣਾ ਹੀ ਪੈਣਾ ਸੀ। ਹੁਣ ਉਨ੍ਹਾਂ ਨੂੰ ਵੀ ਹਿਜਰਤ ਦਾ ਡਰ ਸਤਾ ਰਿਹਾ ਸੀ।

ਡਸਕੇ ਤੋਂ ਹਿਜਰਤ ਕਰਨ ਵਾਲ਼ਿਆਂ ਵਿੱਚੋਂ, ਅੱਧੇ ਰਾਹਾਂ ਵਿੱਚ ਹੀ ਦਮ ਤੋੜ ਗਏ। ਕਾਫ਼ਲਿਆਂ 'ਤੇ ਹਮਲਾ ਹੁੰਦਿਆਂ ਸਾਰ ਕਿਲਕਾਰੀਆਂ ਵੱਜਣ, ਚੀਕ ਚਿਹਾੜਾ, ਬੁਰਾ ਹਾਲ।

"ਮਾਰਤੇ ਉਏ ! ਮਰਗੇ ਉਏ !"

ਇੰਝ ਲੱਗੇ ਜਿਵੇਂ ਰਾਤ ਵੀ ਅੱਜ ਜਾਗ ਰਹੀ ਹੋਵੇ, ਭਾਦੋਂ ਦੀ ਇਹ ਚੰਦਰੀ ਤੇ ਬੇਦਰਦ ਰਾਤ, ਹਨੇਰੇ ਵਿੱਚ ਅੱਖਾਂ ਗੱਡ ਕੇ, ਵਾਪਰ ਰਿਹਾ ਕਹਿਰ ਆਪਣੇ ਅੱਖੀਂ ਤੱਕ ਰਹੀ ਹੋਵੇ।

ਸਵੇਰ ਹੁੰਦਿਆਂ ਤਕ ਤਾਂ ਨੇੜਲੇ ਪਿੰਡਾਂ ਕੋਲ਼ ਲੋਥਾਂ ਹੀ ਲੋਥਾਂ ਹੋ ਗਈਆਂ। ਇੰਝ ਲੱਗਿਆ ਜਿਵੇਂ 1762 ਈ. ਵਾਲ਼ਾ ਕੁੱਪ-ਰੋਹੀੜਾ ਦਾ ਵੱਡਾ ਘੱਲੂਘਾਰਾ ਹੋ ਕੇ ਹਟਿਆ ਹੋਵੇ। ਸਵੇਰੇ ਖੇਤਾਂ ਨੂੰ ਗਏ ਕੰਮੀਆਂ ਨੇ ਵੇਖਿਆ, ਬਹੁਤੇ ਸਰੀਰ ਤਾਂ ਅਜੇ ਵੀ ਤੜਫ ਰਹੇ ਸੀ ਜਾਂ ਇਹ ਆਖੀਏ, ਦਮ ਤੋੜ ਰਹੇ ਸੀ। ਮਾੜੇ ਦਿਲ ਵਾਲ਼ੇ ਹਾਲ਼ੀ ਤਾਂ ਵਾਪਸ ਹੀ ਘਰਾਂ ਨੂੰ ਪਰਤ ਗਏ।

ਕੁੱਤੇ ਵੀ ਬੰਦਿਆਂ ਤੋਂ ਪਿੱਛੇ ਨਹੀਂ ਸੀ ਰਹਿ ਰਹੇ। ਉਹ ਮੁਰਦਿਆਂ ਨੂੰ ਨੋਚ-ਨੋਚ ਖਾ ਰਹੇ ਸੀ। ਮੁਰਦਿਆਂ ਦੀਆਂ ਲੱਤਾਂ ਕਿਤੇ, ਬਾਂਹਾਂ ਕਿਤੇ ਤੇ ਜੂੰਡੇ ਕਿਤੇ ਖਿੰਡੇ ਪਏ ਸੀ। ਸਾਰੇ ਹੀ ਕੁੱਤਿਆਂ ਦੀਆਂ ਨਾਸਾਂ ਲਹੂ ਨਾਲ਼ ਲਾਲ ਹੋਈਆਂ ਪਈਆਂ ਸੀ। ਰੱਜ-ਪੁੱਜ ਕੇ ਉਨ੍ਹਾਂ ਨੇ ਵੀ ਕੁੱਖਾਂ ਕੱਢ ਲਈਆਂ ਤੇ ਆਫਰ ਗਏ ਸੀ।

ਪਿੰਡ ਦੇ ਮੁਹਤਬਰ ਬੰਦਿਆਂ ਨੇ ਆਪਣੇ ਪੱਧਰ 'ਤੇ, ਥਾਂ-ਥਾਂ 'ਤੇ ਰੁਲ਼ੀਆਂ ਫਿਰਦੀਆਂ ਲੋਥਾਂ, ਧਰਮ ਦੇ ਰੀਤੀ-ਰਿਵਾਜ਼ਾਂ ਅਨੁਸਾਰ ਟਿਕਾਣੇ ਲਾ ਦਿੱਤੀਆਂ। ਜ਼ਿਆਦਾ ਗਲ਼ੀਆਂ-ਸੜੀਆਂ ਲੋਥਾਂ, ਜਿਨ੍ਹਾਂ ਵੱਲ ਵੇਖਣ ਨੂੰ ਵੀ ਰੂਹ ਨਹੀਂ ਸੀ ਕਰਦੀ, ਉਨ੍ਹਾਂ ਦਾ ਇੱਕ ਥਾਂ 'ਤੇ ਹੀ ਦਾਹ-ਸਸਕਾਰ ਕਰ ਦਿੱਤਾ ਗਿਆ।

ਅਜਿਹੀਆਂ ਘਟਨਾਵਾਂ ਤੇ ਫੈਲੀਆਂ ਅਫ਼ਵਾਹਾਂ ਨੇ ਕਾਲੀਏ ਦੇ ਮੁਸਲਮਾਨਾਂ ਨੂੰ ਹਿਲਾ ਕੇ ਰੱਖ ਦਿੱਤਾ।

ਕਾਲੀਆ, ਸਾਧਣਵਾਸ ਅਤੇ ਸਧਾਣੀ ਦਾ ਕਾਫ਼ਲਾ ਹੀ ਬਾਕੀ ਬਚਿਆ ਸੀ।

ਆਖ਼ਰ ਮਿਲਟਰੀ ਨੂੰ ਕਦਮ ਚੁੱਕਣਾ ਪਿਆ। ਮਿਲਟਰੀ ਵਾਲ਼ਿਆਂ ਨੇ ਆ ਕੇ ਦਬਕਾ ਮਾਰਿਆ -"ਪਿੰਡ ਛੱਡਣਾ ਏ ਕਿ ਨਹੀਂ ! ਕਿ ਡੇਗੀਏ ਬੰਬ ? ਤੁਸੀਂ ਹੁਕਮਾਂ ਦੀ ਪਾਲਣਾ ਹੀ ਨੀ ਕਰਦੇ। ਚੱਕੋ ਆਪਣਾ ਜੁੱਲੀ-ਬਿਸਤਰਾ।"

"ਜਨਾਬ ! ਜੁੱਲੀ-ਬਿਸਤਰਾ ਕਿਮੇਂ ਚੱਕੀਏ ! ਕਾਹਨਗੜ੍ਹ ਦੇ ਲੁਟੇਰੇ ਸਾਨੂੰ ਮਾਰਨ ਨੂੰ ਪੈਂਦੇ ਨੇ। ਸਾਡੀ ਜਾਨ ਨੂੰ ਖਤਰੈ। ਸਾਡੀ ਜਾਨੀ ਰੱਖਿਆ ਕਰੋ।" ਗੱਜੂ ਅਤੇ ਮੌਲਵੀ ਮਿਲਟਰੀ ਦੇ ਮੁਖੀ ਕੋਲ਼ ਜਾ ਕੇ ਵਿਚਾਰੇ ਜਿਹੇ ਬਣ ਕੇ ਖੜ੍ਹ ਗਏ।

ਫੌਜ ਦਾ ਮੁਖੀ, ਦੁੱਧ ਰੰਗੀ ਜਾਲ਼ੀ ਨਾਲ਼ ਆਪਣੀ ਦਾੜ੍ਹੀ ਬੰਨ੍ਹੀ ਬੈਠਾ ਸੀ,

"ਥੋਡਾ ਕੋਈ ਵਾਲ਼ ਵਿੰਗਾ ਨੀ ਕਰ ਸਕਦਾ। ਤੁਸੀਂ ਚਾਲੇ ਪਾਓ।" ਉਸ ਨੇ ਮੌਲਵੀ ਹੋਰਾਂ ਨੂੰ ਪਿੰਡ ਦੀ ਰੱਖਿਆ ਦੀ ਤਸੱਲੀ ਦਿੱਤੀ।

ਆਖਰ ਬਾਰ੍ਹਾਂ ਭਾਦੋਂ ਦੀ ਚਿੱਟੀ ਦੁਪਹਿਰ ਨੂੰ ਕਾਲੀਆ ਵੀ ਟੁੱਟ ਗਿਆ। ਮਿਲਟਰੀ ਦੀ ਛਤਰ ਛਾਇਆ ਹੇਠ ਕਾਫ਼ਲਾ ਆਸਵੰਦ ਹੋ ਕੇ ਸਧਾਣੀ ਨੂੰ ਚੱਲ ਪਿਆ।

———

ਸ਼ਾਮ ਤਕ ਆਸ-ਪਾਸ ਦੇ ਪਿੰਡਾਂ ਤਕ ਖ਼ਬਰ ਪਹੁੰਚ ਗਈ -"ਕਾਲੀਆ ਖਾਲੀ ਹੋ ਗਿਆ ਬਈ।"

"ਸਾਧਣਵਾਸ ਤੇ ਸਧਾਣੀ ਵਾਲ਼ੇ ਵੀ ਚਲੇ ਗਏ।" ਸਭ ਨੂੰ ਇਹ ਵੀ ਪਤਾ ਲੱਗ ਗਿਆ।

ਗੁਰਮੁਖ ਦਾ ਦਿਲ ਕੀਤਾ, ਕਾਲੀਆ ਪਿੰਡ ਵੇਖਣ ਨੂੰ। ਉਹ ਝੰਡਾ ਸਿੰਘ ਨੂੰ ਘਰੋਂ ਬੁਲਾ ਕੇ ਲੈ ਗਿਆ। ਉਸਨੇ ਝੰਡਾ ਸਿੰਘ ਨੂੰ ਪਿੰਡ ਵੇਖਣ ਲਈ ਬੇਨਤੀ ਕੀਤੀ -"ਚੱਲ ਖਾਂ, ਬਾਈ, ਪਿੰਡ ਦਾ ਮੂੰਹ ਮੱਥਾ ਤਾਂ ਵੇਖ ਆਈਏ।"

ਝੰਡਾ ਸਿੰਘ ਨਾਲ਼ ਜਾਣ ਲਈ ਮੰਨ ਗਿਆ ਸੀ। ਦਿਲ ਤਾਂ ਝੰਡਾ ਸਿੰਘ ਦਾ ਵੀ ਕਰਦਾ ਸੀ ਜਾਣ ਨੂੰ। ਉਹ ਕਾਹਲ਼ੇ ਪੈਰੀਂ ਕਾਲੀਏ ਨੂੰ ਭੱਜੇ ਜਾਣ।

"ਆ ਕੀ ਉਏ ਗੁਰਮੁਖਾ !" ਝੰਡਾ ਸਿੰਘ ਨੇ ਪਿੰਡ ਦੇ ਨੇੜੇ ਪਹੁੰਚ ਕੇ ਵੱਖਰੀ ਤਸਵੀਰ ਵੇਖੀ। ਲੋਕ ਮੋਢਿਆਂ 'ਤੇ, ਸਿਰਾਂ 'ਤੇ, ਖੱਚਰਾਂ-ਬੋਤਿਆਂ 'ਤੇ ਸਮਾਨ ਢੋਹ ਰਹੇ ਸੀ।

ਗੁਰਮੁਖ ਤੇ ਝੰਡਾ ਸਿੰਘ ਹੈਰਾਨ ਸੀ। ਪਿੰਡ 'ਚ ਵੜੇ, ਤਾਂ ਕਿਤੇ ਜਾ ਕੇ ਸਮਝ ਪਈ, ਲੋਕ ਤਾਂ ਮੁਸਲਮਾਨਾਂ ਅਤੇ ਪਖੀਰਾਂ ਦੇ ਘਰਾਂ 'ਚ ਬਚਿਆ ਸਮਾਨ ਢੋਈ ਜਾਂਦੇ ਸੀ। ਕਈ ਤਾਂ ਸਮਾਨ ਦੀ ਖਾਤਰ, ਆਪਸ ਵਿੱਚ ਧੱਕਾ-ਮੁੱਕੀ ਵੀ ਹੋ ਰਹੇ ਸੀ।

"ਮੇਰੇ ਸਾਲ਼ੇ ! ਲੋਕ ਵੀ 'ਜਾੜਾ ਹੀ ਭਾਲਦੇ ਨੇ। ਕਿਮੇ ਲੁੱਟਣ 'ਤੇ ਲੱਕ ਬੰਨ੍ਹਿਐ !" ਗੁਰਮੁਖ ਖੱਚਰ 'ਤੇ ਅਨਾਜ ਲੱਦੀ ਆਉਂਦੇ ਮਛੋਹਰ ਨੂੰ ਵੇਖ ਬੋਲਿਆ।

"ਆਹ ਬੁੜ੍ਹੇ ਨੂੰ ਹੀ ਵੇਖ ਲੈ ! ਤੁਰਿਆ ਜਾਂਦਾ ਨੀ, ਕੱਪੜਿਆਂ ਦੀ ਗਠੜੀ ਚੱਕੀਂ ਆਉਂਦੈ।" ਝੰਡਾ ਸਿੰਘ ਨੇ ਵੇਖਿਆ, ਉਹ ਮਾੜਕੂ ਜਿਹਾ ਬਜ਼ੁਰਗ ਡਿੱਗਦਾ—ਢਹਿੰਦਾ, ਕੱਪੜਿਆਂ ਦੀ ਗਠੜੀ ਛੱਡਣੀ ਨਹੀਂ ਸੀ ਚਾਹੁੰਦਾ।

"ਲੈ ਜੋ ... ਲੈ ... ਜੋ .... ਹਲੇ ਤਾਂ ਬਹੁਤ ਸਮਾਨ ਪਿਐ।"

ਸਿਰ 'ਤੇ ਸੰਦੂਕ ਚੁੱਕੀ ਜਾਂਦੇ ਗੱਭਰੂ ਨੇ, ਦਸ ਜਣਿਆਂ ਦੀ ਟੋਲੀ ਨੂੰ ਵੀ ਲੁੱਟਣ ਦਾ ਇਸ਼ਾਰਾ ਕੀਤਾ। ਸ਼ਾਇਦ ਇਹ ਟੋਲੀ ਉਸੇ ਗੱਭਰੂ ਦੇ ਪਿੰਡੋਂ ਆਈ ਹੋਣੀ। ਇਨਾਂ ਨੂੰ ਸੂਚਨਾ ਦੇਰੀ ਨਾਲ਼ ਮਿਲੀ ਹੋਣੀ।

ਪਹਿਲਾਂ ਆਉਣ ਵਾਲ਼ੇ ਚੋਣਵੀਆਂ ਅਤੇ ਕੀਮਤੀ ਵਸਤਾਂ ਛਾਂਟ ਕੇ ਪਹਿਲਾਂ

ਹੀ ਲੈ ਗਏ। ਕਈਆਂ ਦੇ ਹੱਥ ਤਾਂ ਕੁੱਜੇ—ਤੌੜੀਆਂ 'ਚ ਪਾ ਕੇ ਦੱਬਿਆ ਸੋਨਾ-ਚਾਂਦੀ ਵੀ ਹੱਥ ਲੱਗ ਗਿਆ। ਦੇਰੀ ਨਾਲ਼ ਆਉਣ ਵਾਲ਼ਿਆਂ ਦੇ ਹੱਥ ਤਾਂ ਲੀੜਾ-ਲੱਤਾ ਹੀ ਲੱਗਿਆ।

ਨਵਾਬ ਦੇ ਘਰ ਕੋਲ਼ ਜਾ ਕੇ ਗੁਰਮੁਖ ਦੀ ਚੰਘਿਆੜ ਨਿਕਲ ਗਈ। ਨਵਾਬ ਦਾ ਸਾਰਾ ਘਰ ਢਹਿ-ਢੇਰੀ ਹੋਇਆ ਪਿਆ ਸੀ। ਪਿੰਡ ਨਵੇਂ ਸਿਰਿਓਂ ਦਿਸਣ ਲੱਗਾ। ਨਵਾਬ ਦਾ ਘਰ ਕੀ, ਸਾਰਾ ਪਿੰਡ ਹੀ ਢਾਹਿਆ ਪਿਆ ਸੀ। ਲੋਕੀਂ ਘਰਾਂ ਦੇ ਬੂਹੇ-ਬਾਰੀਆਂ ਵੀ ਉਧੇੜ ਕੇ ਲੈ ਗਏ। ਪਿੰਡ ਦੀ ਦਸ਼ਾ ਇੰਝ ਹੋ ਗਈ, ਜਿਵੇਂ ਕਿਸੇ ਤਕੜੇ ਤੂਫ਼ਾਨ ਜਾਂ ਭੂਚਾਲ਼ ਤੋਂ ਬਾਅਦ ਦੀ ਤਬਾਹੀ ਦਾ ਦ੍ਰਿਸ਼ ਹੁੰਦਾ ਹੈ।

ਘਰਾਂ ਦੇ ਬਾਹਰ ਬਣੇ, ਦੀਵੇ ਰੱਖਣ ਵਾਲ਼ੇ ਆਲ਼ੇ ਸੁੰਨੇ ਹੋ ਗਏ।

ਗੁਰਮੁਖ ਨੇ ਵੇਖਿਆ, ਦੁੱਧ ਦੀ ਬਾਲਟੀ ਵਾਲ਼ੀ ਕਿੱਲੀ ਉਦਾਸ ਪਈ ਸੀ। ਸੁਲਤਾਨਾ ਹੁੰਦੇ ਇਹ ਕਿੱਲੀ ਕਦੇ ਸੁੰਨੀ ਨਹੀਂ ਸੀ ਹੋਈ। ਦੁੱਧ ਵਾਲ਼ੀ ਕਿੱਲੀ ਤਾਂ ਕੀ ! ਕਦੇ ਮੱਝਾਂ ਦੇ ਕਿੱਲੇ ਵੀ ਸੁੰਨੇ ਨਹੀਂ ਸੀ ਰਹੇ। ਇੱਕ ਤੋਂ ਵੱਧ ਮੱਝਾਂ ਕਿੱਲਿਆਂ ਨਾਲ਼ ਬੰਨ੍ਹੀਆਂ ਹੁੰਦੀਆਂ।

ਗੁਰਮੁਖ ਕਿੱਲੇ ਨੂੰ ਫੜ ਕੇ ਬੈਠ ਗਿਆ, ਧਾਹਾਂ ਮਾਰ ਰੋਣ ਲੱਗਾ -"ਉਏ ਕਿੱਥੇ ਵਾਗਿਆ ਮੇਰੇ ਯਾਰਾ ! ਉਏ ਆ ਕੀ ਭਾਣਾ ਵਰਤਾ ਦਿੱਤਾ ਮੇਰੇ ਯਾਰਾ !"

ਪਿੱਛੇ ਖੜ੍ਹੇ ਝੰਡਾ ਸਿੰਘ ਨੇ ਹੌਸਲਾ ਦਿੱਤਾ - "ਬੱਸ ! ਬੱਸ !! ਕਿਉਂ ਕਮਲ਼ਾ ਹੋਇਐਂ !"

"ਲੈ ਜੋ .. ਲੈ ਜੋ ... ਲੈ ਗਿਆ ਸੋ ਲੈ ਗਿਆ, ਰਹਿ ਗਿਆ ਸੋ ਰਹਿ ਗਿਆ .." ਗਲੀ 'ਚੋਂ ਅਜੇ ਵੀ ਓਪਰੀਆਂ ਆਵਾਜ਼ਾਂ ਆ ਰਹੀਆਂ ਸੀ। ਅੱਜ ਲੁੱਟਣ ਵਾਲ਼ਿਆਂ ਨੂੰ ਰੋਕਣ ਵਾਲ਼ਾ ਕੋਈ ਨਹੀਂ ਸੀ। ਇੱਕ ਸਿਫ਼ਤ ਕਾਹਨਗੜ੍ਹ ਵਾਲ਼ਿਆਂ ਦੀ, ਕਿਸੇ ਨੇ ਸੂਈ ਨੂੰ ਵੀ ਹੱਥ ਨਹੀਂ ਸੀ ਲਾਇਆ।

ਰੋਣ ਤੋਂ ਬਾਅਦ ਗੁਰਮੁਖ ਦਾ ਮਨ ਕੁੱਝ ਹੌਲ਼ਾ ਹੋ ਗਿਆ। ਉਹ ਅਜੇ ਵੀ ਕਿੱਲੇ ਨੂੰ ਫੜੀ ਬੈਠਾ ਸੀ।

ਝੰਡਾ ਸਿੰਘ ਨੇ ਅੱਗੇ ਹੋ ਕੇ ਦਰਵਾਜ਼ਾ ਵੇਖਿਆ, ਖ਼ੂਨ ਜੰਮਿਆ ਪਿਆ ਸੀ, ਹੁਣ ਤਕ ਤਾਂ ਜੰਮੇ ਖ਼ੂਨ ਦੇ ਪਾਪੜ ਵੀ ਬਣ ਗਏ ਸੀ।

"ਏਧਰ ਆ ਗੁਰਮੁਖਾ ..।" ਝੰਡਾ ਸਿੰਘ ਨੇ ਆਵਾਜ਼ ਮਾਰੀ ਤਾਂ ਗੁਰਮੁਖ ਕਿੱਲੇ ਨੂੰ ਛੱਡ, ਦਰਵਾਜ਼ੇ ਕੋਲ਼ ਆ ਗਿਆ।

"ਆਹ ਵੇਖ ....।" ਝੰਡਾ ਸਿੰਘ ਨੇ ਇਸ਼ਾਰਾ ਕੀਤਾ।

"ਹੂੰ ..... ਐਥੇ ਹੀ ਮਾਰਿਆ ਹੋਣਾ ਨਵਾਬ, ਹਨਾ ?" ਖ਼ੂਨ ਵਾਲ਼ੀ ਥਾਂ ਵੇਖ ਗੁਰਮੁਖ ਨੇ ਅੰਦਾਜ਼ਾ ਲਾਇਆ।

"ਹੂੰ ... ਸਾਮੀ ਥਾਂ 'ਤੇ। ਸੁਣਨ 'ਚ ਵੀ ਆਇਆ ਸੀ ਬਈ ਦਰਵਾਜ਼ੇ 'ਚ ਮਾਰਿਐ।" ਝੰਡਾ ਸਿੰਘ ਨੂੰ ਜਬਰੇ ਤੋਂ ਪਤਾ ਲੱਗਿਆ ਸੀ।

"ਕਈ ਦਿਨ ਹੋ ਗਏ, ਨਵਾਬ ਆਇਆ ਸੀ ਮੇਰੇ ਕੋਲ਼, ਕੈਂਅ੍ਹਦਾ ਮੱਝ ਦਵਾ

ਕੇ ਲਿਆ। ਦੋ—ਚਾਰ ਦਿਨ ਤਕ ਅਸੀਂ ਮੱਝ ਲੈਣ ਜਾਣਾ ਸੀ ਬਾਈ।" ਪਿਛਲੀਆਂ ਗੱਲਾਂ ਸੁਣਾ ਕੇ ਗੁਰਮੁਖ, ਨਵਾਬ ਦੀ ਯਾਦ ਤਰੋ-ਤਾਜ਼ੀ ਕਰਨ ਲੱਗਾ।

"ਰੰਗ ਨੇ ਕਰਤਾਰ ਦੇ, ਗੁਰਮੁਖ ਸਿਆਂ !" ਮਨ ਤਾਂ ਝੰਡਾ ਸਿੰਘ ਦਾ ਵੀ ਭਾਰਾ ਹੋ ਗਿਆ।

"ਚੱਲ ਬਾਈ, ਹੋਰ ਨੀ ਰੁਕਿਆ ਜਾਂਦਾ, ਏਥੇ। ਮੈਂਥੋਂ ਨੀ ਝੱਲਿਆ ਜਾਂਦਾ।" ਸੁੰਨੇ ਵਿਹੜੇ ਨੂੰ ਤੱਕ ਗੁਰਮੁਖ ਦਾ ਮਨ ਹੋਰ ਦੁਖੀ ਹੋ ਗਿਆ। ਉਸਦੀ ਮਨੋ-ਦਸ਼ਾ ਸਮਝ ਝੰਡਾ ਸਿੰਘ ਉਸ ਨੂੰ ਪਿੰਡ ਦੀ ਬਾਹਰਲੀ ਪਹੀ ਵੱਲ ਲੈ ਆਇਆ।

ਗੁਰਮੁਖ ਨੇ ਪਹਾੜੀ ਕਿੱਕਰਾਂ ਕੋਲ਼ ਰੁਕ ਕੇ, ਇੱਕ ਵਾਰ ਪਿਛਾਂਹ ਪਰਤ ਕੇ ਵੇਖਿਆ। ਉਸਨੂੰ ਜਾਪਿਆ ਜਿਵੇਂ ਪਿੰਡ ਦੀ ਰੂਹ ਹੀ ਨਾ ਰਹੀ ਹੋਵੇ। ਉਸਨੂੰ ਪਿੰਡ ਮੁਰਦਾ ਸਰੀਰ ਵਾਂਗ ਜਾਪਿਆ।

"ਆ ਜਾ ਗੁਰਮੁਖਾ, ਮਨ ਭਾਰਾ ਨਾ ਕਰ।" ਅਗਾਂਹ ਖੜ੍ਹੇ ਝੰਡਾ ਸਿੰਘ ਨੇ ਉਸਨੂੰ, ਨਾਲ਼ ਚੱਲਣ ਦੀ ਸਲਾਹ ਦਿੱਤੀ।

"ਵੇਖੋ ਹੁਣ ਕਿੰਨ੍ਹਾਂ ਨੇ ਆ ਕੇ ਪੈਰ ਧਰਨੈ, ਏਥੇ ?" ਗੁਰਮੁਖ ਕਾਲੀਏ 'ਚੋਂ ਭਵਿੱਖ ਦੀ ਤਸਵੀਰ ਵੇਖਣ ਲੱਗਾ।

"ਤੇ ਜਿਨ੍ਹਾਂ ਦੇ ਪੈਰ ਏਥੇ ਟਿਕਣੇ ਨੇ, ਉਹ ਵੀ ਤਾਂ ਉੱਜੜਗੇ ਹੋਣੇ, ਛੋਟੇ ਭਾਈ।" ਝੰਡਾ ਸਿੰਘ ਦਾ ਖ਼ਿਆਲ ਨਵੇਂ ਬਣੇ ਪਾਕਿਸਤਾਨ ਵੱਲ ਚਲਾ ਗਿਆ।

ਝੰਡਾ ਸਿੰਘ ਠੀਕ ਹੀ ਤਾਂ ਸੋਚ ਰਿਹਾ ਸੀ। ਉਹ ਵੀ ਤਾਂ ਉੱਜੜਨ ਵਾਲ਼ੇ ਸੀ।

ਕਿੱਥੇ ਗੁੱਜਰਾਂਵਾਲਾ ਜ਼ਿਲ੍ਹੇ ਦੇ ਪਿੰਡ ਚੱਕ ਖਲੀਲ ਤੇ ਭੱਟੀ ਭੰਗੋ ਅਤੇ ਕਿੱਥੇ ਕਾਲੀਆ ! ਕਿੱਥੋਂ ਦੇ ਪੰਛੀਆਂ ਦਾ ਚੋਗ, ਕਿੱਥੇ ਖਿੰਡਿਆ ਪਿਆ ਸੀ।

ਚੱਕ ਖਲੀਲ ਦੇ ਸਰਦਾਰ ਇੰਦਰ ਸਿੰਘ ਦਾ ਪਰਿਵਾਰ ਤੇ ਸਾਰਾ ਪਿੰਡ, ਢਲ਼ਦੇ ਸੂਰਜ ਦੀ ਲਾਲੀ ਵੇਖ ਕੇ ਕਿਸੇ ਅਣਡਿੱਠ ਭੈਅ 'ਚ ਸੀ।

ਸਾਈਂ ਹਾਸਲ ਮਰਾਸੀ ਇੰਦਰ ਸਿੰਘ ਦੇ ਪੈਰਾਂ 'ਚ ਬੈਠਾ ਸੀ। ਸਾਈਂ ਦਾ ਪਿੰਡ 'ਚ ਪੂਰਾ ਸਤਿਕਾਰ ਸੀ। ਸਾਰਾ ਪਿੰਡ ਧੀਆਂ-ਭੈਣਾਂ ਦੇ ਰਿਸ਼ਤੇ ਸਾਈਂ ਰਾਹੀਂ ਹੀ ਕਰਦਾ। ਸਾਈਂ ਦਾ ਦਾਦਾ ਨਾਰੋਵਾਲ ਤੋਂ ਆ ਕੇ ਵਸਿਆ ਸੀ। ਇੰਦਰ ਸਿੰਘ ਸਰਦਾਰ ਨੇ ਸਾਈਂ ਨੂੰ ਪਿੰਡ ਦੀ ਨਿਆਈਂ 'ਚੋਂ, ਦੋ ਏਕੜ ਜ਼ਮੀਨ ਗੁਜ਼ਾਰਾ ਕਰਨ ਲਈ ਦੇ ਦਿੱਤੀ। ਦਸਵੀਂ ਪਾਸ ਸਾਈਂ ਪੰਜਾਬੀ, ਉਰਦੂ ਤੇ ਫਾਰਸੀ ਵੀ ਪੜ੍ਹ ਲੈਂਦਾ ਹੈ। ਨਾਲ਼ ਹੀ ਕੁਦਰਤ ਨੇ ਉਸ ਨੂੰ ਸੁਰੀਲੀ ਆਵਾਜ਼ ਦਿੱਤੀ।

ਇੰਦਰ ਸਿੰਘ ਦੇ ਘਰ ਖ਼ੁਸ਼ੀ ਦਾ ਕੋਈ ਮੌਕਾ ਹੁੰਦਾ ਤਾਂ ਸਾਈਂ ਹਾਸਲ ਤੋਂ ਹੀਰ ਅਤੇ ਬਾਹੂ ਹੋਰਾਂ ਦੇ ਕਲਾਮ ਜ਼ਰੂਰ ਸੁਣਨਾ।

ਸਰਦੀ ਦੀ ਰੁੱਤੇ ਇੰਦਰ ਸਿੰਘ ਦੀ ਬੈਠਕ ਅਤੇ ਤਿੱਖੜ ਦੁਪਹਿਰਾਂ ਨੂੰ ਪਿੰਡੋਂ ਬਾਹਰ ਵੱਡੇ ਪਿੱਪਲ ਹੇਠਲੀ ਸੱਥ 'ਚ 'ਹੀਰ' ਦਾ ਪਾਠ ਚੱਲਦਾ।

ਪਰ ਵੰਡੇ ਗਏ ਮੁਲਕ ਦੇ ਸਾਂਝੇ ਪਿੰਡ ਵਿੱਚ ਅੱਜ ਦਾ ਦਿਨ ਬੜਾ ਮਹੱਤਵਪੂਰਨ ਸੀ। ਮੌਲਵੀ ਸਵੇਰ ਦਾ ਪਿੰਡ 'ਚ ਫਿਰਦਾ ਸੀ, ਘਰ-ਘਰ ਆਖਦਾ -"ਵੇਖੋ ਅਸੀਂ

ਹੁਣ ਤਕ ਭਰਾਵਾਂ ਵਾਂਗ ਰਹੇ ਆਂ। ਟੁਰਨ ਵੇਲ਼ੇ ਕਿਸੇ ਨੇ ਆਪਣੇ ਭਰਾਵਾਂ 'ਤੇ ਵਾਰ ਨਹੀਂ ਕਰਨਾ।"

ਮੌਲਵੀ ਦੇ ਕਹਿਣ 'ਤੇ, ਪਿੰਡ ਦੇ ਲੁਹਾਰ ਵੀ ਸਿੱਖਾਂ ਅਤੇ ਹਿੰਦੂਆਂ ਦੇ ਗੱਡਿਆਂ ਦੀ ਮੁਰੰਮਤ ਕਰਨ ਲੱਗੇ; ਲੰਮਾ ਪੈਂਡਾ ਜੋ ਤੈਅ ਕਰਨਾ ਹੋਇਆ।

ਸੂਰਜ ਤਾਂ ਢਲ਼ ਗਿਆ ਸੀ। ਇਸਦਾ ਤਾਂ ਰੋਜ਼ ਦਾ ਕੰਮ ਸੀ।

ਇੰਦਰ ਸਿੰਘ ਨੇ ਸਾਈਂ ਹਾਸਲ ਨੂੰ ਸੱਦਾ ਭੇਜਿਆ। ਇੰਦਰ ਦੇ ਘਰ ਸਾਰਾ ਪਿੰਡ ਹੀ ਇਕੱਠਾ ਹੋ ਗਿਆ।

"ਲੈ ਫੇਰ ਸਾਈਂ ! ਅੱਜ ਦੇ ਦਿਨ ਤੇ ਹੀਰ ਪੜ੍ਹ।" ਇੰਦਰ ਨੇ ਫੁਰਮਾਨ ਕੀਤਾ।

ਕੁੱਝ ਚਿਰ ਦਮ ਲੈ ਕੇ ਸਾਈਂ ਨੇ ਕਿਤਾਬ ਦੇ ਵਰਕੇ ਫਰੋਲ਼ੇ। ਅੱਜ ਉਸਦੀ ਨਜ਼ਰ ਅੱਖਰਾਂ 'ਤੇ ਟਿਕ ਨਹੀਂ ਸੀ ਰਹੀ। ਮਨ ਕਰੜਾ ਕਰਕੇ ਉਸਨੇ ਬੈਂਤ ਸ਼ੁਰੂ ਕੀਤਾ –

"ਹੀਰ ਆਖਦੀ ਜੋਗੀਆ ਝੂਠ ਬੋਲੇਂ, ਕੌਣ ਵਿਛੜੇ ਯਾਰ ਮਿਲਾਂਵਦਾ ਈ,

ਐਸਾ ਕੋਈ ਨਾ ਡਿੱਠਾ ਮੈਂ ਢੂੰਡ ਥੱਕੀ, ਜਿਹੜਾ ਗਿਆਂ ਨੂੰ ਮੋੜ ਲਿਆਂਵਦਾ ਈ ...."

ਬੈਂਤ ਪੜ੍ਹਦਿਆਂ ਸਾਈਂ ਹਟਕੋਰੇ ਲੈਣ ਲੱਗਾ। ਕਿਤਾਬ ਬੰਦ ਕਰਕੇ ਫਿਰ ਉਹ ਕਿੰਨਾ ਹੀ ਚਿਰ ਰੋਂਦਾ ਰਿਹਾ। ਭਰੇ ਇਕੱਠ 'ਚੋਂ ਕੋਈ ਉੱਚੀ ਆਵਾਜ਼ ਵੀ ਨਹੀਂ ਸੀ ਕੱਢ ਰਿਹਾ। ਕੋਈ ਕਿਸੇ ਤੋਂ ਕੁੱਝ ਪੁੱਛਣ ਜਾਂ ਦੱਸਣ ਦਾ ਹੌਸਲਾ ਨਹੀਂ ਸੀ ਕਰ ਰਿਹਾ।

ਸਾਈਂ ਦੀ ਕਿਤਾਬ ਅਜੇ ਵੀ ਬੰਦ ਸੀ। ਵਰਕੇ ਫਰੋਲ਼ ਕੇ ਫਿਰ ਪਰ੍ਹਾਂ ਰੱਖ ਦਿੱਤੀ। ਫਿਰ ਜ਼ੁਬਾਨੀ ਕਲਾਮ ਪੇਸ਼ ਕਰਨ ਲੱਗਾ – "ਅੱਜ ਪਤਾ ਨੀ ਕਾਹਤੋਂ ਮੈਨੂੰ, ਖ਼ੁਦ ਤੋਂ ਡਰ ਜਿਹਾ ਆਵੇ,

ਆਪਣਾ ਹੀ ਪਰਛਾਵਾਂ ਮੈਨੂੰ, ਕੱਲਿਆਂ ਆਣ ਡਰਾਵੇ,

ਹੱਥੀਂ ਲਾਏ ਬੂਟੇ ਨੂੰ ਮੈਂ, ਆਪੇ ਸੁੱਕਦਾ ਵੇਖਾਂ,

ਕਿਸ ਰਾਹੇ ਮੈਂ ਤੱਕਾਂਗਾ, ਕੋਈ ਪਾਂਧੀ ਨਜ਼ਰ ਨਾ ਆਵੇ।"

ਜਿਵੇਂ-ਜਿਵੇਂ ਸਾਈਂ ਬੋਲਦਾ ਜਾ ਰਿਹਾ ਸੀ, ਉਸਦੇ ਸ਼ਬਦ ਭਾਰੇ ਹੁੰਦੇ ਜਾ ਰਹੇ ਸੀ। ਸਾਈਂ ਵਿੱਚ ਬੋਲਣ ਦੀ ਅਤੇ ਸੁਣਨ ਵਾਲ਼ਿਆਂ ਵਿੱਚ ਸੁਣਨ ਦੀ ਹਿੰਮਤ ਨਹੀਂ ਸੀ ਰਹੀ। ਕਿੰਨਾ ਚਿਰ ਕਿਸੇ ਨੇ ਕੋਈ ਹਰਕਤ ਨਾ ਕੀਤੀ। ਥੋੜ੍ਹੀ ਦੇਰ ਬਾਅਦ ਇੰਦਰ ਸਿੰਘ ਦਾ ਭਰਾ ਸਰੂਪ ਸਿੰਘ ਪਿੰਡ ਵਾਲ਼ਿਆਂ ਨੂੰ ਕਹਿਣ ਲੱਗਾ – "ਆਪਾਂ 60-70 ਵਰ੍ਹਿਆਂ ਤੋਂ ਭਰਾਵਾਂ ਵਾਂਗ ਰਏ੍ਹ ਆਂ। ਦੁੱਖ-ਸੁੱਖ ਵੀ ਸਾਂਝਾਂ ਕਰਦੇ ਰਏ੍ਹ ਆਂ। ਕੋਈ ਭੁੱਲ-ਚੁੱਕ ਹੋਈ ਹੋਏ ਤਾਂ ਖਿਮਾ ਕਰਨਾ।"

ਮੌਲਵੀ ਖੜ੍ਹਾ ਹੋ ਬੋਲਿਆ – "ਸਰਦਾਰ ਜੀ। ਤੁਸੀ ਖਿਮਾ ਮੰਗਦੇ ਚੰਗੇ ਨਈ੍ਹਂ ਲੱਗਦੇ, ਤੁਆਡੇ ਕਰਕੇ ਤਾਂ ਪਿੰਡ 'ਚ ਬਰਕਤ ਸੀ। ਤੁਸੀ ਕਦੇ ਕਿਸੇ ਗਰੀਬ-

ਗੁਰਬੇ ਨੂੰ ਘਰੋਂ ਦਰੋਂ ਖਾਲੀ ਨਈ੍ਹੀਂ ਮੋੜਿਆ। ਖਿਮਾਂ ਤਾਂ ਅਸੀਂ ਚਾਉਨੇ ਆਂ, ਸਰਦਾਰ ਜੀ।" ਆਪਣੀ ਗੱਲ ਪੂਰੀ ਕਰਕੇ ਮੌਲਵੀ ਬੈਠ ਗਿਆ।

"ਇੱਕ ਗੱਲ ਹੋਰ ...।" ਇੰਦਰ ਸਿੰਘ ਬੋਲਿਆ।

"ਦੱਸੋ ਸਰਦਾਰ ਜੀ ।" ਭਰੇ ਇਕੱਠ 'ਚੋਂ ਆਵਾਜ਼ ਆਈ।

"ਸਾਡੇ ਜਾਣ ਪਿੱਛੋਂ, ਸਾਡੇ ਘਰਾਂ ਨੂੰ ਲੁੱਟਿਓ ਨਾ। ਏਨਾਂ 'ਤੇ ਓਧਰੋਂ ਆਉਣ ਵਾਲੇ ਮੁਸਲਮਾਨਾਂ ਦਾ ਹੱਕ ਏ। ਬੱਸ ਏਨੀ ਕੁ ਕਿਰਪਾ ਕਰਿਆ ਜੇ।" ਇੰਦਰ ਸਿੰਘ ਨੇ ਆਪਣਾ ਵਾਕ ਪੂਰਾ ਕੀਤਾ।

"ਸਰਦਾਰ ਜੀ, ਘਰ ਜਿਵੇਂ ਦੇ ਤਿਵੇਂ ਰਹਿਣਗੇ।" ਇੰਦਰ ਦੀ ਗੱਲ ਸੁਣ ਕੇ ਮੌਲਵੀ ਨੇ ਹਿੱਕ ਥਾਪੜ ਕੇ ਕਿਹਾ।

ਫਿਰ ਕਿੰਨਾ ਹੀ ਚਿਰ ਹਿੰਦੂ, ਸਿੱਖ ਤੇ ਮੁਸਲਮਾਨ ਗਲਵੱਕੜੀਆਂ ਪਾ ਕੇ ਮਿਲਦੇ ਰਹੇ। ਪੁਰਾਣੇ ਗਿਲੇ-ਸ਼ਿਕਵੇ ਸਭ ਭੁੱਲ ਗਏ ਸੀ, ਪਰ ਸਾਈਂ ਇੰਦਰ ਦੇ ਪੈਰਾਂ ਕੋਲ਼ ਖ਼ਾਮੋਸ਼ ਹੋਇਆ ਬੈਠਾ ਸੀ।

"ਹੌਸਲਾ ਰੱਖ ਸਾਈਂ, ਅਸੀਂ ਕਿਹੜਾ ਵਲੈਤ ਚੱਲੇ ਆਂ। ਤੂੰ ਏਧਰੋਂ ਸੱਦਣੈ, ਅਸੀਂ ਭੱਜੇ-ਭੱਜੇ ਆਉਣੈ।" ਇੰਦਰ ਸਿੰਘ ਨੇ ਸਾਈਂ ਨੂੰ ਥਾਪੜਾ ਦਿੱਤਾ।

"ਇਹ ਤਾਂ ਕਹਿਣ ਦੀਆਂ ਗੱਲਾਂ ਜੇ, ਸਰਦਾਰ ਜੀ। ਨਦੀਓਂ ਵਿਛੜੇ ਨੀਰ ਕਦ ਮਿਲਦੇ ਨੇ।" ਸਾਈਂ ਆਖ ਕੇ ਫਿਰ ਚੁੱਪ ਹੋ ਗਿਆ।

"ਹੁਣ ਵੱਡੇ ਵੇਲ਼ੇ ਜਾਇਓ, ਸਰਦਾਰ ਜੀ।" ਪਿੰਡ ਵਾਲ਼ਿਆਂ ਨੇ ਬੇਨਤੀ ਕੀਤੀ।

"ਉਹ ਭਲੇ ਲੋਕੋ ! ਪਹੁ ਫੁਟਦਿਆਂ ਤੁਆ੍ਹਡੇ ਪਿਆਰ, ਜਮੀਨਾਂ ਜਾਇਦਾਦਾਂ, ਘਰਾਂ ਤੇ ਗਲੀਆਂ ਨੇ ਸਾਨੂੰ ਕਿਵੇਂ ਜਾਣ ਦੇਣੈ। ਘਰ ਦੀਆਂ ਗਲੀਆਂ ਨੇ ਸਾਡੇ ਪੈਰਾਂ 'ਚ ਸੰਗਲ਼ ਬਣ ਜਾਣਾ ਏ!" ਇੰਦਰ ਨੇ ਪਿੰਡ ਨਾਲ਼, ਖੇਤਾਂ ਨਾਲ਼, ਪਿੰਡ ਦੇ ਲੋਕਾਂ ਨਾਲ਼ ਪਿਆਰ ਦਾ ਵਾਸਤਾ ਪਾਇਆ।

"ਚਲੋ ਹੁਣ ਜਾਓ ਸਾਰੇ, ਤੁਆ੍ਹਡੇ ਵੀ ਰੋਜ਼ਿਆਂ ਦਾ ਵੇਲ਼ਾ ਹੋ ਗਿਆ ਏ।" ਸਰੂਪ ਸਿੰਘ ਨੇ ਰਿਸਕਦੇ ਚੰਦ ਨੂੰ ਤੱਕ, ਸਮੇਂ ਦਾ ਅੰਦਾਜ਼ਾ ਲਾਇਆ।

ਵੇਖਦਿਆਂ ਹੀ ਵੇਖਦਿਆਂ ਘਰ ਖ਼ਾਲੀ ਹੋ ਗਿਆ। ਸਿਰਫ ਪਰਿਵਾਰ ਦੇ ਮੈਂਬਰ ਅਤੇ ਸਾਈਂ ਹਾਸਲ ਹੀ ਬਾਕੀ ਰਹਿ ਗਏ ਸੀ।

ਅੱਜ ਦੀ ਰਾਤ ਹਿੰਦੂਆਂ ਅਤੇ ਸਿੱਖਾਂ ਦੇ ਘਰ ਰੋਟੀ ਨਹੀਂ ਸੀ ਪੱਕੀ। ਜ਼ਿਆਦਾ ਨੇੜਤਾ ਵਾਲ਼ੇ ਮੁਸਲਮਾਨਾਂ ਦੇ ਚੁੱਲ੍ਹੇ ਵੀ ਠੰਢੇ ਹੀ ਸੀ। ਜੇ ਕਿਸੇ ਨੇ ਰੋਟੀ ਪਕਾ ਵੀ ਲਈ ਸੀ ਤਾਂ ਖਾਣ ਵਾਲ਼ਿਆਂ ਦੇ ਰਿਜ਼ਕ ਅੱਗੇ ਹੀ ਨਹੀਂ ਸੀ ਲੰਘ ਰਿਹਾ।

———

ਰਾਤ ਵਾਲ਼ਾ ਚੰਨ ਰਿਸਕਦਾ ਕਿੱਥੇ ਜਾ ਖਲੋਇਆ ਸੀ ! ਪ੍ਰਭਾਤ ਦੇ ਸਮੇਂ ਗੱਡੇ, ਪਿੰਡੋਂ ਬਾਹਰ ਵੱਡੇ ਪਿੱਪਲ ਕੋਲ਼ ਆ ਗਏ। ਸਰਦਾਰ ਆਖ਼ਰੀ ਵਾਰ ਘਰਾਂ ਦੇ ਬੂਹੇ ਭੇੜ ਆਏ। ਇੰਦਰ ਸਿੰਘ ਘਰ ਦੀ ਮਿੱਟੀ ਵੀ ਝੋਲ਼ੇ ਵਿੱਚ ਪਾ ਲਿਆਇਆ ਸੀ।

ਸਾਰੇ ਧਰਮਾਂ ਦੇ ਲੋਕ ਫਿਰ ਪਿੱਪਲ ਕੋਲ਼ ਇਕੱਠੇ ਹੋ ਗਏ।

"ਚੰਗਾ ਵਈ ਸੰਗਤੇ .. ਦਾਤਾਰ ਮਿਲਾਇਆ, ਫੇਰ ਮੇਲੇ ਹੋਣਗੇ, ਹੁਣ ਸਾਨੂੰ ਦਿਓ ਆਗਿਆ।"

ਇੰਦਰ ਸਿੰਘ ਨੇ ਹੱਥ ਜੋੜ, ਸਭ ਤੋਂ ਜਾਣ ਦੀ ਇਜਾਜ਼ਤ ਮੰਗੀ।

ਫਿਰ ਉਹ ਸਾਈਂ ਵੱਲ ਹੋ ਕੇ ਬੋਲਣ ਲੱਗਿਆ –"ਤੇਰੇ ਰੁੱਖ ਦੀ ਠੰਢੜੀ ਛਾਂ ਹੇਠਾਂ,

ਅਸੀਂ ਵਾਂਗ ਮੁਸਾਫਰਾ ਬਹਿ ਚੱਲੇ।"

ਸਾਈਂ ਚੁੱਪ ਰਿਹਾ।

ਸਰਦਾਰ ਭਰੇ ਮਨ ਨਾਲ਼ ਗੱਡਿਆਂ ਦੇ ਨੇੜੇ ਹੋਏ ਤਾਂ ਮੌਲਵੀ ਨੇ ਜੈਕਾਰਾ ਛੱਡਿਆ –"ਵਾਹਿਗੁਰੂ ਜੀ ਕਾ ਖਾਲਸਾ ...."

"ਵਾਹਿਗੁਰੂ ਜੀ ਕੀ ਫਤੇਹ ..." ਪਿੱਛੋਂ ਵੀ ਆਵਾਜ਼ ਪੂਰੇ ਜੋਸ਼ ਨਾਲ਼ ਆਈ।

ਸਾਈਂ ਨੂੰ ਪਤਾ ਨੀ ਕੀ ਔੜਿਆ! ਆਖ਼ਰੀ ਕਲਾਮ ਪੇਸ਼ ਕਰਨ ਲੱਗਾ –

"ਚੇ ਚੜ੍ਹ ਚੰਨਾ ਤੇ ਕਰ ਰੁਸ਼ਨਾਈ, ਤਾਰੇ ਜ਼ਿਕਰ ਕਰੇਂਦੇ ਤੇਰਾ ਹੂ।

ਤੇਰੇ ਜਿਹੇ ਚੰਨ ਕਈ ਸੈ ਚੜ੍ਹਦੇ, ਸਾਨੂੰ ਸੱਜਣਾਂ ਬਾਝ ਹਨੇਰਾ ਹੂ।

ਜਿੱਥੇ ਚੰਨ ਅਸਾਡਾ ਚੜ੍ਹਦਾ, ਉੱਥੇ ਕਦਰ ਨਹੀਂ ਕੁੱਝ ਤੇਰਾ ਹੂ।

ਜਿਸ ਦੇ ਕਾਰਨ ਜਨਮ ਗੁਆਇਆ ਬਾਹੂ, ਯਾਰ ਮਿਲੇ ਇੱਕ ਵੇਰਾ ਹੂ।"

ਇੰਦਰ ਸਿੰਘ ਨੇ ਸਾਈਂ ਨੂੰ ਜੱਫੀ ਵਿੱਚ ਲੈ ਲਿਆ। ਕਿੰਨਾ ਹੀ ਚਿਰ ਜੱਫੀ ਢਿੱਲੀ ਨਾ ਪਈ। ਸਾਰੇ ਵੇਖਦੇ ਹੀ ਰਹੇ। ਬੋਲਿਆ ਕੋਈ ਵੀ ਨਾ। ਵੇਖਣ ਵਾਲ਼ੇ ਵੀ ਸੁੰਨ ਹੋ ਗਏ।

ਅੰਤ ਭਰੇ ਮਨ ਨਾਲ਼ ਕਾਫ਼ਲਾ ਮੂਲ ਨਾਲੋਂ ਟੁੱਟ ਕੇ ਚੱਲ ਪਿਆ। ਮੁਸਲਮਾਨ ਡਾਂਗਾਂ—ਸੋਟੇ ਲੈ ਕੇ ਰੱਖਿਆ ਲਈ ਆਏ ਤਾਂ ਜੋ ਜਾਂਦੀ ਵਾਰ ਕੋਈ ਪਾਸਲੇ ਪਿੰਡ 'ਚੋਂ ਸ਼ਰਾਰਤੀ ਅਨਸਰ, ਪਿਆਰ 'ਚ ਜ਼ਹਿਰ ਨਾ ਘੋਲ਼ ਦੇਵੇ ਜਾਂ ਪਿੰਡ ਦੇ ਮੱਥੇ 'ਤੇ ਕਲੰਕ ਨਾ ਲਾ ਦੇਵੇ।

ਚੱਕ ਖਲੀਲ ਦਾ ਜਥਾ ਨਹਿਰ ਦੇ ਪੁਲ਼ ਕੋਲ਼ ਜਾ ਰੁਕਿਆ।

ਇੰਦਰ ਨੇ ਚਾਰੇ ਪਾਸੇ ਨਜ਼ਰ ਦੌੜਾਈ ਪਰ ਸਾਈਂ ਨਜ਼ਰ ਨਾ ਆਇਆ। ਉਹ ਰਸਤੇ 'ਚੋਂ ਹੀ ਕਿੱਧਰੇ ਵਾਪਸ ਪਰਤ ਗਿਆ। ਵੰਡ ਦੀ ਕਾਲੀ ਹਨੇਰੀ ਨੇ, ਇੰਦਰ ਦੇ ਪਰਿਵਾਰ ਅਤੇ ਸਾਈਂ ਵਿੱਚ ਅਮਿਣਵੀਆਂ ਦੂਰੀਆਂ ਹੀ ਤਾਂ ਪਾ ਦਿੱਤੀਆਂ।

ਅੰਤਿਮ ਵਿਦਾਇਗੀ ਲੈ ਕਾਫ਼ਲਾ, ਇੰਦਰ ਸਿੰਘ ਦੀ ਅਗਵਾਈ ਵਿੱਚ, ਚੜ੍ਹਦੇ ਪੰਜਾਬ ਨੂੰ ਚੱਲ ਪਿਆ।

———

ਨੇੜਲੇ ਪਿੰਡ ਵੱਡੀਆਂ ਗਲੋਟੀਆਂ, ਛੋਟੀਆਂ ਗਲੋਟੀਆਂ, ਗੋਲੀਆਂ, ਸੇਖਵਾਂ ਤੋਂ ਵੀ ਪਰਿਵਾਰ ਮਾਹੌਲ ਵੇਖ ਕੇ ਉੱਠਣੇ ਸ਼ੁਰੂ ਹੋ ਗਏ। ਸੇਖਵਾਂ ਪਿੰਡ, ਹਿੰਦੂਆਂ ਦੀ ਆਬਾਦੀ ਜ਼ਿਆਦਾ ਸੀ। ਸਿੱਖਾਂ ਦੇ ਨਾਲ਼-ਨਾਲ਼ ਹਿੰਦੂਆਂ ਦੀ ਜਾਨ ਵੀ ਮੁੱਠੀ

’ਚ ਆਈ ਹੋਈ ਸੀ। ਸਾਰੇ ਪਿੰਡ ਦੇ ਹਿੰਦੂ ਸੇਠ ਤੀਰਥ ਮੱਲ ਦੀ ਖੁੱਲ੍ਹੀ-ਡੁੱਲ੍ਹੀ ਹਵੇਲੀ ਵਿੱਚ ਇਕੱਠੇ ਹੋਣੇ ਸ਼ੁਰੂ ਹੋ ਗਏ। ਰਸਦ ਤੇ ਅਨਾਜ ਹਵੇਲੀ ਵਿੱਚ ਹੀ ਇੱਕ ਥਾਂ ’ਤੇ ਇਕੱਠਾ ਕਰ ਲਿਆ।

ਸਿਆਣੇ ਮਰਦ ਸਲਾਹ ਦੇ ਰਹੇ ਸੀ -

“ਪਿੰਡ ਛੱਡਿਆ ਜਾਏ।”

ਪਰ ਸ਼ੇਖਾਂ ਦੀ ਇੱਕ ਤਿਹਾਈ ਗਿਣਤੀ ਵਾਲ਼ੇ ਪਿੰਡ ਦੇ ਮੋਢੀ ਸ਼ੇਖ, ਵਾਰ-ਵਾਰ ਆ ਕੇ ਹੌਸਲਾ ਦੇ ਰਹੇ ਸੀ - “ਸਾਡੇ ਹੁੰਦਿਆਂ ਕਿਸ ਗੱਲ ਦਾ ਡਰ ! ਤੁਸਾਂ ਆਪਣੇ ਘਰ-ਬਾਰ, ਆਹ ਹਵੇਲੀਆਂ ਛੱਡ ਕਿੱਥੇ ਜਾਣਾ ਏ!”

ਮੋਹ-ਪ੍ਰੇਮ ਵਾਲ਼ੇ ਸੇਖਾਂ ਦੇ ਦਿਲਾਸੇ ਅਸਥਾਈ ਹੌਸਲਾ ਦਿੰਦੇ ਪਰ ਮਨ ਅੰਦਰਲੀ ਚਿੰਤਾ ਵਧਦੀ ਹੀ ਜਾ ਰਹੀ ਸੀ।

ਅਚਾਨਕ 14 ਭਾਦੋਂ ਦੀ ਸ਼ਾਮ ਦਾ ਡੁੱਬਦਾ ਸੂਰਜ ਹਿੰਦੂਆਂ ਦੇ ਮੱਥਿਆਂ ’ਤੇ ਪ੍ਰਸ਼ਨ ਚਿੰਨ੍ਹ ਲਾਉਂਦਾ ਛਿਪ ਗਿਆ। ਸ਼ੇਖ ਭੱਜੇ-ਭਜਾਏ ਤੀਰਥ ਮੱਲ ਦੀ ਹਵੇਲੀ ਵੱਲ ਵਧੇ। ਉਨ੍ਹਾਂ ਦਾ ਸਾਹ ਨਾਲ਼ ਸਾਹ ਨਹੀਂ ਸੀ ਰਲ਼ ਰਿਹਾ। ਉਨ੍ਹਾਂ ਦੇ ਮੱਥੇ ’ਤੇ ਟਪਕ ਰਹੀਆਂ ਮੁੜ੍ਹਕੇ ਦੀਆਂ ਬੂੰਦਾਂ ਦੱਸ ਰਹੀਆਂ ਸੀ, ਸਭ ਠੀਕ ਨਹੀਂ।

“ਤੀਰਥ ਮੱਲ ਜੀ, ਸੁਣਿਐ, ਬਾਸੀਵਾਲਾ ਵੱਲੋਂ ਫਸਾਦੀਆਂ ਦਾ ਖਾਸਾ ਤਕੜਾ ਝੁੰਡ ਏਧਰ ਨੂੰ ਵਧ ਰਿਹਾ ਏ ..... ਤੁਸੀਂ ਪਿੰਡ ਛੱਡ ਜਾਓ।”

ਸੱਚਮੁੱਚ ਹੀ ਬਾਸੀਵਾਲਾ ਵੱਲੋਂ ਫਸਾਦੀਆਂ ਦਾ ਸਮਰੱਥ ਝੁੰਡ ਮਾਰੋ-ਮਾਰ ਕਰਦਾ ‘ਅੱਲ੍ਹਾ ਹੂ ਅਕਬਰ ..... ਪਾਕਿਸਤਾਨ .... ਜ਼ਿੰਦਾਬਾਦ ....’ ਦੇ ਨਾਅਰੇ ਲਾਉਂਦਾ ਸੇਖਵਾਂ ਵੱਲ ਨੂੰ ਵੱਧ ਰਿਹਾ ਸੀ। ਫਸਾਦੀਆਂ ਨੂੰ ਇਸ ਪਿੰਡ ਵਿੱਚ ਹਿੰਦੂਆਂ ਦੇ ਇਕੱਠੇ ਹੋਣ ਦੀ ਖ਼ਬਰ ਮਿਲ ਗਈ ਸੀ।

ਸੂਰਜ ਡੁੱਬਣ ਦੀ ਦੇਰ ਸੀ, ਚਾਰੇ ਪਾਸੇ ਹਨੇਰਾ ਹੀ ਹਨੇਰਾ ਹੋ ਗਿਆ। ਫਸਾਦੀਆਂ ਦਾ ਝੁੰਡ ਤਕੜੇ ਝੱਖੜ ਦੀ ਤਰ੍ਹਾਂ ਅੱਗਾਂ ਲਾਉਂਦਾ, ਲੁੱਟ-ਖੋਹ ਕਰਦਾ, ਸੁੱਚੇ ਸਰੀਰਾਂ ਨੂੰ ਜੂਠ ਦੀ ਪੁੱਠ ਚਾੜ੍ਹਦਾ, ਹਵਸ ਦੀ ਪੂਰਤੀ ਕਰਦਾ ਨਿਰੰਤਰ ਅੱਗੇ ਵਧਦਾ ਆ ਰਿਹਾ ਸੀ।

ਤੀਰਥ ਮੱਲ ਨੇ ਸੂਝ-ਬੂਝ ਤੋਂ ਕੰਮ ਲੈਂਦਿਆਂ ਤੁਰੰਤ ਫਰਮਾਨ ਜਾਰੀ ਕੀਤਾ - “ਔਰਤਾਂ ਤੇ ਬੱਚਿਆਂ ਨੂੰ ਲੈ ਕੇ ਚੁਬਾਰੇ ’ਤੇ ਚਲੀਆਂ ਜਾਣ। ਮਰਦ ਹੇਠਾਂ ਜ਼ਾਲਮਾਂ ਨਾਲ਼ ਲੋਹਾ ਲੈਣ ਲਈ ਕਮਰ ਕਸ ਲੈਣ।”

ਮਰਦਾਂ ਨੇ ਸਾਫ਼-ਸਾਫ਼ ਸ਼ਬਦਾਂ ਵਿੱਚ ਸੁਆਣੀਆਂ ਨੂੰ ਸਮਝਾ ਦਿੱਤਾ- “ਜੇ ਬਚ ਗਏ ਤਾਂ ਤੁਆਡੇ, ਨਾ ਬਚੇ ਤਾਂ ਦਾਤਾਰ ਦੇ।”

ਔਰਤਾਂ ਵੀ ਆਪਣੇ ਪਤੀਆਂ ਨੂੰ ਆਖਣ ਲੱਗੀਆਂ-“ਅਸੀਂ ਵੀ ਮੁਸਲਮਾਨਾਂ ਦੇ ਹੱਥ ਨੀ ਆਉਣਾ। ਤੁਆਡੇ ਨਾਲ ਕੋਈ ਅਨਹੋਣੀ ਵਾਪਰੀ ਤਾਂ ਅਸੀਂ ਚੁਬਾਰੇ ਤੋਂ ਛਾਲ਼ ਮਾਰ ਕੇ ਜਾਨ ਦੇ ਛੱਡਣੀ ਏ।”

ਸਭ ਔਰਤਾਂ ਬੱਚਿਆਂ ਸਮੇਤ ਚੁਬਾਰੇ ’ਤੇ ਜਾ ਚੁੱਕੀਆਂ ਸੀ। ਤੀਰਥ ਮੱਲ

ਦੀ ਛੋਟੀ ਨੂੰਹ ਬਹੁਤ ਮੁਸ਼ਕਿਲ ਨਾਲ਼ ਚੁਬਾਰੇ ਉੱਪਰ ਗਈ। ਉਸ ਕੋਲ਼ ਨਿੱਕਾ-ਨਿਆਣਾ ਹੋਣ ਵਾਲ਼ਾ ਸੀ। ਦਿਨ ਵੀ ਪੂਰੇ ਹੋ ਗਏ ਸੀ, ਸਗੋਂ ਇੱਕ-ਦੋ ਦਿਨ ਉੱਤੋਂ ਦੀ ਲੰਘ ਗਏ ਸੀ। ਲੱਛਮੀ ਨੂੰ ਵੇਖ-ਵੇਖ ਸਾਰੇ ਟੱਬਰ ਦੀ ਚਿੰਤਾ ਵਧ ਰਹੀ ਸੀ। ਉਸਦੀ ਸੱਸ ਲੀਲਾਵਤੀ, ਤੀਰਥ ਮੱਲ ਨੂੰ ਦੋ ਦਿਨ ਪਹਿਲਾਂ ਹੀ ਆਖ ਹਟੀ ਸੀ-

"ਨੂੰਹ ਰਾਣੀ ਦਾ ਕਿੰਝ ਕਰਾਂਗੇ ?"

"ਦਾਤਾਰ ਦੇ ਭਰੋਸੇ ਤੋਰ ਲਵਾਂਗੇ ਜੇ ਪਿੰਡ ਛੱਡਣਾ ਵੀ ਪਿਆ ਤੇ, ਹੋਰ ਤਾਂ ਕੋਈ ਹੱਲ ਨੀ।" ਤੀਰਥ ਮੱਲ ਨੇ ਡੋਰੀਆਂ ਰੱਬ ਦੇ ਭਰੋਸੇ ਛੱਡ ਦਿੱਤੀਆਂ।

ਸੱਸ ਲੀਲਾਵਤੀ ਨੂੰ ਕਿੰਨਾ ਚਾਅ ਸੀ ! ਮਨ ਵਿੱਚ ਕਿੰਨੇ ਅਰਮਾਨ ਸੀ, ਪਹਿਲੇ ਬੱਚੇ ਦਾ ਮੂੰਹ ਵੇਖਣ ਦੇ। ਕਿੰਨੀਆਂ ਹੀ ਸੁੱਖਾਂ ਸੁੱਖੀਆਂ ਸੀ, ਉਸ ਨੇ ਮੰਦਰਾਂ ਵਿੱਚ ਤਾਂ ਮੱਥੇ ਰਗੜਨੇ ਹੀ ਸੀ, ਉਹ ਤਾਂ ਤੀਰਥ ਮੱਲ ਤੋਂ ਚੋਰੀਓਂ ਪੀਰ ਦੀ ਦਰਗਾਹ 'ਤੇ ਵੀ ਜਾਂਦੀ ਰਹੀ ਸੀ, ਲੱਛਮੀ ਨੂੰ ਨਾਲ਼ ਲੈ ਕੇ।

ਵੰਡ ਦੀ ਪੀੜਾ ਨੇ ਲੱਛਮੀ ਦੀ ਜੰਮਣ ਪੀੜਾ ਹੋਰ ਵਧਾ ਦਿੱਤੀ ਸੀ। ਚੁਬਾਰੇ ਤਕ ਅੱਪੜਨ ਤੋਂ ਬਾਅਦ ਲੱਛਮੀ ਨੇ ਦੋਹਾਂ ਹੱਥਾਂ ਨਾਲ਼ ਵੱਖੀਆਂ ਫੜ ਲਈਆਂ। ਉਹ ਥਾਂ 'ਤੇ ਹੀ ਢਹਿ-ਢੇਰੀ ਹੋ ਕੇ ਲੇਟ ਗਈ। ਪਹਿਲਾ ਜਣੇਪਾ ਹੋਣ ਕਾਰਨ ਉਸ ਨੂੰ ਜਣਨ—ਪੀੜਾ ਹੋਰ ਵੀ ਤੰਗ ਕਰ ਰਹੀ ਸੀ। ਤਿੱਖੀ ਪੀੜ ਹੋਰ ਤਿੱਖੀ ਹੋ ਰਹੀ ਸੀ। ਦੰਦ ਜੋੜਨ ਤੋਂ ਬਾਅਦ ਉਸ ਨੇ ਦੇਖ-ਭਾਲ਼ ਲਈ ਕੋਲ਼ ਬੈਠੀ ਸੱਸ ਲੀਲਾਵਤੀ ਦਾ ਸੱਜਾ ਹੱਥ ਆਪਣੇ ਦੋਨੋਂ ਹੱਥਾਂ ਵਿੱਚ ਘੁੱਟ ਲਿਆ। ਦਰਦ ਨੂੰ ਸਹਿਣ ਕਰਨ ਦਾ ਇਹ ਵੀ ਇੱਕ ਸਾਧਨ ਹੁੰਦਾ ਹੈ।

ਲੱਛਮੀ ਇਕਹਿਰੀ ਜਦਕਿ ਪਰਿਵਾਰ ਦੂਹਰੀ ਪੀੜਾ ਵਿੱਚੋਂ ਗੁਜ਼ਰ ਰਿਹਾ ਸੀ। ਲੀਲਾਵਤੀ ਦੀ ਮਦਦ ਲਈ ਸਿਆਣੀਆਂ ਜ਼ਨਾਨੀਆਂ ਵੀ ਕੋਲ਼ ਆ ਗਈਆਂ।

"ਕੁੱਝ ਨਈ੍ਹੰ ਹੋਣਾ, ਤੂੰ ਚਿੰਤਾ ਨਾ ਕਰ ਮੇਰੀ ਧੀ ਰਾਣੀ।" ਲੀਲਾਵਤੀ ਉਸ ਨੂੰ ਦਿਲਾਸਾ ਦੇ ਰਹੀ ਸੀ।

"ਪਰ ਮੇਰਾ ਅੰਦਰ ਖ਼ਾਲੀ-ਖ਼ਾਲੀ ਕਿਉਂ ਲੱਗ ਰਿਆ ਏ ... ਮੈਨੂੰ ਇੰਝ ਕਿਉ ਲੱਗਦੈ .. ਜੀਕਣ ਮੇਰੇ ਪੇਟ 'ਚ ਰੇਤ ਭਰ ਅਿਹਾ ਹੋਏ।" ਉਸਦੇ ਚਿਹਰੇ ਤੋਂ ਉਸ ਦਾ ਦਰਦ ਪੜ੍ਹਿਆ ਜਾ ਸਕਦਾ ਸੀ।

ਲੱਛਮੀ ਦੇ ਖਾਵੰਦ ਦਾ ਧਿਆਨ ਭਟਕ ਰਿਹਾ ਸੀ। ਮਰਦਾਂ ਵਿੱਚ ਖੜ੍ਹਾ ਉਹ ਦੁਸ਼ਮਣ ਦੀ ਬਿੜਕ ਵੀ ਲੈ ਰਿਹਾ ਸੀ ਤੇ ਉੱਪਰ ਲੱਛਮੀ ਦਾ ਦਰਦ ਵੀ ਮਹਿਸੂਸ ਕਰ ਰਿਹਾ ਸੀ। ਉਸਨੇ ਉੱਪਰ ਜਾਣਾ ਵੀ ਚਾਹਿਆ ਪਰ ਤੀਰਥ ਮੱਲ ਨੇ ਰੋਕ ਦਿੱਤਾ। ਤੀਰਥ ਮੱਲ ਖ਼ੁਦ ਲਾਲਟੈਣ ਲੈ ਕੇ ਚੁਬਾਰੇ 'ਤੇ ਚਲਾ ਗਿਆ।

"ਸਭ ਠੀਕ ਨਈ੍ਹੰ ਲੱਗਦਾ।" ਲੀਲਾਵਤੀ ਕੋਲ਼ ਆ ਕੇ ਖ਼ੁਦ ਦੱਸ ਗਈ ਸੀ। ਤੀਰਥ ਮੱਲ ਆਪ ਵੀ ਉੱਧਰ ਜਾਣ ਤੋਂ ਰੁਕ ਗਿਆ ਸੀ। ਲੀਲਾਵਤੀ ਦੱਸ ਕੇ ਚਲੀ ਗਈ। ਸੇਠ ਉਸਦੀ ਗੱਲ ਦਾ ਜਵਾਬ ਨਾ ਦੇ ਸਕਿਆ ਜਾਂ ਵਕਤ ਹੀ ਐਸਾ ਸੀ,

ਉਹ ਜਵਾਬ ਨਹੀਂ ਸੀ ਦੇਣਾ ਚਾਹੁੰਦਾ।

ਤੀਰਥ ਮੱਲ ਦੁਸ਼ਮਣ ਦੀ ਰਾਹ ਤੱਕਣ ਲੱਗਾ। ਦੁਸ਼ਮਣ ਤਾਂ ਪਿੰਡ ਦੀ ਜੂਹ ਵੀ ਲੰਘ ਆਇਆ ਸੀ ਪਰ ਪਿੰਡ ਦੇ ਸ਼ੇਖ ਹਥਿਆਰ ਲੈ ਕੇ ਫਸਾਦੀਆਂ ਨੂੰ ਖਦੇੜਨ ਲਈ ਵੱਡੇ ਟੋਭੇ ਕੋਲ਼ ਇਕੱਠੇ ਹੋ ਗਏ। ਸਾਹਮਣੇ ਆਪਣੇ ਹੀ ਧਰਮੀ ਲੋਕ ਖੜ੍ਹੇ ਵੇਖ ਫਸਾਦੀਆਂ ਦੀ ਤੋਰ ਮੱਠੀ ਪੈ ਗਏ।

"ਕਾਫਰ ਟੁਰ ਗਏ ਕਿ ਨਾ ......" ਕਾਲੇ ਬਾਣੇ ਵਾਲ਼ੇ ਘੋੜਸਵਾਰ ਨੇ ਸਾਹਮਣੇ ਖੜ੍ਹੇ ਝੁੰਡ ਨੂੰ ਸੰਬੋਧਨ ਕੀਤਾ।

"ਕੌਣ ਕਾਫਰ ! ਉਹ ਸਾਡੇ ਭਰਾ ਨੇ।" ਤੀਰਥ ਮੱਲ ਦੇ ਪੁਰਾਣੇ ਲਿਹਾਜ਼ੀ ਸ਼ੇਖ ਦੇ ਉਨ੍ਹਾਂ ਨੂੰ ਵੇਖ ਡੌਲ਼ੇ ਫਰਕ ਰਹੇ ਸੀ।

ਉਧਰ ਤੀਰਥ ਮੱਲ ਨੂੰ ਦੁਸ਼ਮਣ ਦੇ ਆਉਣ ਦਾ ਅੰਦੇਸ਼ਾ ਹੋ ਗਿਆ। ਉਸਨੇ ਮਰਦਾਂ ਨੂੰ ਚੇਤਾਵਨੀ ਦਿੱਤੀ – "ਤਿਆਰ ਹੋ ਜਾਓ ... ਦੁਸ਼ਮਣ ਪਿੰਡ ਤਕ ਪਹੁੰਚ ਗਿਆ।"

ਦੁਸ਼ਮਣ ਤਾਂ ਸ਼ੇਖਾਂ ਦੁਆਰਾ ਬਣਾਇਆ ਰੱਖਿਆ ਘੇਰਾ ਤੋੜ ਕੇ ਪਿੰਡ ਵਿੱਚ ਦਾਖਲ ਵੀ ਹੋ ਗਿਆ ਸੀ। ਇਹ ਵਕਤ ਹੀ ਅਜਿਹਾ ਸੀ ਜਦ ਸ਼ੇਖਾਂ ਦੀ ਗੱਲਾਂ ਉਨ੍ਹਾਂ ਦੇ ਕੰਨਾਂ ਤੋਂ ਕੋਹਾਂ ਦੂਰ ਸੀ। ਤੂਫ਼ਾਨ ਦੀ ਰਫ਼ਤਾਰ ਨਾਲ਼ ਆਏ ਫਸਾਦੀ ਸ਼ੇਖਾਂ ਨੂੰ ਖੇੜ ਕੇ ਪਿੰਡ ਵਿੱਚ ਦਾਖਲ ਹੋ ਗਏ। ਜਿਵੇਂ ਹੜ੍ਹ ਦੇ ਪਾਣੀ ਨੂੰ ਕਹੀ ਦੇ ਟੱਕ ਨਹੀਂ ਰੋਕ ਸਕਦੇ, ਇਸੇ ਤਰ੍ਹਾਂ ਦੁਸ਼ਮਣ ਦਾ ਕਾਫ਼ਲਾ ਸ਼ੇਖ ਰੋਕ ਨਾ ਸਕੇ।

ਟਿਕੇ ਹੋਏ ਪਿੰਡ ਵਿੱਚ ਧੂੰਆਂ ਨਿਕਲਣਾ ਸ਼ੁਰੂ ਹੋ ਗਿਆ। ਅੱਗ ਦੀਆਂ ਲਪਟਾਂ ਹਵੇਲੀ ਵਿੱਚ ਟਹਿਲ ਰਹੇ ਤੀਰਥ ਮੱਲ ਨੂੰ ਸਾਫ਼ ਦਿਖਾਈ ਦੇ ਰਹੀਆਂ ਸੀ।

ਹਰ ਪਾਸੇ ਅੱਗ ਹੀ ਅੱਗ ਸੀ, ਦਿਲਾਂ 'ਚ ਅੱਗ, ਫਿਜ਼ਾ 'ਚ ਅੱਗ, ਆਲ਼ੇ-ਦੁਆਲ਼ੇ 'ਚ ਅੱਗ, ਦਿਸ ਰਹੀ ਅੱਗ, ਅਪ੍ਰਤੱਖ ਅੱਗ ...। ਇਸ ਅੱਗ ਨੂੰ ਰੋਕਣ ਵਾਲ਼ਿਆਂ ਦੀ ਗਿਣਤੀ ਨਾਦਾਰਦ ਸੀ।

"ਅੱਲ੍ਹਾ ਹੂ ਅਕਬਰ ...... ਅੱਲ੍ਹਾ ਹੂ ਅਕਬਰ .....ਕਾਇਦੇ ਆਜ਼ਮ ਮੁਹੰਮਦ ਅਲੀ ਜ਼ਿੰਦਾਬਾਦ।"

ਦੁਸ਼ਮਣ ਦਹਾੜਦਾ ਹਵੇਲੀ ਤਕ ਅੱਪੜ ਗਿਆ। ਹਿੰਦਆਂ ਨੇ 'ਟਾਕਰਾ ਕਰੋ ਜਾਂ ਮਰੋ' ਦੀ ਨੀਤੀ ਧਾਰਨ ਕੀਤੀ। ਹਵੇਲੀ ਦਾ ਵੱਡਾ ਦਰਵਾਜ਼ਾ ਖੋਲ੍ਹ ਦਿੱਤਾ ਗਿਆ। ਦਰਵਾਜ਼ਾ ਖੋਲ੍ਹਣ ਤੋਂ ਬਿਨਾਂ ਹੁਣ ਕੋਈ ਚਾਰਾ ਵੀ ਨਹੀਂ ਸੀ। ਦੁਸ਼ਮਣ ਪੂਰੀ ਹਵੇਲੀ ਨੂੰ ਅੱਗ ਲਾ ਸਕਦੇ ਸੀ। ਰਾਤ ਦੇ ਹਨੇਰੇ ਵਿੱਚ ਫਸਾਦੀਆਂ ਤੇ ਹਿੰਦੂਆ ਵਿੱਚ ਸਿੱਧੇ ਮੱਥੇ ਟਾਕਰਾ ਹੋ ਗਿਆ। ਬਰਛੇ, ਤਲਵਾਰਾਂ ਲਿਸ਼ਕਣ ਲੱਗੀਆਂ। ਮਾਰੋ-ਮਾਰੀ ਵਿੱਚ ਘੋੜੇ ਹਿਣਕ ਰਹੇ ਸੀ। ਹਿਣਕਦੇ ਘੋੜੇ ਮਹਾਜਨਾਂ ਨੂੰ ਇਸ ਤਰ੍ਹਾਂ ਦਰੜ ਰਹੇ ਸੀ ਜਿਵੇਂ ਨਗੌਰੀ ਬਲ਼ਦ ਕਣਕ ਨੂੰ ਗਾਹੁੰਦੇ ਹੋਣ। ਹਿੰਦੂਆਂ ਵਿੱਚ ਤਿਆਰੀ ਕਰਕੇ ਆਏ ਦੁਸ਼ਮਣ ਨਾਲ਼ ਨਜਿੱਠਣ ਦਾ ਹੌਸਲਾ ਨਹੀਂ ਸੀ। ਸਾਣ 'ਤੇ ਲਾਏ ਹਥਿਆਰ ਚੱਕਰ ਦੀ ਛੇਦਕ ਰੇਖਾ ਵਾਂਗ ਆਰ-ਪਾਰ ਲੰਘ ਰਹੇ ਸੀ। ਰਾਤ ਦੇ ਹਨੇਰੇ ਵਿੱਚ ਸਾਰੀ ਹਵੇਲੀ ਖ਼ੂਨ ਨਾਲ਼ ਕਾਲ਼ੀ ਨਜ਼ਰ ਆਉਣ ਲੱਗੀ। ਵੇਖਦਿਆਂ

ਹੀ ਵੇਖਦਿਆਂ ਲੋਥਾਂ ਦੇ ਢੇਰ ਲੱਗ ਗਏ।

ਤੀਰਥ ਮੱਲ ਦੀ ਹਵੇਲੀ ਅੱਜ ਯੁੱਧ ਦਾ ਮੈਦਾਨ ਬਣ ਗਈ ਸੀ। ਸਾਹਮਣੇ, ਦੁਸ਼ਮਣ ਦੇ ਤੇਜ਼ੀ ਨਾਲ਼ ਕੀਤੇ ਵਾਰ ਨਾਲ਼, ਲਾਡਾਂ ਨਾਲ਼ ਪਾਲ਼ੇ ਗੱਭਰੂ ਪੁੱਤ ਨੂੰ ਗਸ਼ ਖਾ ਕੇ ਮੂਧੇ ਮੂੰਹ ਡਿੱਗਦਿਆਂ ਵੇਖ, ਸੇਠ ਦੇ ਹੱਥੋਂ ਲਾਲਟੈਣ ਛੁਟ ਗਈ। ਉਸ ਦੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ। ਉਹ ਥਾਂ 'ਤੇ ਹੀ ਡਿੱਗ ਪਿਆ।

ਫਸਾਦੀ ਮਰਦਾਂ ਨਾਲ਼ ਦੋ ਹੱਥ ਕਰਨ ਤੋਂ ਬਾਅਦ ਔਰਤਾਂ ਵੱਲ ਵਧਣ ਲੱਗੇ। ਔਰਤਾਂ ਵੱਲ ਵਧਣ ਦਾ ਹਰ ਇੱਕ ਦਾ ਵੱਖੋ-ਵੱਖਰਾ ਟੀਚਾ ਸੀ। ਜਿਵੇਂ ਹੀ ਦੁਸ਼ਮਣ ਪੌੜੀਆਂ ਚੜ੍ਹਨ ਲੱਗਾ, ਔਰਤਾਂ ਨੇ ਕੀਤੇ ਵਾਅਦੇ ਨੂੰ ਪੂਰਾ ਕਰਦਿਆਂ, ਪਿਛਲੀ ਗਲੀ ਵੱਲ ਬੱਚਿਆਂ ਸਮੇਤ ਛਾਲ਼ਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਦੁਸ਼ਮਣ ਦੇ ਪਹੁੰਚਣ ਤਕ ਚੁਬਾਰਾ ਖ਼ਾਲੀ ਸੀ। ਕੁੱਝ ਸਮਾਂ ਪਹਿਲਾਂ ਦਰਦ ਨਾਲ਼ ਤੜਫ ਰਹੀ ਲੱਛਮੀ ਵੀ ਨਜ਼ਰ ਨਹੀਂ ਸੀ ਆ ਰਹੀ।

ਹੁਣ ਲੁਟੇਰਿਆਂ ਦਾ ਕੰਮ ਰਹਿ ਗਿਆ ਸੀ, ਹਵੇਲੀ ਨੂੰ ਲੁੱਟਣਾ ਤੇ ਮਾਰੇ ਜਾ ਚੁੱਕੇ ਦੁਸ਼ਮਣਾਂ 'ਤੇ ਹੱਥ ਸਾਫ਼ ਕਰਨਾ। ਹਵੇਲੀ ਅਤੇ ਮੁਰਦਿਆਂ ਦੀ ਲੁੱਟ ਸ਼ੁਰੂ ਹੋ ਗਈ ਸੀ। ਬਹੁਤੇ ਚਲਾਕ ਲੁਟੇਰੇ ਪਿਛਲੀ ਗਲੀ ਵੱਲ ਔਰਤਾਂ ਦੇ ਗਹਿਣੇ ਲਾਹੁਣ ਚਲੇ ਗਏ। ਫਸਾਦੀ, ਅਜੇ ਤਕ ਸਿਸਕ ਰਹੇ ਰਹੇ ਹਿੰਦੂਆਂ ਨੂੰ, ਆਖ਼ਰੀ ਵਾਰ ਨਾਲ਼ ਮੌਤ ਦੇ ਘਾਟ ਉਤਾਰਨ ਵਿੱਚ ਢਿੱਲ ਨਹੀਂ ਸੀ ਵਰਤ ਰਹੇ।

ਚੋਖਾ ਮਾਲ ਹੱਥ ਲੱਗਣ ਤੋਂ ਬਾਅਦ ਫਸਾਦੀ ਚੱਕ ਖਲੀਲ ਤੇ ਭੱਟੀ ਭੰਗੋ ਨੂੰ ਚੱਲ ਪਏ ਪਰ ਦੋਵੇਂ ਪਿੰਡ ਦੇ ਸਿੱਖ ਤੇ ਹਿੰਦੂ ਤਾਂ ਅੱਜ ਸਵੇਰੇ ਹੀ ਗਲੋਟੀਆਂ ਨੂੰ ਚੱਲ ਪਏ ਸੀ।

ਇੰਦਰ ਸਿੰਘ ਹੋਰਾਂ ਦੇ ਗਲੋਟੀਆਂ ਪਹੁੰਚਣ ਤਕ ਆਸ-ਪਾਸ ਦੇ ਦਸ ਪਿੰਡ ਇਕੱਠੇ ਹੋ ਗਏ। ਰਾਸ਼ਨ ਦੀ ਘਾਟ ਕਾਰਨ ਭੁੱਖ ਵੱਢ-ਵੱਢ ਖਾ ਰਹੀ ਸੀ। ਕਿਸੇ ਕੋਲ਼ ਘਿਉ, ਆਟਾ, ਕੱਚਾ ਦਲ਼ੀਆ ਤੇ ਕਿਸੇ ਕੋਲ਼ ਗੁੜ ਆਦਿ ਸੀ। ਕਿਸੇ ਪਰਿਵਾਰ ਕੋਲ਼ ਖਾਣ ਲਈ ਕੁੱਝ ਵੀ ਨਹੀਂ ਸੀ, ਹੱਥ ਸੱਖਣੇ ਸੀ। ਆਖ਼ਰ ਇੱਕ ਦੂਜੇ ਦੇ ਸਹਿਯੋਗ ਤੇ ਸਾਂਝ ਨਾਲ਼ ਹਰ ਇੱਕ ਨੇ ਢਿੱਡ ਭਰਿਆ। ਸਵੇਰ ਦੇ ਚੱਲੇ ਜਥੇ ਬਾਵਰੇ ਪਿੰਡ ਤੋਂ ਬਾਹਰਵਾਰ ਲੰਘਦੇ ਹੋਏ ਦੁਪਹਿਰ ਤਕ ਤਲਵੰਡੀ ਮੂਸਾ ਖਾਨ ਜਾ ਪਹੁੰਚੇ। ਅਚਾਨਕ ਧੁਆਂਖੇ ਆਕਾਸ਼ 'ਚ ਜਹਾਜ਼ ਮੰਡਰਾਉਂਦਾ ਨਜ਼ਰ ਆਇਆ। ਆਕਾਸ਼ ਧੁਆਂਖਾ ਹੀ ਤਾਂ ਹੋ ਗਿਆ ਸੀ। ਦਿਲਾਂ ਦੀ ਅੱਗ ਦੇ ਨਾਲ਼-ਨਾਲ਼ ਘਰਾਂ, ਡੰਗਰਾਂ, ਗੱਡਿਆਂ, ਜਿਉਂਦੇ-ਜਾਗਦੇ ਮਾਨਵਾਂ ਆਦਿ ਨੂੰ ਲੱਗੀ ਅੱਗ ਦਾ ਸੇਕ ਆਕਾਸ਼ ਵਿੱਚ ਜਾ ਘੁਲ਼ਿਆ ਸੀ।

ਹਵਾਈ ਜਹਾਜ਼ ਜਿਵੇਂ ਹੀ ਕਾਫ਼ਲੇ 'ਤੇ ਗੇੜੇ ਲਾਉਣ ਲੱਗਾ, ਡਰ ਦੇ ਮਾਰੇ ਮਰਦ-ਔਰਤਾਂ ਨੇੜੇ ਕਮਾਦ ਵਿੱਚ ਵੜ ਗਏ। ਕਈਆਂ ਔਰਤਾਂ ਦੇ ਹੱਥੋਂ ਤਾਂ ਜਵਾਕ ਵੀ ਛੁਟ ਗਏ। ਬਹੁਤਿਆਂ ਨੂੰ ਡਰ ਸੀ, ਕਿਤੇ ਬੰਬ ਸੁੱਟ ਕੇ ਤਬਾਹ ਹੀ ਨਾ ਕਰ ਜਾਣ। ਪੰਜ-ਸੱਤ ਗੇੜੇ ਦੇਣ ਤੋਂ ਬਾਅਦ ਜਹਾਜ਼ ਜਿਸ ਦਿਸ਼ਾ ਤੋਂ ਆਇਆ ਸੀ, ਉਸੇ ਪਾਸੇ ਚਲਾ ਗਿਆ। ਜਦ ਆਵਾਜ਼ ਬੰਦ ਹੋਈ ਤਾਂ ਕਿਤੇ ਜਾ ਕੇ ਲੋਕਾਂ

ਦੇ ਸਾਹ 'ਚ ਸਾਹ ਆਇਆ। ਸਾਰੇ ਇਕੱਠੇ ਹੋ ਕੇ ਫਿਰ ਉਸੇ ਚਾਲ ਨਾਲ਼ ਤਲਵੰਡੀ ਨੂੰ ਚੱਲ ਪਏ।

ਤਲਵੰਡੀ ਦਾ ਜ਼ੈਲਦਾਰ ਮੁਹੰਮਦ ਆਫਤਾਬ ਨੇਕ ਸੁਭਾਅ ਦਾ ਮਾਲਕ ਸੀ। ਆਪਣੇ ਇਲਾਕੇ ਵਿੱਚ ਉਸ ਨੇ ਸਿੱਖਾਂ-ਹਿੰਦੂਆਂ ਵੱਲ ਚਿੜੀ ਨੀ ਫਟਕਣ ਦਿੱਤੀ। ਉਸਨੇ ਸਗੋਂ ਆਪਣੇ ਬੰਦੂਕਚੀ ਪਸਰੂਰ ਤਕ ਕਾਫ਼ਲੇ ਦੀ ਰੱਖਿਆ ਲਈ, ਨਾਲ਼ ਵੀ ਤੋਰੇ।

ਦਸ ਪਿੰਡਾਂ ਦਾ ਜਥਾ ਦੁਪਹਿਰ ਢਲ਼ਣ ਤੋਂ ਬਾਅਦ ਪਸਰੂਰ ਨੂੰ ਚੱਲ ਪਿਆ। ਰਸਤੇ 'ਚ ਕਿਤੇ ਵੀ ਪਾਣੀ ਨਹੀਂ ਸੀ ਮਿਲ ਰਿਹਾ। ਸ਼ਰਾਰਤੀ ਅਨਸਰਾਂ ਨੇ ਪਾਣੀ ਦੇ ਸੋਮਿਆਂ 'ਚ ਜ਼ਹਿਰਾਂ ਘੋਲ਼ ਦਿੱਤੀਆਂ ਸੀ। ਪਿਆਸ ਨਾਲ਼ ਸੰਘ ਸੁੱਕਦਾ ਜਾ ਰਿਹਾ ਸੀ, ਬੁੱਲ੍ਹ ਸੁੱਕੇ ਪਏ ਸੀ। ਰਾਹੀ ਪਾਣੀ ਬਿਨ ਹੌਂਕਦੇ ਤੁਰੇ ਜਾ ਰਹੇ ਸੀ। ਹਾਲਾਤ ਅਜਿਹੇ ਬਣ ਗਏ ਸੀ, ਲੋਕ ਆਪਣਾ ਹੀ ਮਲ-ਮੂਤਰ ਪੀਣ ਲੱਗ ਪਏ ਸੀ।

ਦੋ ਦਿਨ ਲਗਾਤਾਰ ਚੱਲਦਿਆਂ ਚੱਕ ਨਿਜਾਮ ਕਲਾਂ, ਵਡਾਲਾ ਸੰਧੂਆਂ, ਸੱਤਰਾ ਸੰਧੂਆਂ, ਇਮਰਾਨ ਪੁਰਾ ਪਿੰਡਾਂ ਦੀ ਫਿਰਨੀ ਲੰਘਦੇ ਹੋਏ ਨਾਰੋਵਾਲ-ਸਿਆਲਕੋਟ ਸੜਕ ਤੇ ਬਣੇ ਗੁਰੂ-ਘਰ ਮੰਜੀ ਸਾਹਿਬ ਪਾਤਸ਼ਾਹੀ ਪਹਿਲੀ ਪਸਰੂਰ ਪਹੁੰਚ ਗਏ। ਗੁਰੂ-ਘਰ ਵਿੱਚ ਪਹਿਲਾਂ ਹੀ ਕਿੰਨੀ ਸੰਗਤ ਜੁੜੀ ਬੈਠੀ ਸੀ। ਦਸ ਪਿੰਡਾਂ ਦੀ ਹੋਰ ਸੰਗਤ ਆਉਣ ਨਾਲ਼ ਤਿਲ ਸੁੱਟਣ ਨੂੰ ਵੀ ਥਾਂ ਨਹੀਂ ਸੀ ਬਚੀ।

ਦੋ ਰਾਤਾਂ ਇੱਕ ਦਿਨ ਪਸਰੂਰ ਹੀ ਰੁਕਣਾ ਪਿਆ। ਕੁਦਰਤ ਵੀ ਕਹਿਰਵਾਨ ਹੋਈ ਪਈ ਸੀ। ਦੋ ਦਿਨ ਲਗਾਤਾਰ ਮੀਂਹ ਪੈਂਦਾ ਰਿਹਾ। ਮੀਂਹ ਰੁਕਣ ਦਾ ਨਾਂ ਹੀ ਨਹੀਂ ਸੀ ਲੈ ਰਿਹਾ। ਬਾਹਰ ਅੰਦਰ ਜਾਣਾ ਵੀ ਮੁਸ਼ਕਲ ਹੋ ਗਿਆ। ਗੁਰੂ ਦੇ ਦਰ ਆ ਕੇ ਅੱਜ ਹਰ ਇੱਕ ਨੂੰ ਵਾਹਿਗੁਰੂ ਯਾਦ ਆ ਰਿਹਾ ਸੀ। ਸਵੇਰੇ-ਸ਼ਾਮ ਅਰਦਾਸ ਹੁੰਦੀ। ਅਰਦਾਸ ਵਿੱਚ ਸਰਬੱਤ ਦੇ ਭਲੇ ਲਈ ਹੱਥ ਜੁੜਦੇ ਤੇ ਸੀਸ ਗੁਰੂ ਅੱਗੇ ਝੁਕਦੇ।

ਦੋ ਦਿਨ ਠਹਿਰਨ ਤੋਂ ਬਾਅਦ ਸਵੇਰ ਵੇਲ਼ੇ ਅਰਦਾਸਾਂ-ਬੇਨਤੀਆਂ ਹੋਈਆਂ। ਪਰਮਾਤਮਾ ਦਾ ਓਟ-ਆਸਰਾ ਲੈ ਕੇ ਦੂਜੇ ਦਿਨ ਜਦ ਕਾਫ਼ਲਾ ਨਾਰੋਵਾਲ ਨੂੰ ਜਾਣ ਲੱਗਾ ਤਾਂ ਪਸਰੂਰ ਦੇ ਮੁਸਲਮਾਨ ਵੇਖ-ਵੇਖ ਟਕੋਰਾਂ ਕਰਨ –

"ਬੌਲ਼ੇ ! ਕਿੰਝ ਸਮਾਨ ਨਾਲ਼ ਲੱਦੇ ਪਏ ਨੇ। ਕੋਈ ਦੱਸਣ ਵਾਲ਼ਾ ਹੋਵੇ, ਵਈ ਅਲੀਪੁਰ ਸੱਯਦਾਂ ਨੇ ਈ ਨੀ ਟੱਪਣ ਦੇਣੇ।"

ਉੱਜੜੇ ਜਾ ਰਹੇ ਲੋਕਾਂ ਨੂੰ ਵੇਖ-ਵੇਖ ਉਹ ਤਾੜੀਆਂ ਮਾਰਨ, ਉੱਚੀ-ਉੱਚੀ ਹੱਸਣ।

ਫਿਰ ਕਿਸੇ ਸਿਆਣੇ ਖਾਨ ਨੇ ਸਲਾਹ ਦਿੱਤੀ –"ਸਮਾਨ ਨਾਲ਼ ਕਿਉਂ ਭਾਰ ਮਰਨ ਡਏ ਓਂ ! ਆਪਣੀ ਜਾਨ ਬਚਾਓ ਜੇ ਬਚਦੀ ਏ।"

ਜ਼ਿੰਦਗੀ ਨੂੰ ਜ਼ਰੂਰੀ ਸਮਝਦਿਆਂ, ਲੋਕਾਂ ਨੇ ਅਣਲੋੜੀਂਦਾ ਸਮਾਨ ਰਾਹਾਂ ਵਿੱਚ ਹੀ ਸੁੱਟ ਦਿੱਤਾ। ਦਸ-ਦਸ ਪਰਿਵਾਰਾਂ ਨੇ ਭਾਰ ਮਰਨ ਦੀ ਬਜਾਇ ਜ਼ਰੂਰੀ

ਸਮਾਨ ਆਪਸ ਵਿੱਚ ਵੰਡ ਲਿਆ। ਇੱਕ-ਇੱਕ ਭਾਂਡਾ ਜਿਵੇਂ ਛੰਨਾ, ਗਿਲਾਸ, ਥਾਲ਼ੀ, ਕੱਪੜਾ-ਲੀੜਾ ਵੰਡ ਕੇ ਲੈ ਲਿਆ ਤਾਂ ਜੋ ਤੁਰਨਾ ਸੁਖਾਲ਼ਾ ਹੋ ਜਾਵੇ।

ਬਜ਼ੁਰਗਾਂ ਲਈ ਤਾਂ ਤੁਰਨਾ ਹੋਰ ਵੀ ਔਖਾ ਹੋ ਗਿਆ ਸੀ। ਜਵਾਨ ਮੁੰਡੇ ਬਜ਼ੁਰਗਾਂ ਨੂੰ ਬਦਲ-ਬਦਲ ਮੋਢਿਆਂ 'ਤੇ ਚੁੱਕ ਆਸਰਾ ਬਣਦੇ। ਬਲ਼ਦ ਵੀ ਹੌਂਕਣ ਲੱਗ ਪਏ ਸੀ।

ਭਾਦੋਂ ਦੇ ਮੀਂਹ ਅਤੇ ਤਿੱਖੀ ਧੁੱਪ ਦੇ ਰਲ਼ੇਂਵੇ 'ਚ ਚੱਲਦਿਆਂ ਅਹਿਮਦ ਆਬਾਦ, ਕੋਟਲੀ ਤੇ ਬਹਿਰਾਮ ਖਾਨ ਵਿੱਚੋਂ ਦੀ ਲੰਘਦਿਆਂ ਕਾਫ਼ਲਾ ਨਾਰੋਵਾਲ ਦੇ ਨੇੜੇ ਲੱਗ ਗਿਆ।

ਵੱਡਾ ਖ਼ਤਰਾ ਅਲੀਪੁਰ ਦੇ ਸੱਯਦਾਂ ਦਾ ਸੀ। ਅਲੀਪੁਰੀਆਂ ਦਾ ਨਾਂ ਲੁੱਟਾਂ-ਖੋਹਾਂ ਕਰਕੇ ਪੂਰੇ ਨਾਰੋਵਾਲ ਜ਼ਿਲ਼ੇ 'ਚ ਮਸ਼ਹੂਰ ਸੀ। ਬਾਕੀ ਰਹੀ ਗੱਲ ਮੁਸਲਮਾਨ ਪੁਲਸੀਆਂ ਦੀ, ਜਾਨ ਦੀ ਰਾਖੀ ਕਰਨ ਦੀ ਬਜਾਇ ਉਹ ਵੀ ਠੱਗਾਂ-ਚੋਰਾਂ ਨਾਲ਼ ਜਾ ਰਲ਼ੇ। ਲੁਟੇਰਿਆਂ ਨੂੰ ਹੋਰ ਹੱਲਾ-ਸ਼ੇਰੀ ਮਿਲ ਗਈ।

ਉੱਧਰ ਸੱਯਦ ਤਿਆਰ ਹੀ ਬੈਠੇ ਸੀ। ਡੇਢ ਮੀਲ ਤੋਂ ਹੀ ਉਨ੍ਹਾਂ ਨੂੰ ਕਾਫ਼ਲੇ ਦੇ ਆਉਣ ਦੀ ਭਿਣਕ ਪੈ ਗਈ। ਪੂਰੀ ਯੋਜਨਾ ਨਾਲ਼ ਉਹ ਸੱਜੇ, ਖੱਬੇ ਤੇ ਅੱਗਿਓਂ ਰਸਤੇ ਬੰਦ ਕਰੀਂ ਬੈਠੇ ਸੀ।

ਅਚਾਨਕ ਹੱਲਾ ਮੱਚ ਗਿਆ। ਸੱਯਦਾਂ ਨੇ ਅੱਤ ਮਚਾ ਦਿੱਤੀ। ਬੇਕਿਰਕ ਹੋ ਕੇ ਉਨ੍ਹਾਂ ਮਾਰਨਾ ਸ਼ੁਰੂ ਕਰ ਦਿੱਤਾ। ਚੀਕ-ਚਿਹਾੜਾ ਮੱਚੇ, ਬੁਰੇ ਹਾਲ। ਦੁਪਹਿਰ ਦਾ ਸੂਰਜ ਇਹ ਸਭ ਚੁੱਪ-ਚੁਪੀਤੇ ਵੇਖਦਾ ਰਿਹਾ। ਇੱਕ-ਦੂਜੇ ਦੇ ਝੁੱਗਿਆਂ ਦੇ ਲੜ ਫੜ, ਵਾਹਿਗੁਰੂ ਦੇ ਆਸਰੇ ਅੱਖਾਂ ਬੰਦ ਕਰਕੇ ਕਾਫ਼ਲਾ ਅੱਗੇ ਵਧਿਆ। ਮੌਤ ਨੂੰ ਮੂਹਰੇ ਖੜ੍ਹੀ ਵੇਖ ਕੌਣ ਨੀ ਡੋਲਦਾ !

ਦਸ ਪਿੰਡਾਂ ਦੇ ਜਵਾਨਾਂ ਨੇ ਵੀ ਡਾਂਗਾਂ-ਸੋਟੀਆਂ ਨਾਲ ਮੁਕਾਬਲਾ ਕੀਤਾ, ਜਿੰਨਾ ਕਰ ਸਕਦੇ ਸੀ। ਬੀਬੀਆਂ ਆਪਣੇ ਬੱਚਿਆਂ ਨੂੰ ਹਿੱਕ ਨਾਲ ਲਾ ਕੇ ਅੱਗੇ ਵਧ ਰਹੀਆਂ ਸੀ। ਕਈ ਜਾਨ ਬਚਾਉਂਦੀਆਂ ਸੰਘਣੀਆਂ ਝਾੜੀਆਂ ਵੱਲ ਹੋ ਤੁਰੀਆਂ। ਨਿਰਦਈ ਸੱਯਦ ਚਾਰੋਂ ਪਾਸੇ ਹਮਲਾ ਕਰ ਰਹੇ ਸੀ।

ਉਧਰ ਪਰ੍ਹਾਂ ਝਾੜੀਆਂ ਵੱਲ ਇੱਕ ਔਰਤ ਘੱਗਰੇ ਹੇਠ ਆਪਣੇ ਨਿਆਣਿਆਂ ਨੂੰ ਲੁਕੋਈ ਬੈਠੀ ਸੀ। ਸੱਯਦ ਬਿੜਕਾਂ ਲੈਂਦੇ ਉਸ ਦੇ ਕੋਲ਼ੋਂ ਮੁੜ ਗਏ। ਮਮਤਾ ਨੇ ਆਪਣੇ ਦਿਲ ਦਾ ਟੁਕੜਾ ਬਚਾ ਲਿਆ ਸੀ। ਪਰ ਕਾਫ਼ਲਾ ਤਾਂ ਜਾਨ ਬਚਾਉਂਦਾ ਜਵਿੰਦਾ ਪੰਨੂੰ ਨੂੰ ਅੱਗੇ ਵਧਦਾ ਗਿਆ। ਉਹ ਕਾਫਲੇ ਨਾਲ਼ੋਂ ਟੁੱਟ ਗਈ ਸੀ। ਪਰਿਵਾਰ ਖੇਰੂੰ-ਖੇਰੂੰ ਹੋ ਗਏ। ਧੀਆਂ-ਪੁੱਤਾਂ ਦੇ ਮਰਨ ਜਾਂ ਬਚਣ ਦੀ ਅਜੇ ਕੋਈ ਜਾਣਕਾਰੀ ਨਹੀਂ ਸੀ।

ਜਵਿੰਦਾ ਪੰਨੂ ਤਕ ਅੱਪੜਦਿਆਂ ਕਾਫ਼ਲੇ ਨੇ ਸੁੱਖ ਦਾ ਸਾਹ ਲਿਆ। ਹੁਣ ਕਾਫ਼ਲਾ ਮਿਲਟਰੀ ਦੇ ਅਧੀਨ ਆ ਗਿਆ ਸੀ। ਮਿਲਟਰੀ ਦੇ ਆਗੂ ਨੇ ਸਾਰਿਆਂ ਨੂੰ ਚਿੰਤਾ ਮੁਕਤ ਹੋਣ ਦੀ ਗੱਲ ਆਖੀ। ਉਸਨੇ ਨਾਲ਼ ਹੀ ਰੱਖਿਆ ਦੀ ਹਾਮੀ ਵੀ

ਭਰੀ। ਗੱਡੇ ਤਾਂ ਰਾਹਾਂ 'ਚ ਹੀ ਰੁਲ਼ ਗਏ ਸੀ। ਸੱਯਦਾਂ ਨੇ ਗੱਡਿਆਂ ਨੂੰ ਕੱਪੜਿਆਂ ਸਮੇਤ ਅੱਗ ਲਾ ਦਿੱਤੀ ਸੀ। ਅੱਗ ਦੀ ਲਪੇਟ ਚ ਆ ਕੇ ਬਲ਼ਦ ਵੀ ਭੁੰਨੇ ਗਏ ਸੀ। ਕਈ ਗੱਡਿਆਂ ਵਿੱਚ ਤਾਂ ਵੱਡ-ਵਡੇਰੇ ਵੀ ਮਾਰੇ ਜਾ ਚੁੱਕੇ ਸੀ। ਤੇਜ਼ੀ ਨਾਲ਼ ਫੈਲੀ ਅੱਗ ਕਾਰਨ ਉਨ੍ਹਾਂ ਨੂੰ ਗੱਡਿਆਂ ਵਿੱਚੋਂ ਬਚਾਉਣ ਦਾ ਸਮਾਂ ਵੀ ਨਾ ਮਿਲਿਆ।

ਦਿਨ ਦੇ ਛਿਪਾਅ ਤਕ ਕਾਫ਼ਲਾ ਨਾਰੋਵਾਲ ਤੋਂ 6 ਮੀਲ ਦੂਰ ਢਾਬ ਦੇ ਸੁੰਨ-ਸਾਨ ਖੇਤਾਂ ਕੋਲ਼ ਪਹੁੰਚ ਗਿਆ। ਮਿਲਟਰੀ ਨੇ ਸਪੀਕਰ ਵਿੱਚ ਆਵਾਜ਼ ਦਿੱਤੀ – "ਸ਼ਾਮ ਹੋ ਚੱਲੀ ਏ। ਅੱਗੇ ਜਾਣਾ ਵਾਜਬ ਨਈਂ। ਅੱਜ ਕਾਫ਼ਲਾ ਏਥੇ ਹੀ ਰੁਕੇਗਾ। ਕਿਸੇ ਨੇ ਇੱਧਰ-ਉੱਧਰ ਨਈਂ ਜਾਣਾ। ਮਿਲਟਰੀ ਤੁਆਡੀ ਮਦਾਦ ਲਈ ਏ।"

ਹੁਕਮ ਮਿਲਦਿਆਂ ਹੀ ਕਾਫ਼ਲੇ ਨੇ ਨਿੱਕੀ ਜਿਹੀ ਛੱਪੜੀ ਨੇੜੇ ਡੇਰਾ ਲਾ ਲਿਆ। ਹਜ਼ਾਰਾਂ ਦੀ ਗਿਣਤੀ 'ਚ ਹਿਜ਼ਰਤ ਕਰਨ ਵਾਲ਼ੇ ਲੋਕਾਂ ਦੀ ਆਵਾਜ਼ ਹੀ ਮਰ ਗਈ ਸੀ, ਜਿਵੇਂ ਉਨ੍ਹਾਂ ਦੀ ਸੰਘੀ ਹੀ ਘੁੱਟੀ ਗਈ ਹੋਵੇ। ਵਕਤ ਦੀ ਮਾਰ ਨੇ ਸਰਦੇ-ਪੁੱਜਦੇ ਘਰਾਂ ਦੀ ਸੰਘੀ ਹੀ ਤਾਂ ਘੁੱਟ ਦਿੱਤੀ ਸੀ, ਜ਼ਮੀਨਾਂ-ਜਾਇਦਾਦਾਂ ਦੇ ਮਾਲਕ ਵਾਹਣੋਂ-ਵਾਹਣੀ ਹੋਏ, ਸਿਰਨਾਵਿਆਂ ਦੀ ਤਲਾਸ਼ 'ਚ ਜਾ ਰਹੇ ਸੀ।

ਟਿਕੀ ਰਾਤ ਨੂੰ ਬੁੱਢੇ-ਠੇਰੇ ਗੱਲਾਂ ਕਰਨ –

"ਖਸਮਾਂ ਨੂੰ ਖਾਣ ਜਮੀਨਾਂ ! ਆਪਾਂ ਭੋਇੰ ਨੂੰ ਕੀ ਚੱਟਣਾ ਏ। ਆਪਣੀ ਜਾਨ ਹੀ ਬਚਾਓ।"

"ਆਪਾਂ ਨੂੰ ਵੀ ਬੜਾ ਔਖਾ ਏ ਜੀ, ਹੱਡ-ਗੋਡੇ ਕੰਮ ਨੀ ਕਰਨ ਡਏ੍ਹ ਤੇ ਪਤਾ ਨੀ ਕਿਸ ਟਿਕਾਣੇ ਅੱਪੜਨੈ ?"

"ਕਰਤਾਰ ਦੇ ਰੰਗ ਨੇ, ਕੀ ਕੀਤਾ ਜਾਏ।"

ਬੇਸ਼ੱਕ ਮਿਲਟਰੀ ਦਾ ਪਹਿਰਾ ਸੀ ਪਰ ਸਾਰਿਆਂ ਦੀ ਜਾਨ ਮੁੱਠੀ 'ਚ ਆਈ ਪਈ ਸੀ। ਇਹ ਡਰ ਵੀ ਅੰਦਰੋ-ਅੰਦਰੀ ਸੁਲ਼ਘ ਰਿਹਾ ਸੀ, "ਕਿਤੇ ਮਿਲਟਰੀ ਈ ਨਾ ਰਾਤ ਨੂੰ ਮਾਰ ਮੁਕਾਏ।"

ਮਿਲਟਰੀ ਦੇ ਆਗੂ ਨੇ ਸਾਰਿਆਂ ਨੂੰ ਹੁਕਮ ਦਿੱਤਾ –"ਕਿਸੇ ਨੇ ਆਪਣੀ ਥਾਂ ਛੱਡ ਕੇ ਬਾਹਰ ਨਈਂ ਜਾਣਾ। ਵੇਖ ਲੋ ਥਾਂ 'ਤੇ ਈ ਭੁੰਨੇ ਜਾਓਗੇ। ਇੰਝ ਨਾ ਹੋਵੇ, ਕੋਈ ਰਾਤ ਨੂੰ ਬਾਹਰੋਂ ਹੱਲਾ ਕਰ ਦਏ। ਚੋਰ ਭਲਾਵੇਂ ਸਾਧ ਨਾ ਰਗੜਿਆ ਜਾਏ।"

ਇੰਦਰ ਸਿੰਘ ਚਾਰ ਸਿਆਣੇ ਬੰਦਿਆਂ ਨੂੰ ਲੈ ਕੇ ਫੌਜ ਮੁਖੀ ਦੇ ਤੰਬੂ 'ਚ ਜਾ ਪਹੁੰਚਿਆ। ਦੁਆ-ਸਲਾਮ ਕਰਨ ਤੋਂ ਬਾਅਦ ਇੰਦਰ ਨੇ ਆਪਣੇ ਚਿੱਟੇ ਕੁੜਤੇ ਦੇ ਗੀਝੇ 'ਚੋਂ (ਜਿਹੜਾ ਹੁਣ ਘਸਮੈਲ਼ਾ ਹੋਇਆ ਪਿਆ ਸੀ ) ਸੋਨੇ ਦੀਆਂ ਮੋਹਰਾਂ ਬਾਹਰ ਕੱਢੀਆਂ ਅਤੇ ਬੋਲਿਆ –

"ਜਨਾਬ ! ਆਹ ਲਉ ਮੋਹਰਾਂ, ਸਾਡੀਆਂ ਜਾਨਾਂ ਬਚਾਓ।"

ਇੰਦਰ ਦੇ ਨਾਲ਼ ਆਏ ਬਾਕੀ ਸੱਜਣ ਵੀ ਹੱਥ ਜੋੜੀਂ ਨਿਮਰ ਹੋਏ ਖੜ੍ਹੇ ਸੀ।

ਕਮਾਂਡਰ ਨੇ ਉੱਠ ਕੇ ਇੰਦਰ ਦਾ ਮੋਢਾ ਥਾਪੜਿਆ, ਮੋਹਰਾਂ ਵਾਲ਼ੀ ਥੈਲੀ ਵਾਪਸ ਉਸੇ ਵੱਲ ਵਧਾ ਦਿੱਤੀ ਤੇ ਬੋਲਿਆ –"ਸਰਦਾਰ ਜੀ, ਆਹ ਕੀ ਕਰਦੇ ਓ

! ਤੁਸਾਂ ਦੀ ਜਾਨ ਦੀ ਰਾਖੀ ਕਰਨਾ ਸਾਡਾ ਮੁੱਢਲਾ ਫਰਜ਼ ਏ। ਮੇਰੇ ਹੁੰਦੇ ਤੁਆਨੂੰ ਕੁੱਝ ਨਹੀਂ ਹੋਣਾ। ਆਰਾਮ ਨਾਲ ਸੌਂ ਜੋ।"

"ਸਾਰਾ ਕਾਫ਼ਲਾ ਸਹਿਮਿਆ ਪਿਐ ਜੀ, ਸਾਰੇ ਈ ਤੁਆਡੇ ਰਹਿਮੋ-ਕਰਮ 'ਤੇ ਨਿਰਭਰ ਨੇ।" ਇੰਦਰ ਦੇ ਨਾਲ਼ ਖੜ੍ਹੇ, ਛੋਟੀਆਂ ਗਲੋਟੀਆਂ ਦੇ ਭੱਦਰ ਪੁਰਸ਼ ਨੇ, ਨਿਮਰਤਾ ਸਹਿਤ ਬੇਨਤੀ ਕੀਤੀ।

"ਸਰਦਾਰੋ ! ਫੈਜ਼ ਅਲੀ ਸੱਚਾ ਮੁਸਲਮਾਨ ਏ। ਤੁਸੀਂ ਬੇਫਿਕਰ ਹੋ ਕੇ ਰਾਤ ਟਪਾਓ।"

"ਤੇ ਹਾਂ ... ਸਵੇਰੇ 'ਲਾਰਮ ਵੱਜਦਿਆਂ ਈ, ਛੇ ਵਜੇ ਕਾਫ਼ਲੇ ਨੇ ਚਾਲੇ ਪਾਉਣੇ ਨੇ।" ਤੰਬੂ 'ਚੋਂ ਬਾਹਰ ਜਾ ਰਹੇ ਇੰਦਰ ਹੋਰਾਂ ਨੂੰ, ਅਲੀ ਨੇ ਅਗਲੀ ਸਵੇਰ ਦੀ ਰੂਪ-ਰੇਖਾ ਤੋਂ ਜਾਣੂ ਕਰਵਾਇਆ।

ਇੰਦਰ ਹੋਰਾਂ ਨੇ ਸਾਰੀ ਸੰਗਤ ਨੂੰ ਹੌਸਲਾ ਦਿੱਤਾ ਅਤੇ ਸਵੇਰੇ ਜਲਦੀ ਉੱਠਣ ਦੀ ਤਾਕੀਦ ਕੀਤੀ।

ਸਾਰੀ ਰਾਤ ਬੀਆਬਾਨ 'ਚ ਬੀਂਡੇ ਬੋਲਦੇ ਰਹੇ, ਗਿੱਦੜ ਹਵਾਂਕਦੇ ਰਹੇ। ਨਿੱਕੀ ਛੱਪੜੀ ਦੇ ਗੰਦੇ ਪਾਣੀ ਦਾ ਪਲ਼ਿਆ ਮੱਛਰ ਚੂੰਡ-ਚੂੰਡ ਖਾ ਗਿਆ।

ਸਾਰੇ ਦਿਨ ਦੇ ਥੱਕੇ-ਹਾਰੇ ਵੱਡ-ਵਡੇਰੇ ਅਤੇ ਬਾਲ-ਬੱਚੇ, ਰੜੇ ਮੈਦਾਨ 'ਤੇ ਹੀ ਸੌਂ ਗਏ। ਜਿਨ੍ਹਾਂ ਦੇ ਅੰਗੀ-ਸਾਕੀ ਰਾਹਾਂ ਵਿੱਚ ਹੀ ਭਟਕ ਗਏ ਜਾਂ ਅਲੀਪੁਰ ਦੇ ਸੱਯਦਾਂ ਨੇ ਮਾਰ ਦਿੱਤੇ, ਉਨ੍ਹਾਂ ਦੀਆਂ ਅੱਖਾਂ ਤਾਂ ਰੋ-ਰੋ ਸੁੱਜੀਆਂ ਪਈਆਂ ਸੀ।

ਇੰਦਰ ਸਿੰਘ ਕੋਲ਼ ਬੈਠਾ, ਛੋਟੀਆਂ ਗਲੋਟੀਆਂ ਤੋਂ ਆਇਆ ਇੱਕ ਬਜ਼ੁਰਗ ਦੁੱਖ ਸਾਂਝਾ ਕਰਨ ਲੱਗਾ -"ਸਰਦਾਰ ਜੀ ! ਤੁਸੀਂ ਵੀ ਕੀ ਤੋਂ ਕੀ ਹੋ ਗਏ !"

"ਬਜੁਰਗੋ, ਹਾਲ ਦੀ ਘੜੀ ਕੋਈ ਸਰਦਾਰ ਨਈਂ। ਤੂੰ ਵੀ ਉਸੇ ਭੋਇੰ 'ਤੇ ਸੁੱਤੈਂ ਤੇ ਮੈਂ ਵੀ। ਅੱਜ ਜੋ ਕੱਚਾ-ਪੱਕਾ ਰਿਜਕ ਤੂੰ ਖਾਧੈ, ਤੇ ਓਈ ਮੈਨੂੰ ਨਸੀਬ ਹੋਇਐ।" ਇੰਦਰ ਨਿਮਰਤਾ ਨਾਲ਼ ਬੋਲਿਆ। ਕੋਲ਼ ਪਏ ਪੰਦਰਾਂ ਸਾਲ ਦੇ ਪੁੱਤਰ ਦਲੀਪ ਦੇ ਸਿਰ 'ਤੇ ਉਸਦਾ ਹੱਥ ਆਪ-ਮੁਹਾਰੇ ਫਿਰ ਰਿਹਾ ਸੀ।

ਬਜ਼ੁਰਗ ਨੇ ਇੰਦਰ ਦੀਆਂ ਅੱਖਾਂ 'ਚ ਵੇਖਿਆ, ਉਹ ਅਜੇ ਵੀ ਚੜ੍ਹਦੀ ਕਲਾ ਵਿੱਚ ਸੀ। ਚਾਹੇ ਗੱਡੇ ਸੜ ਕੇ ਸੁਆਹ ਹੋ ਗਏ ਪਰ ਨਿਰਾਸ਼ਾ ਅਜੇ ਵੀ ਕੋਲ਼ ਨਹੀਂ ਸੀ; ਹੌਸਲੇ ਦੀ ਹੀ ਚਿੰਗਾਰੀ ਸੀ।

"ਸਰਦਾਰ ਜੀ ..." ਉਸ ਬਜ਼ੁਰਗ ਨੇ ਦੁੱਖ ਸਾਂਝਾ ਕਰਨਾ ਚਾਹਿਆ ਤਾਂ ਇੰਦਰ ਨੇ ਵਿੱਚੋਂ ਟੋਕ ਦਿੱਤਾ।

"ਬਜੁਰਗੋ, ਸਰਦਾਰ ਨਾ ਆਖੋ।"

"ਮੇਰੇ ਕੋਲ਼ ਚਾਰ ਲਵੇਰੀਆਂ ਸਨ, ਇੱਕ ਤਾਂ ਨਮੇ ਦੁੱਧ ਈ ਸੀ। ਪਠਾਣ ਜਬਰੀ ਖੋਹ ਕੇ ਲੈ ਗਏ, ਹੈ ਵੀ ਪਿੰਡ ਦੇ ਈ ਸੀ। ਮਝ੍ਹੀਆਂ ਤਗੜੀਆਂ ਸੀ, ਰੱਸੇ ਛੁਡਾ ਕੇ ਫਿਰ ਸਾਡੇ ਕੋਲ਼ ਆ ਗਈਆਂ, ਹੇਜ਼ ਕਰਨ, ਮੇਰੇ ਕੋਲ਼ ਆ ਕੇ ਮੂੰਹ ਮਾਰਨ। ਉਨ੍ਹਾਂ ਦੀਆਂ ਅੱਖੀਆਂ ਚੋਂ ਹੰਝੂ ਵਗਣ। ਪਠਾਣਾਂ ਨੇ ਆ ਕੇ ਫਿਰ

ਕੁੱਟੀਆਂ। ਮੈਂ ਕਦੇ ਮਝੀਆਂ ਦੇ ਪਰਾਣੀ ਨੀ ਸੀ ਮਾਰੀ। ਜ਼ਾਲਮ ਫਿਰ ਖੋਹ ਕੇ ਲੈ ਗਏ। ਮੈਂ ਵੀ ਮਝੀਆਂ ਨੂੰ ਭਰੇ ਮਨ ਨਾਲ ਆਖਿਆ, ਤੁਸੀਂ ਜਾਓ ਹੁਣ, ਆਪਣੀ ਏਨੀ ਕੁ ਈ ਸਾਂਝ ਸੀ। ਉਹ ਕਿੰਨਾ ਈ ਚਿਰ ਸਾਨੂੰ ਵੇਖ-ਵੇਖ ਅੜਿੰਗਦੀਆਂ ਰਹੀਆਂ।"

"ਬਜੁਰਗੋ ! ਤੁਸੀਂ ਮਝੀਆਂ ਨੂੰ ਰੋਂਦੇ ਓ, ਸ਼ੁਕਰ ਕਰੋ ਜਾਨ ਬਚੀ। ਨਿਆਣੇ ਠੀਕ ਨੇ, ਬਾਕੀ ਵਸਤਾਂ ਤਾਂ ਬਾਅਦ 'ਚ ਵੀ ਬਣ ਜਾਣੀਆਂ ਨੇ।" ਇੰਦਰ ਨੇ ਉਸ ਨੂੰ ਵੀ ਹੌਸਲਾ ਦਿੱਤਾ।

ਏਨੇ ਨੂੰ ਬੱਦਲ਼ ਫਿਰ ਗਰਜਿਆ।

"ਏਹ ਵੀ ਨੀ ਵੈਰੀ ਟਲ਼ਦਾ।" ਇੰਦਰ ਬੋਲਿਆ।

"ਸੂਰਜ ਵੀ ਲੁਕਣ ਡਿਐ ਤੇ ਚੰਨ-ਤਾਰੇ ਵੀ।" ਬਜ਼ੁਰਗ ਉਦਾਸ ਮੁਦਰਾ 'ਚ ਬੋਲਿਆ।

"ਇਹ ਵੀ ਕੀ ਕਰਨ ! ਪੰਜਾਬ ਦੀਆਂ ਇੱਜ਼ਤਾਂ, ਜਿਹਨਾਂ ਨੇ ਕਦੇ ਘਰੋਂ ਬਾਹਰ ਪੈਰ ਨਈਂ ਸੀ ਪੁੱਟਿਆ, ਅੱਜ ਕਿੱਥੇ ਕਿੱਥੇ ਰੁਲਣ ਡਈਆਂ ਨੇ ! ਸੂਰਜ-ਚੰਨ ਵੀ ਸ਼ਰਮਸਾਰ ਨਾ ਹੋਣ, ਤੇ ਹੋਰ ਕੀ ਕਰਨ !"

ਰਾਤ ਦੀ ਬੱਦਲ਼ਵਾਈ ਨੇ ਤਾਰਿਆਂ ਦੀ ਲੋਅ ਵੀ ਮੱਧਮ ਕਰ ਦਿੱਤੀ। ਜਾਗੋ-ਮੀਚੀ ਪਏ ਮਾਨਸਾਂ ਨੂੰ ਮੀਂਹ ਦੀ ਚਿੰਤਾ ਸੀ। ਗਲੋਟੀਆਂ ਵਾਲ਼ੇ ਬਜ਼ੁਰਗ ਦੀਆਂ ਗੱਲਾਂ ਦੇ ਹੁੰਗਾਰੇ ਭਰਦਾ ਇੰਦਰ ਵੀ ਦਲੀਪ ਨੂੰ ਵਲ਼ੇਵਾਂ ਮਾਰ ਕੇ ਸੌਂ ਗਿਆ।

———

ਸਵੇਰੇ ਸਹੀ ਛੇ ਵਜੇ ਅਲਾਰਮ ਵੱਜਿਆ। ਮੌਤ ਦੇ ਭੈਅ ਹੇਠ ਜਿਉਂ ਰਿਹਾ ਸਾਰਾ ਕਾਫ਼ਲਾ, ਪਹਿਲਾਂ ਹੀ ਉੱਠ ਗਿਆ ਸੀ। ਸਭ ਨੇ ਛੱਪੜੀ ਦੇ ਪਾਣੀ ਨਾਲ਼ ਮੂੰਹ ਵੀ ਧੋ ਲਿਆ।

ਉੱਠਣ-ਸਾਰ ਸਾਰਿਆਂ ਨੇ ਵਾਹਿਗੁਰੂ ਦਾ ਨਾਂ ਲਿਆ। ਜਥੇ ਵਿੱਚ ਸ਼ਾਮਲ ਗੁਰਸਿੱਖਾਂ ਨੇ ਵਾਹਿਗੁਰੂ ਅੱਗੇ ਅਰਦਾਸ ਕੀਤੀ। ਵਾਹਿਗੁਰੂ ਅੱਗੇ ਭਾਣਾ ਮੰਨਣ ਦਾ ਬਲ ਬਖ਼ਸ਼ਣ ਦੀ ਬੇਨਤੀ ਕੀਤੀ।

ਵਾਹਿਗੁਰੂ 'ਤੇ ਡੋਰੀਆਂ ਛੱਡ, ਸਾਰਾ ਜਥਾ ਨਾਰੋਵਾਲ ਨੂੰ ਚੱਲ ਪਿਆ।

ਫੈਜ਼ ਅਲੀ ਆਪਣੇ ਵਾਅਦੇ ਦਾ ਪੱਕਾ ਸੀ। ਪੂਰੇ ਜਥੇ ਵੱਲ ਉਸ ਨੇ ਕੋਈ ਪਰਿੰਦਾ ਵੀ ਨਾ ਫਰਕਣ ਦਿੱਤਾ। ਰਸਤੇ 'ਚ ਛੋਟੇ-ਮੋਟੇ ਲੁਟੇਰਿਆਂ ਦੇ ਝੁੰਡ ਹਮਲਾ ਕਰਨ ਆਏ ਪਰ ਸੁਰੱਖਿਆ ਦਸਤਿਆਂ ਨੇ ਚਤੁਰਾਈ ਅਤੇ ਦਲੇਰੀ ਨਾਲ਼ ਖਦੇੜ ਦਿੱਤੇ।

ਸੁੰਨੇ ਰਾਹਾਂ 'ਚ ਲੋਥਾਂ ਹੀ ਲੋਥਾਂ ਦੀ ਬਦਬੂ ਫੈਲ ਰਹੀ ਸੀ। ਲਗਾਤਾਰ ਪੈ ਰਹੀਆਂ ਬਾਰਸ਼ਾਂ ਨੇ ਹੋਰ ਵੀ ਸੜਾਂਦ ਪੈਦਾ ਕਰ ਦਿੱਤੀ। ਬਹੁਤੇ ਸਰੀਰ ਤਾਂ ਆਪਣੀ ਪਛਾਣ ਵੀ ਗੁਆ ਬੈਠੇ ਸੀ। ਮਰੀਆਂ ਮਾਵਾਂ ਦੀਆਂ ਦੁੱਧੀਆਂ ਨੂੰ ਚਿੰਬੜੇ ਬਾਲ ਭੁੱਖ ਨਾਲ਼ ਹੀ ਮਰ ਗਏ ਜਾਂ ਫਿਰ ਮਾਂਵਾਂ ਨੇ ਆਪ ਹੀ ਮਾਰ ਦਿੱਤੇ।

ਭੁੱਖ ਦਾ ਸਤਾਇਆ ਅਤੇ ਤੇਹ ਦਾ ਮਾਰਿਆ ਕਾਫ਼ਲਾ, ਦੁਪਹਿਰ ਤੋਂ ਪਹਿਲਾਂ ਨਾਰੋਵਾਲ ਦੇ ਨੇੜੇ ਜਾ ਲੱਗਿਆ। ਨਾਰੋਵਾਲ ਦੇ ਬਾਹਰ ਥੇਹ 'ਤੇ ਬੋਹੜ ਹੀ ਬੋਹੜ ਸਨ। ਸਾਰਾ ਜਥਾ ਅਲੀ ਦੀ ਸਹਿਮਤੀ ਨਾਲ਼ ਆਰਾਮ ਕਰਨ ਰੁਕ ਗਿਆ। ਬੋਹੜਾਂ ਤੋਂ ਪਰ੍ਹਾਂ ਚਾਰ ਕਿੱਲੇ ਛੱਲੀਆਂ ਦੇ ਸੀ। ਜ਼ਮੀਨ ਦਾ ਮਾਲਕ ਖੇਤਾਂ 'ਚ ਆਹਰੀਂ ਲੱਗਿਆ ਹੋਇਆ ਸੀ। ਉਹ ਵੀ ਕਾਫ਼ਲਾ ਰੁਕਿਆ ਵੇਖ ਬੋਹੜਾਂ ਹੇਠ ਆ ਗਿਆ। ਕਾਫ਼ਲੇ ਦਾ ਇੱਥੇ ਰੁਕਣਾ ਉਸ ਲਈ ਹੈਰਾਨੀ ਦੀ ਗੱਲ ਨਹੀਂ ਸੀ। ਇਸ ਕਾਫ਼ਲੇ ਤੋਂ ਪਹਿਲਾਂ ਕਿੰਨੇ ਹੀ ਕਾਫ਼ਲੇ ਉਸ ਦੀਆਂ ਅੱਖਾਂ ਮੂਹਰੋਂ ਲੰਘ ਚੁੱਕੇ ਸੀ। ਬਜ਼ੁਰਗਾਂ ਅਤੇ ਬਾਲ-ਬੱਚਿਆਂ ਦੀ ਦਸ਼ਾ ਵੇਖ, ਉਸ ਦਾ ਦਿਲ ਵਲੂੰਧਰਿਆ ਗਿਆ। ਕਾਫ਼ਲਾ ਆਸੇ-ਪਾਸੇ ਨਿਗ੍ਹਾ ਮਾਰ ਰਿਹਾ ਸੀ, ਪਰ ਪਾਣੀ ਕਿਤੇ ਨਹੀਂ ਸੀ। ਖੂਹ ਵੀ ਬੰਦ ਪਿਆ ਸੀ।

ਉਸਨੇ ਨਿਮਰਤਾ ਸਹਿਤ ਸਾਰੇ ਕਾਫ਼ਲੇ ਨੂੰ ਸੇਵਾ ਭਾਵਨਾ ਨਾਲ਼ ਬੇਨਤੀ ਕੀਤੀ -

"ਮੈਂ ਤੁਆਡੀ ਕੀ ਮਦਾਦ ਕਰ ਸਕਨਾਂ ?"

"ਪਾਣੀ ਤੋਂ ਬਿਨਾਂ ਹੋਰ ਕੁੱਝ ਨਈ੍ਹੀਂ ਚਾਈਦਾ।" ਸਾਰੇ ਪਿਆਸੇ ਜੋ ਸੀ।

ਕਾਫ਼ਲੇ ਦੀ ਲੋੜ ਨੂੰ ਮਹਿਸੂਸਦਿਆਂ, ਉਸਨੇ ਪਰ੍ਹਾਂ ਵਾਲ਼ੇ ਬੋਹੜ ਹੇਠੋਂ ਬਲ਼ਦ ਹੱਕੇ, ਖੂਹ ਜੋੜਿਆ ਤੇ ਸਾਰਿਆਂ ਨੂੰ ਪਾਣੀ ਪਿਆਉਣ ਲੱਗਾ। ਕਈ ਦਿਨ ਬਾਅਦ ਪਾਣੀ ਮਿਲਣ ਨਾਲ਼ ਜਾਨ 'ਚ ਜਾਨ ਆ ਗਈ। ਉਹ ਕਿੰਨਾ ਹੀ ਚਿਰ ਖੂਹ ਗੇੜਦਾ ਰਿਹਾ ਤੇ ਪਿਆਸੇ ਪਿਆਸ ਬੁਝਾਉਂਦੇ ਰਹੇ।

"ਮੈਨੂੰ ਖ਼ੁਸ਼ੀ ਹੋਏਗੀ, ਜੇ ਤੁਸੀਂ ਛੱਲੀਆਂ ਖਾਓਂ। ਜੇ ਜਿਉਂਦੇ ਰਏ ਤੇ ਅਕਬਰ ਨੂੰ ਯਾਦ ਕਰੋਗੇ।"

ਅਕਬਰ ਦਾ ਦਿਲ ਵੇਖੋ, ਉਸ ਨੇ ਪੁੱਤਾਂ ਵਾਂਗ ਪਾਲ਼ੀ ਫਸਲ ਹੀ ਕਾਫ਼ਲੇ ਦੇ ਹਵਾਲੇ ਕਰ ਦਿੱਤੀ। ਭੁੱਖ ਦੇ ਸਤਾਏ, ਦਸ ਪਿੰਡਾਂ ਦੇ ਉੱਜੜੇ (ਵਸਨੀਕ), ਛੱਲੀਆਂ ਨੂੰ ਟੁੱਟ ਕੇ ਪੈ ਗਏ। ਕੱਚੀਆਂ ਛੱਲੀਆਂ ਖਾ ਕੇ ਹੀ ਉਨ੍ਹਾਂ ਆਪਣਾ ਢਿੱਡ ਭਰ ਲਿਆ।

ਚਾਰ ਕਿੱਲਿਆਂ ਦੀ ਮੱਕੀ ਦੇ ਸਿਰਫ ਟਾਂਡੇ ਹੀ ਬਚੇ ਸੀ। ਸਾਰੇ ਕਾਫ਼ਲੇ ਨੂੰ ਅਕਬਰ ਕੋਈ ਫਰਿਸ਼ਤਾ ਲੱਗ ਰਿਹਾ ਸੀ। ਸਾਰੇ ਮਨ ਹੀ ਮਨ ਸੋਚਣ -"ਵਾਹ ਉਏ ਰੱਬਾ ! ਓਈਓ ਬੰਦਾ ਇਹ ਆ ਤੇ ਓਈ੍ਹ ਅਲੀਪੁਰ ਦੇ ਸੱਯਦ !! ਕੰਜਰਾਂ ਨੇ ਗੱਡੇ ਵੀ ਸਾੜ ਸੁੱਟੇ।"

ਇੰਦਰ ਨੇ ਦਲੀਪ ਨੂੰ ਦੋ ਛੱਲੀਆਂ ਤੋੜ ਕੇ ਦਿੱਤੀਆਂ। ਇੱਕ ਆਪ ਖਾ ਲਈ। ਦੁੱਧ ਮਲਾਈਆਂ ਖਾਣ ਵਾਲ਼ਿਆਂ ਦਾ ਕੱਚੀਆਂ ਛੱਲੀਆਂ ਨਾਲ਼ ਅਧਾਰ ਹੋ ਗਿਆ।

ਕੁੱਝ ਵਕਤ ਆਰਾਮ ਕਰਨ ਤੋਂ ਬਾਅਦ, ਫੈਜ਼ ਅਲੀ ਦੇ ਹੁਕਮ ਨਾਲ਼ ਜਥਾ, ਥੇਹ ਦੇ ਨਾਲ਼-ਵਾਲ਼ੀ ਰੇਲ ਪਟੜੀ ਰਾਹੀਂ ਨਾਰੋਵਾਲ ਸਟੇਸ਼ਨ ਨੂੰ ਚੱਲ ਪਿਆ। ਫੈਜ਼

ਅਲੀ ਨੇ ਥੇਹ ਕੋਲ਼ ਰੁਕਣ ਵੇਲ਼ੇ ਹੀ ਦੱਸ ਦਿੱਤਾ ਸੀ –

"ਹੁਣ ਤੁਸਾਂ ਗੱਡੀ ਰਾਹੀਂ ਸਰਹੱਦੀ ਤੋਂ ਬਾਬਾ ਬਕਾਲਾ ਵੱਲ ਜਾਣਾ ਏ।"

ਗੱਡੀ ਵਿੱਚ ਚੜ੍ਹਨ ਲਈ ਹਰ ਕੋਈ ਕਾਹਲ਼ਾ ਸੀ। ਬੁੱਢਿਆਂ-ਠੇਰਿਆਂ ਵਿੱਚ ਤਾਂ ਸਾਹ ਸਤ ਨਹੀਂ ਸੀ ਰਿਹਾ। ਸੂਰਜ ਛਿਪਣ ਤੋਂ ਪਹਿਲਾਂ ਸਾਰੇ ਨਾਰੋਵਾਲ ਦੇ ਸਟੇਸ਼ਨ 'ਤੇ ਸੀ। ਮੁਸਲਿਮ ਡਰਾਈਵਰ ਗੱਡੀ ਰੋਕੀ ਖੜ੍ਹਾ ਸੀ। ਗੱਡੀ ਤਾਂ ਪਹਿਲਾਂ ਹੀ ਨੱਕੋ-ਨੱਕ ਭਰੀ ਪਈ ਸੀ। ਗੱਡੀ ਦੇ ਵਿਚਕਾਰ ਵਾਲ਼ੀ ਥਾਂ, ਛੱਤ, ਸੀਟਾਂ ਦੇ ਹੇਠਾਂ ਵਾਲ਼ੀ ਥਾਂ, ਬਾਥਰੂਮ ਸਭ ਥਾਂ ਭਰੀ ਪਈ ਸੀ, ਉੱਤੋਂ ਹਰ ਕੋਈ ਬੇਕਿਰਕੀ ਨਾਲ਼ ਚੜ੍ਹਨ ਲਈ ਕਾਹਲ਼ਾ ਸੀ। ਧੱਕਾ-ਮੁੱਕੀ 'ਚ ਬਜ਼ੁਰਗਾਂ ਨਾਲ ਵੀ ਇਨਸਾਫ਼ ਨਹੀਂ ਸੀ ਕੀਤਾ ਜਾ ਰਿਹਾ। ਉਹ ਹੇਠਾਂ ਲੁਟਕਦੇ ਜਾ ਰਹੇ ਸੀ। ਗੱਡੀ ਤੂੜੀ ਵਾਲ਼ੀ ਸਬਾਤ ਵਾਂਗੂ ਅੰਦਰੋਂ—ਬਾਹਰੋਂ ਭਰ ਗਈ।

ਨਾਰੋਵਾਲ ਆ ਕੇ ਗੱਡੀ ਦਾ ਡਰਾਈਵਰ ਵੀ ਬਦਲ ਗਿਆ ਸੀ। ਮੁਸਲਮਾਨ ਡਰਾਈਵਰ ਦਾ ਜੇਰਾ ਵੇਖੋ, ਕਿੰਨੇ ਹੀ ਸਿੱਖ ਹਿੰਦੂ ਉਸਨੇ ਮਰਵਾ ਦਿੱਤੇ। ਲੰਘੇ ਸਟੇਸ਼ਨਾਂ 'ਤੇ ਉਹ ਗੱਡੀ ਤੋਰਨ ਉੱਤੇ ਹੀ ਨਹੀਂ ਸੀ ਆਇਆ। ਮੁਸਲਮਾਨ ਮਰਦਾਂ-ਔਰਤਾਂ ਨੂੰ ਗਾਜਰਾਂ ਵਾਂਗ ਵੱਢਦੇ ਰਹੇ ਤੇ ਉਹ ਵੇਖਦਾ ਰਿਹਾ। ਉਹ ਵੀ ਤਾਂ ਮੌਲਵੀ ਅਤੇ ਗੱਜੂ ਹੋਰ ਵਾਂਗ ਆਪਣਾ ਧਰਮ ਨਿਭਾ ਰਿਹਾ ਸੀ।

ਗੱਡੀ ਵੀ ਖ਼ੂਨ ਦੇ ਛਿੱਟਿਆਂ ਨਾਲ਼ ਲਾਲ ਹੋ ਗਈ ਸੀ। ਮਜ਼ਬੂਤ ਲੋਹੇ ਦੀ ਗੱਡੀ ਤਿੱਖੇ ਹਥਿਆਰਾਂ ਦੇ ਵਾਰ ਨਾਲ਼ ਥਾਂ-ਥਾਂ ਤੋਂ ਚਿੱਬੀ ਹੋ ਗਈ ਸੀ। ਗੱਡੀ ਦੀ ਦਸ਼ਾ ਅਤੇ ਮੁਸਾਫ਼ਰਾਂ ਦਾ ਹਾਲ ਵੇਖ ਕੇ ਚੜ੍ਹਨ ਨੂੰ ਜੀ ਨਹੀਂ ਸੀ ਕਰਦਾ ਪਰ ਜਿਉਣ ਦੀ ਇੱਛਾ ਸਭ ਕੁੱਝ ਕਰਾ ਰਹੀ ਸੀ। ਗੱਡੀ ਦੇ ਬਾਥਰੂਮਾਂ ਅਤੇ ਸੀਟਾਂ ਦੇ ਹੇਠ ਕਿੰਨੀਆਂ ਹੀ ਲਾਸ਼ਾਂ ਪਈਆਂ ਸੀ। ਆਦਰਾਂ ਦੇ ਰੁੱਗ ਬਾਹਰ ਨਿਕਲੇ ਪਏ ਸੀ, ਸਿਰ ਪਾਟੇ ਸੀ, ਖ਼ੂਨ ਦੀਆਂ ਤਤ੍ਰੀਰੀਆਂ ਅਜੇ ਵੀ ਚੱਲ ਰਹੀਆਂ ਸੀ। ਹੋਰ ਤਾਂ ਹੋਰ ! ਔਰਤਾਂ ਦੇ ਗੁਪਤ ਅੰਗ/ਅੰਗੀਆਂ 'ਤੇ ਵੀ ਤੇਜ਼ਧਾਰ ਹਥਿਆਰਾਂ ਨਾਲ਼ ਵਾਰ ਕੀਤੇ ਹੋਏ ਸੀ। ਕਈ ਮਰਦ, ਔਰਤਾਂ ਤੇ ਬੱਚੇ ਤਾਂ ਅਜੇ ਵੀ ਕਸਾਈ ਵੱਲੋਂ ਝਟਕਾਏ ਬੱਕਰੇ ਵਾਂਗ ਤੜਫ ਰਹੇ ਸੀ। ਪਰ ਹਾਲਤ ਇਹੋ ਜਿਹੇ ਬਣ ਗਏ ਸੀ, ਕੋਈ ਇੱਕ-ਦੂਜੇ ਦੀ ਮਦਦ ਵੀ ਨਹੀਂ ਸੀ ਕਰਨ ਜੋਗਾ।

ਆਖ਼ਰ ਫੈਜ਼ ਅਲੀ ਨੇ ਜਾਇਜ਼ਾ ਲਿਆ, ਸਭ ਯਾਤਰੀ ਚੜ੍ਹ ਗਏ ਸੀ। ਫੈਜ਼ ਨੇ ਚੱਲਣ ਦਾ ਇਸ਼ਾਰਾ ਕੀਤਾ ਤਾਂ ਹਿੰਦੂ ਡਰਾਈਵਰ ਨੇ ਗੱਡੀ ਤੋਰ ਲਈ।

ਨਾਰੋਵਾਲ ਆ ਕੇ ਭੀੜ ਇੰਨੀ ਹੋ ਗਈ ਸੀ, ਵਡੇਰੇ ਬਜ਼ੁਰਗ ਭੀੜ-ਭੜੱਕਾ ਨਾ ਸਹਾਰਦੇ ਹੋਏ ਅੰਦਰ ਹੀ ਦਮ ਤੋੜ ਗਏ। ਸਰਹੱਦ ਵੱਲ ਵਧ ਰਹੀ ਗੱਡੀ ਜਦ ਰਾਵੀ ਦਰਿਆ ਪਾਰ ਕਰਨ ਲੱਗੀ ਤਾਂ ਚੱਕ ਖਲੀਲ ਦੇ ਮੰਗਲ ਸਿੰਘ ਦਾ ਛੋਟਾ ਜਿਹਾ ਬਾਲ, ਹੱਥੋਂ ਛੁਟ ਗਿਆ। ਬਹੁਤੀ ਭੀੜ ਕਾਰਨ ਮੰਗਲ ਦੇ ਹੱਥਾਂ ਦੀ ਪਕੜ ਢਿੱਲੀ ਪੈ ਗਈ। ਉਹ ਰੋਵੇ—ਕੁਰਲਾਵੇ ਪਰ ਹੁਣ ਹੱਥ ਪੱਲੇ ਲੱਗਣ ਵਾਲ਼ਾ ਕੁੱਝ ਨਹੀਂ ਸੀ। ਰਾਵੀ ਦਾ ਬੇਰਹਿਮ ਪਾਣੀ ਛੋਟੇ ਬਾਲ ਨੂੰ ਕਿੱਥੇ ਤਕ ਵਹਾ ਕੇ ਲੈ ਗਿਆ !

ਦੋਹਾਂ ਮੁਲਕਾਂ ਦੀ ਹੱਦ ਉੱਤੇ ਪਹੁੰਚ ਕੇ ਗੱਡੀ ਰੁਕ ਗਈ, ਜਿੱਥੇ ਹੁਣੇ ਹੀ ਰਾਜ ਗੱਦੀ ਦੇ ਚਾਹਵਾਨਾਂ ਨੇ ਸੱਜਰੀ ਧਰਤੀ ਦੀ ਹਿੱਕ ਚੀਰੀ ਸੀ। ਗੱਡੀ ਸਰਹੱਦ 'ਤੇ ਰੁਕੀ ਤਾਂ ਕਿਤੇ ਜਾ ਕੇ ਸਭ ਦਾ ਸਾਹ 'ਚ ਸਾਹ ਆਇਆ।

ਮਿਲਟਰੀ ਨੇ ਹਦਾਇਤ ਕੀਤੀ –"ਅਹੁ ...ਸਾਹਮਣੇ ਹਿੰਦਸਤਾਨ ਏ, ਹੁਣ ਤੁਹਾਨੂੰ ਕੋਈ ਨਹੀਂ ਮਾਰਦਾ ... ਬਾਬੇ ਬਕਾਲੇ ਵੱਲ ਚਲੇ ਜਾਇਓ। ਸਭ ਦੀ ਤਲਾਸ਼ੀ ਵੀ ਲਈ ਜਾਣੀ ਏ।" ਮਿਲਟਰੀ ਨੇ ਸ਼ਰਨਾਰਥੀਆਂ ਨੂੰ ਬਾਬਾ ਬਕਾਲਾ ਦੀ ਧਰਤੀ ਵੱਲ ਤੋਰ ਦਿੱਤਾ।

'ਤਲਾਸ਼ੀ' ਸ਼ਬਦ ਨੇ ਸਭ ਨੂੰ ਡਰਾ ਦਿੱਤਾ।

"ਤਲਾਸ਼ੀ ਨੂੰ ਅਸਾਂ ਨੇ ਕੋਈ ਡਾਕਾ ਮਾਰਿਆ ਏ।" ਤਲਾਸ਼ੀ ਵਾਲ਼ੀ ਗੱਲ ਇੰਦਰ ਸਿੰਘ ਨੂੰ ਢੁਕਵੀਂ ਨਾ ਲੱਗੀ ਪਰ ਸਾਹਮਣੇ ਮੰਜ਼ਿਲ ਆਈ ਵੇਖ ਮਨ ਖ਼ੁਸ਼ ਹੋਇਆ।

ਘਰ ਛੱਡਣ ਤੋਂ ਪਹਿਲਾਂ ਬਹੁਤੇ ਲੋਕ ਪੈਸਾ-ਟਕਾ ਤੇ ਗਹਿਣੇ ਨਾਲ਼ ਬੰਨ੍ਹ ਲਿਆਏ ਸੀ। ਤਲਾਸ਼ੀ ਦੇ ਡਰੋਂ ਕਈ ਕਮਜ਼ੋਰ ਦਿਲ ਵਾਲ਼ਿਆਂ ਨੇ ਪੈਸਿਆਂ ਤੇ ਗਹਿਣਿਆਂ ਵਾਲ਼ੀਆਂ ਥੈਲੀਆਂ ਰਾਹ ਵਿੱਚ ਹੀ ਸੁੱਟ ਦਿੱਤੀਆਂ।

ਹਿੰਦੂਸਤਾਨ ਦਾ ਨਾਂ ਸੁਣ ਕੇ ਸਭ ਦੇ ਸਾਹ 'ਚ ਸਾਹ ਆਇਆ। ਮਨ ਹੀ ਮਨ ਰੱਬ ਦਾ ਸ਼ੁਕਰ ਮਨਾਇਆ। ਬਹੁਤਿਆਂ ਨੇ ਧਰਤੀ ਨੂੰ ਨਿਉਂ ਕੇ ਨਮਸਕਾਰ ਕੀਤੀ। ਸਭ ਨੇ ਆਪੋ-ਆਪਣੇ ਇਸ਼ਟ ਨੂੰ ਧਿਆਇਆ। ਹੁਣ ਚਾਰੇ ਪਾਸੇ ਚਾਨਣ ਹੀ ਚਾਨਣ ਨਜ਼ਰ ਆਉਣ ਲੱਗਾ। ਪਰ ਹਿੰਦਸਤਾਨ ਦੀ ਜੂਹ 'ਚ ਪੈਰ ਧਰਦਿਆਂ ਕਾਫ਼ਲਾ ਕਿੰਨਾ ਛੋਟਾ ਹੋ ਗਿਆ ਸੀ। ਆਪਣੀ ਜਾਨ ਬਚਣ ਦਾ ਚਾਅ ਘੱਟ ਤੇ ਮਾਰੇ ਗਏ ਸਕੇ ਸੰਬੰਧੀਆਂ ਦਾ ਦਰਦ ਜ਼ਿਆਦਾ ਸੀ।

ਹਿੰਦੂਸਤਾਨ 'ਚ ਦਾਖਲ ਹੋਣ ਸਮੇਂ ਹਰ ਇੱਕ ਦੇ ਮੋਢਿਆਂ 'ਤੇ ਪਛਾਣ ਲਈ ਲਾਲ ਤੇ ਹਰੇ ਰੰਗ ਦੇ ਰਿਬਨ ਲਾਏ ਗਏ। ਗੱਡੀ ਵਕਤ ਦੇ ਮਾਰਿਆਂ ਨੂੰ ਲੈਣ ਲਈ ਵਾਪਸ ਪਰਤ ਗਈ ਸੀ।

ਡੇਰਾ ਬਾਬਾ ਬਕਾਲਾ ਵੱਲ ਵਧਦਿਆਂ ਹਰ ਇੱਕ ਦੇ ਪੈਰ ਕਾਹਲ਼ੇ ਹੋ ਗਏ। ਛੋਟੇ ਜਿਹੇ ਸਟੇਸ਼ਨ ਦੇ ਨੇੜੇ ਹੀ ਇੱਕ ਕਿੱਲੇ 'ਚ ਅੰਬਾਂ ਦੀ ਬਗ਼ੀਚੀ ਸੀ। ਪਹਿਲਾਂ ਤੋਂ ਹੀ ਪਹੁੰਚ ਚੁੱਕੇ ਸ਼ਰਨਾਰਥੀ ਉੱਥੇ ਡੇਰਾ ਜਮਾਈ ਬੈਠੇ ਸੀ। ਨਵਾਂ ਆਇਆ ਜਥਾ ਬਿੜਕ ਲੈ ਕੇ ਅੰਬੀਆਂ ਦੇ ਬਾਗ਼ 'ਚ ਜਾ ਪਹੁੰਚਿਆ। ਖ਼ਾਲੀ ਥਾਂ ਵੇਖ ਸਭ ਚੁੱਪ-ਚੁਪੀਤੇ ਬੈਠ ਗਏ।

ਲਗਾਤਾਰ ਪੈ ਰਹੀਆਂ ਬਾਰਸ਼ਾਂ ਕਾਰਨ, ਤਨ ਦੇ ਕੱਪੜੇ ਮੁਸ਼ਕ ਗਏ ਜਾਂ ਥਾਂ-ਥਾਂ ਤੋਂ ਫਟ ਗਏ। ਪਰ ਬਾਬੇ ਨਾਨਕ ਦੀ ਕਿਰਪਾ ਨਾਲ਼ ਇੱਥੇ ਕਿਸੇ ਚੀਜ਼ ਦੀ ਤੋਟ ਨਹੀਂ ਸੀ। ਦਾਨੀਆਂ ਨੇ ਲੰਗਰ ਲਾ ਦਿੱਤੇ ਸੀ। ਨੰਗਿਆਂ ਦਾ ਤਨ ਢਕਣ ਨੂੰ ਤੇ ਰਾਤ ਨੂੰ ਵਿਛਾਉਣ ਤੇ ਉੱਤੇ ਲੈਣ ਨੂੰ ਵਸਤਰ ਵੰਡ ਦਿੱਤੇ ਸੀ। ਨਾਨਕ ਦੀ ਨਗਰੀ ਵਿੱਚ ਰੌਣਕਾਂ ਲੱਗ ਗਈਆਂ ਸੀ।

ਭਾਰੀ ਮੀਂਹ ਕਾਰਨ ਦੋ ਦਿਨ ਬਾਬਾ ਬਕਾਲਾ ਰੁਕਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ।

ਤੀਜੇ ਦਿਨ ਅੰਮ੍ਰਿਤਸਰ ਤੋਂ ਆਈ ਗੱਡੀ ਰਾਹੀਂ ਸ਼ਰਨਾਰਥੀ ਦਰਬਾਰ ਸਾਹਿਬ ਜਾ ਪਹੁੰਚੇ। ਅੰਮ੍ਰਿਤਸਰ ਵੀ ਤਾਂ ਦਰਬਾਰ ਸਾਹਿਬ, ਸਾਰੀਆਂ ਸਰਾਵਾਂ, ਮੰਦਰ ਆਦਿ ਸ਼ਰਨਾਰਥੀਆਂ ਨਾਲ਼ ਭਰ ਗਏ ਸੀ। ਦਰਬਾਰ ਸਾਹਿਬ ਤਾਂ ਤਿਲ ਸੁੱਟਣ ਨੂੰ ਵੀ ਥਾਂ ਨਹੀਂ ਸੀ ਰਹੀ।

ਜਾਨ ਬਚਾ ਕੇ ਆਏ ਲੋਕ ਵਾਹਿਗੁਰੂ ਦਾ ਧੰਨਵਾਦ ਕਰਨ ਲਈ ਦਰਬਾਰ ਸਾਹਿਬ ਮੱਥਾ ਟੇਕਣ ਲਈ ਤਰਲੋ-ਮੱਛੀ ਹੋਏ ਪਏ ਸੀ।

ਸਦਕੇ ਜਾਈਏ ਅੰਬਰਸਰੀਆਂ ਦੇ, ਜਿਨ੍ਹਾਂ ਥਾਂ-ਥਾਂ 'ਤੇ ਲੰਗਰ ਲਾ ਦਿੱਤੇ, ਪਾਣੀ ਦੀਆਂ ਛਬੀਲਾਂ ਲਾ ਦਿੱਤੀਆਂ। ਤਿੰਨ ਵਕਤ ਦਾਨੀ ਸੱਜਣ ਤਰ੍ਹਾਂ-ਤਰ੍ਹਾਂ ਦੇ ਪਕਵਾਨ ਬਣਾ ਕੇ ਲਿਆਉਂਦੇ। ਹਰ ਕੋਈ ਦਿਲ ਖੋਲ੍ਹ ਕੇ ਦਾਨ ਦੇ ਰਿਹਾ ਸੀ।

ਸਮੇਂ ਦਾ ਗੇੜ ਵੇਖੋ, ਸਰਦੇ ਪੁੱਜਦੇ ਘਰਾਂ ਦੇ ਮਾਲਕ ਵੀ ਦੋ ਟੁੱਕ ਰੋਟੀ ਲਈ ਹੱਥ ਅੱਡ ਰਹੇ ਸੀ।

ਸ਼ਰਨਾਰਥੀਆਂ ਦੇ ਠਹਿਰਨ ਲਈ ਤੰਬੂ ਲਾ ਦਿੱਤੇ। ਸਰਕਾਰੀ ਗੱਡੀਆਂ ਸਟੇਸ਼ਨ ਤੋਂ ਸ਼ਰਨਾਰਥੀਆਂ ਨੂੰ ਢੋ ਰਹੀਆਂ ਸੀ। ਫੱਟੜ ਅਤੇ ਜ਼ਖ਼ਮੀਆਂ ਨੂੰ ਮੱਲ੍ਹਮ-ਪੱਟੀ ਕਰਨ, ਦਵਾ—ਬੂਟੀ ਦੇਣ ਲਈ ਮੈਡੀਕਲ ਸੇਵਾਵਾਂ ਦਿੱਤੀਆਂ ਜਾ ਰਹੀਆਂ ਸੀ। ਲਾਚਾਰ ਤੇ ਬੇਵੱਸ ਲੋਕਾਂ ਨੂੰ ਤਸੱਲੀਆਂ ਅਤੇ ਧਰਵਾਸ ਦਿੱਤਾ ਜਾ ਰਿਹਾ ਸੀ।

"ਤੁਸੀਂ ਬਿਲਕੁਲ ਚਿੰਤਾ ਨਾ ਕਰੋ ... ਤੁਹਾਨੂੰ ਦਵਾਈ-ਬੂਟੀ, ਕੱਪੜਾ-ਲੱਤਾ, ਭੋਜਨ ਆਦਿ ਸਭ ਕੁੱਝ ਮਿਲੇਗਾ।"

ਪਾਕਿਸਤਾਨੋਂ ਆਏ ਸਿੱਖਾਂ-ਹਿੰਦੂਆਂ ਤੋਂ ਅੰਕੜੇ ਵੀ ਇਕੱਠੇ ਕੀਤੇ ਜਾ ਰਹੇ ਸੀ। ਅੰਕੜਾਕਾਰ ਪੁੱਛ-ਪੜਤਾਲ ਕਰ ਰਹੇ ਸੀ। ਪੜਤਾਲ ਦੌਰਾਨ ਨਾਂ, ਪਿਤਾ ਦਾ ਨਾਂ, ਪਿੰਡ, ਤਹਿਸੀਲ, ਜ਼ਿਲ੍ਹਾ, ਪਿੰਡ ਵਿੱਚ ਹਿੰਦੂ ਜਾਂ ਸਿੱਖ ਘਰਾਂ ਦੀ ਗਿਣਤੀ, ਜਾਨੀ ਨੁਕਸਾਨ, ਮਾਲੀ ਨੁਕਸਾਨ, ਮਾਲੀ ਨੁਕਸਾਨ ਦੀ ਕੀਮਤ ਆਦਿ ਤੱਥ ਇਕੱਤਰ ਕੀਤੇ ਜਾ ਰਹੇ ਸੀ।

ਮਾਲੀ ਨੁਕਸਾਨ ਦੀ ਤਾਂ ਭਰਪਾਈ ਹੋ ਜਾਣੀ ਸੀ ਪਰ ਜੋ ਰੂਹਾਂ ਦੇ ਹਾਣੀ ਵਿਛੜ ਗਏ, ਉਨ੍ਹਾਂ ਦੀ ਪੂਰਤੀ ਕੋਈ ਨਹੀਂ ਸੀ ਕਰ ਸਕਦਾ। ਤੰਬੂ ਅੰਦਰ ਵੜ ਕੇ ਆਪਣੇ ਪਿਆਰਿਆਂ ਨੂੰ ਯਾਦ ਕਰਕੇ ਕਈ ਲੋਕ ਭੁੱਬਾਂ ਮਾਰ-ਮਾਰ ਅਜੇ ਵੀ ਰੋ ਰਹੇ ਸੀ, ਬਹੁਤੇ ਰੋ-ਰੋ ਥੱਕ ਚੁੱਕੇ ਸੀ।

ਦਰਬਾਰ ਸਾਹਿਬ ਆ ਕੇ ਸਾਰਿਆਂ ਨੂੰ ਸ਼ਾਂਤੀ ਜ਼ਰੂਰ ਮਿਲ ਗਈ ਸੀ। ਹੌਲ਼ੀ-ਹੌਲ਼ੀ ਸਾਰੇ ਪਰਿਵਾਰ ਆਪੋ-ਆਪਣੇ ਟਿਕਾਣਿਆਂ ਵੱਲ ਵਧਣੇ ਸ਼ੁਰੂ ਹੋ ਗਏ। ਗੁੱਜਰਾਂਵਾਲਾ ਜ਼ਿਲ੍ਹੇ ਦਾ ਕਾਫ਼ਲਾ ਅੰਮ੍ਰਿਤਸਰ ਤੋਂ ਫਿਰੋਜ਼ਪੁਰ ਹੁੰਦਾ ਹੋਇਆ, ਜਲੰਧਰ ਤੋਂ ਰਾਜਪੁਰੇ ਜਾ ਪਹੁੰਚਿਆ।

ਚੱਕ ਖਲੀਲ ਵਾਲ਼ੇ ਪਰਿਵਾਰ ਇੰਦਰ ਸਿੰਘ ਦੀ ਅਗਵਾਈ ਵਿੱਚ ਰਾਜਪੁਰੇ

ਸਟੇਸ਼ਨ ’ਤੇ ਉੱਤਰੇ ਤਾਂ ਸ਼ਾਮ ਦਾ ਵੇਲ਼ਾ ਸੀ। ਸਟੇਸ਼ਨ ’ਤੇ ਰੌਣਕ ਵੀ ਘੱਟ ਸੀ। ਰੇਹੜੀਆਂ ਵਾਲ਼ੇ ਵੀ ਘੱਟ ਹੀ ਰਹਿ ਗਏ ਸੀ। ਏਧਰੋਂ-ਉਧਰੋ ਗੱਡੀ ਆਉਂਦੀ ਵੇਖ ਉਹ ਹੋਕਰੇ ਮਾਰਨ –

"ਚਾਏ ..... ਚਾਏ ....ਗਰਮਾ-ਗਰਮ ਚਾਏ।"

"ਗਰਮਾ-ਗਰਮ ਪਕੌੜੇ .... ਵੇਸਣੀ ਲੱਡੂ ..."

ਬੁਝੇ ਚਿਹਰਿਆਂ ਵਾਲ਼ਾ ਜਥਾ ਜਿਵੇਂ ਹੀ ਹੇਠ ਉੱਤਰਿਆ ਤਾਂ ਨੇੜਲੀਆਂ ਰੇਹੜੀਆਂ ਵਾਲ਼ੇ ਪੁੱਛਣ –

"ਕਿੱਥੇ ਜਾਣੈ, ਸਰਦਾਰੋ ?"

"ਕਰਨਾਲ।" ਇੰਦਰ ਨਿਮਰਤਾ ਸਹਿਤ ਬੋਲਿਆ।

"ਨਹੀਂ ... ਨਹੀਂ, ਸਰਦਾਰ ਜੀ। ਕਰਨਾਲ ਦੇ ਮੁਸਲਮਾਨ ਤਾਂ ਅਜੇ ਗਏ ਨੀ।" ਪਹਿਲੀ ਰੇਹੜੀ ਵਾਲ਼ੇ ਨੇ ਮਨ੍ਹਾਂ ਕੀਤਾ।

"ਮਾਰੇ ਜਾਓਂਗੇ, ਹਾਲਾਤ ਅਜੇ ਮਾੜੇ ਨੇ ਉੱਥੇ।" ਦੂਜੀ ਰੇਹੜੀ ਵਾਲ਼ਾ ਵੀ ਰੇਹੜੀ ਧੱਕਦਾ ਨਜ਼ਦੀਕ ਆ ਗਿਆ ਸੀ।

ਸੁਣ ਕੇ ਸਾਰਾ ਜਥਾ (ਹੁਣ ਤਾਂ ਸਿਰਫ ਪਿੰਡ ਚੱਕ ਖਲੀਲ ਵਾਲ਼ੇ ਹੀ ਬਾਕੀ ਰਹਿ ਗਏ ਸੀ ) ਸ਼ਸ਼ੋਪੰਜ ’ਚ ਪੈ ਗਿਆ। ਕੁੱਝ ਚਿਰ ਸੋਚਣ ਤੋਂ ਬਾਅਦ ਇੰਦਰ ਬੋਲਿਆ –"ਵਾਪਸ ਪਟਿਆਲੇ ਵੱਲ ਜਾਨੇ ਆਂ। ਖੌਰੇ, ਭੱਟੀ ਭੰਗੋ ਆਲ਼ੇ ਮਿਲ ਜਾਣ।"

ਹਾਲਾਤਾਂ ਨੂੰ ਵੇਖਦਿਆਂ, ਅਗਲੀ ਸਵੇਰ ਸਾਰੇ ਪਟਿਆਲੇ ਨੂੰ ਚੱਲ ਪਏ। ਰਾਹਾਂ ਵਿਚਲੀਆਂ ਖੱਜਲ਼-ਖੁਆਰੀਆਂ ਨੇ ਸਾਈਂ ਹਾਸਲ ਦੀ ਯਾਦ ਵੀ ਭੁਲਾ ਦਿੱਤੀ।

ਖਲੀਲ ਦੀਆਂ ਗਲੀਆਂ, ਜ਼ਮੀਨਾਂ-ਜਾਇਦਾਦਾਂ ਅਤੇ ਘਰਾਂ ਦਾ ਜਿਵੇਂ ਹੇਰਵਾ ਹੀ ਮਰ ਗਿਆ ਹੋਵੇ।

ਦੁਪਹਿਰ ਤਕ ਇੰਦਰ ਹੋਰਾਂ ਨੇ ਪਟਿਆਲੇ ਪਹੁੰਚ ਕੇ ਲੱਭਦੇ-ਲੁਭਾਉਂਦੇ ਭੱਟੀ ਭੰਗੋ ਵਾਲ਼ਿਆਂ ਨੂੰ ਜਾ ਲੱਭਿਆ। ਭੱਟੀ ਵਾਲ਼ੇ ਪੁਰਾਣੇ ਲਿਹਾਜ਼ੀ ਭਾਗ ਸਿੰਘ, ਬਹਾਦਰ ਸਿੰਘ, ਬੂਟਾ ਸਿੰਘ, ਗੇਜਾ ਸਿੰਘ, ਅਨੋਖਾ ਨਿਹੰਗ ਤੇ ਧਰਮ ਸਿੰਘ ਸਟੇਸ਼ਨ ਤੋਂ ਪਰ੍ਹਾਂ, ਨਿਵਾਣ ਵਾਲ਼ੇ ਪਾਸੇ ਲੱਗੇ ਤੰਬੂਆਂ ’ਚ ਗੱਡੀ ਲੁਹਾਰਾਂ ਵਾਂਗ ਬੈਠੇ ਸੀ। ਦੋਵੇਂ ਪਿੰਡਾਂ ਦੇ ਵਸਨੀਕਾਂ ਨੇ ਜਦ ਇੱਕ-ਦੂਜੇ ਨੂੰ ਪਛਾਣਿਆਂ ਤਾਂ ਗਲ ਲੱਗ ਮਿਲੇ। ਫਿਰ ਵੀ ਪੁਰਾਣੇ ਲਿਹਾਜ਼ੀ ਸੀ। ਸਾਰੀ ਦੋ ਕਿਲੋਮੀਟਰ ਦੀ ਹੀ ਤਾਂ ਦੂਰੀ ਸੀ, ਭੱਟੀ ਭੰਗੋ ਅਤੇ ਖਲੀਲ ਦੀ। ਵਿਆਹ-ਸ਼ਾਦੀਆਂ ਅਤੇ ਦੁੱਖ ਦੀ ਘੜੀ ’ਚ ਸਾਰੇ ਜੁੜਦੇ ਹੀ ਤਾਂ ਰਹੇ ਸੀ।

ਅਨੋਖਾ ਨਿਹੰਗ ਆਪਣੀਆਂ ਲਵੇਰੀਆਂ ਨੂੰ ਚਰਾਉਂਦਾ ਭੱਟੀ ਭੰਗੋ ਤੋਂ ਖਲੀਲ ਹੁੰਦਾ ਹੋਇਆ ਸਾਈਵਾਲਾ ਤਕ ਜਾ ਪਹੁੰਚਦਾ। ਦੁਪਹਿਰ ਵੇਲ਼ੇ ਦੋ-ਤਿੰਨ ਪਿੰਡਾਂ ਦੇ ਹਾਲ਼ੀ ਤੇ ਪਾਲ਼ੀ ਬਰਕਤ ਅਲੀ ਦੀ ਜਾਮੀਆਂ ਮਸਜਿਦ ਦੇ ਪਿੱਪਲਾਂ ਹੇਠ

ਆਪਣਾ ਸਮਾਂ ਗੁਜ਼ਾਰਦੇ।

ਬੋਹੜਾਂ-ਪਿੱਪਲਾਂ ਹੇਠ ਸਾਈਵਾਲਾ ਦੇ ਆਜੜੀ ਜੀਤੂ ਖਾਨ ਨਾਲ਼ ਗੁਜ਼ਾਰੇ ਦਿਨ, ਹੁਣ ਯਾਦਾਂ ਬਣ ਕੇ ਰਹਿ ਗਏ। ਮੁਸਲਮਾਨਾਂ ਤੋਂ ਡਰਦਿਆਂ ਅਨੋਖੇ ਨਿਹੰਗ ਨੇ ਤਾਂ ਦੋ ਗਿੱਠ ਲੰਮੀ ਦਾੜ੍ਹੀ ਵੀ ਕਟਾ ਲਈ। ਪਿੱਪਲ ਨੂੰ ਢੋਅ ਲਾ ਕੇ, ਚੁੱਪ-ਚਾਪ ਬੈਠਾ ਅਨੋਖਾ ਤਾਂ ਖਲੀਲ ਵਾਲ਼ਿਆਂ ਦੇ ਪਛਾਣ 'ਚ ਹੀ ਨਾ ਆਇਆ।

"ਗੇਜਾ ਸਿਆਂ, ਤੁਸੀਂ ਕਦੋਂ ਟੁਰੇ ਸੋ?" ਇੰਦਰ ਬੰਦਿਆਂ ਵਾਲ਼ੇ ਪਾਸੇ ਬੈਠ ਗਿਆ।

"ਬੱਸ ਅਸੀਂ ਤੁਅ੍ਹਾਡੇ ਤੋਂ ਪਿਛਲੇ ਕਾਫ਼ਲੇ ਨਾਲ਼ ਟੁਰੇ ਸੀ। ਬਾਸੀਆਣਾ ਤੇ ਸੇਖਵਾਂ ਆਲ਼ੇ ਅਸਾਂ ਦੇ ਨਾਲ਼ ਈ ਸੀ।" ਗੇਜਾ ਬੋਲਿਆ।

"ਦੋਵੇਂ ਪਿੰਡਾਂ ਲਈ ਵਧੀਆ ਜਿਆ ਟਿਕਾਣਾ ਵੇਖ, ਇੱਕ ਥਾਂ 'ਤੇ ਈ ਵਸ ਜਾਵਾਂਗੇ।" ਭਾਗ ਸਿੰਘ ਨੇ ਭੱਟੀ ਭੰਗੋ ਤੇ ਚੱਕ ਖਲੀਲ ਦੇ ਮੁੜ ਵਸੇਬੇ ਦੀ ਗੱਲ ਸਭ ਨਾਲ਼ ਸਾਂਝੀ ਕੀਤੀ।

"ਹਾਂ ਭਾਈ, ਸਾਰਿਆਂ ਦਾ ਰਲ਼-ਮਿਲ਼ ਕੇ ਵਧੀਆ ਨਿਰਬਾਹ ਹੋ ਜਾਣਾ ਏ।" ਇੰਦਰ ਸਿੰਘ ਵੀ ਇੱਕੋ ਪਿੰਡ ਵਿੱਚ ਰਹਿਣ ਲਈ ਸਹਿਮਤ ਹੋ ਗਿਆ।

ਚਿਰਾਂ ਦੀ ਵਿਛੜੀਆਂ ਔਰਤਾਂ ਇੱਕ ਪਾਸੇ ਲੱਗੀਆਂ ਬੈਠੀਆਂ ਸੀ। ਚੱਕ ਖਲੀਲ ਦੀਆਂ ਔਰਤਾਂ ਭੱਟੀ ਭੰਗੋ ਵਾਲ਼ੀਆਂ ਨੂੰ ਗਲ ਲੱਗ ਮਿਲਣ ਸਮੇਂ ਕਿੰਨਾ ਹੀ ਚਿਰ ਰੋਂਦੀਆਂ ਰਹੀਆਂ। ਫਿਰ ਬੰਦਿਆਂ ਤੋਂ ਪਰ੍ਹਾਂ ਹੋ ਕੇ ਆਪਣਾ ਮਨ ਹੌਲ਼ਾ ਕਰਨ ਲੱਗੀਆਂ। ਕੁਦਰਤ ਨੇ ਅੱਜ ਮਸਾਂ ਮਿਲ ਬੈਠਣ ਦਾ ਮੌਕਾ ਦਿੱਤਾ। ਬਿਖੜੇ ਪੈਂਡਿਆਂ ਨੂੰ ਤੈਅ ਕਰਦਿਆਂ ਉਨ੍ਹਾਂ ਦੀ ਹਾਲਤ ਪਾਟੀ ਖਿੱਦੋ ਵਰਗੀ ਹੋਈ ਪਈ ਸੀ। ਪੈਰਾਂ 'ਚ ਬਿਆਈਆਂ ਪਾਟੀਆਂ ਪਈਆਂ ਸੀ। ਚਿਹਰਿਆਂ ਦਾ ਨੂਰ ਉੱਡ ਗਿਆ ਸੀ।

———

ਅਗਲੀ ਸਵੇਰ ਦੋਵੇਂ ਪਿੰਡਾਂ ਦੇ ਮੁਹਤਬਰ ਬੰਦੇ, ਜ਼ਮੀਨ ਦੀ ਅਲਾਟਮੈਂਟ ਲਈ ਲੱਭਦੇ-ਲੁਭਾਉਂਦੇ ਸੰਬੰਧਿਤ ਦਫਤਰ ਗਏ। ਦਫਤਰ ਵਾਲ਼ਾ ਸੱਜਣ ਭੱਦਰ-ਪੁਰਸ਼ ਸੀ। ਉਹ ਇੰਦਰ ਸਿੰਘ ਤੇ ਬਾਕੀ ਸੱਜਣਾਂ ਨੂੰ ਆਖਣ ਲੱਗਾ - " ਸਰਦਾਰੋ, ਵੇਰਵੇ ਸਹੀ ਦੇਣੇ। ਜਿੰਨੀ ਭੂਮੀ ਪਿੱਛੇ ਸੀ, ਉਹਨੀ ਹੀ ਦਰਜ ਕਰਵਾਉਣੀ। ਪੁੱਛ—ਪੜਤਾਲ ਵੀ ਹੋਣੀ ਐ ਬਾਅਦ 'ਚ।"

"ਜਨਾਬ, ਜਿੰਨੀ ਆਪਣੀ ਸੀ, ਓਨੀ ਈ ਮਿਲ ਜਾਏ, ਰੱਬ ਦਾ ਸ਼ੁਕਰ ਕਰਾਂਗੇ।" ਇੰਦਰ ਸਿੰਘ ਨਿਮਰ ਹੋ ਕੇ ਸਾਹਮਣੇ ਖੜ੍ਹ ਗਿਆ।

ਫਿਰ ਉਸ ਭੱਦਰ ਪੁਰਸ਼ ਨੇ ਇੰਦਰ ਹੋਰਾਂ ਨੂੰ ਨੇਕ ਸਲਾਹ ਦਿੱਤੀ -

"ਫੇਰਾ-ਤੋਰਾ ਕਰਕੇ ਕੋਈ ਚੰਗੀ ਜ਼ਮੀਨ ਲੱਭ ਲੋ। ਪਹਿਲਾਂ ਕੱਚੀ ਅਲਾਟ ਕਰ ਦਿਆਂਗੇ।"

"ਜੀ ਜਨਾਬ ....." ਆਖ ਇੰਦਰ ਤੇ ਸਾਥੀ ਵਾਪਸ ਪਰਤ ਆਏ।

ਪਟਿਆਲੇ ਦੀ ਜ਼ਮੀਨ ਅੱਵਲ ਦਰਜੇ ਦੀ ਸੀ ਪਰ ਉਹ ਪਹਿਲਾਂ ਹੀ ਅਲਾਟ

ਹੋ ਚੁੱਕੀ ਸੀ। ਇੰਦਰ ਸਿੰਘ, ਧਰਮ ਸਿੰਘ, ਬੂਟਾ ਸਿੰਘ, ਭਾਗ ਸਿੰਘ ਕਿੰਨੇ ਹੀ ਦਿਨ ਫੇਰਾ-ਤੋਰਾ ਕਰਦੇ ਰਹੇ। ਕਦੇ ਸੰਗਰੂਰ ਕਦੇ ਪਾਤੜਾਂ ਵੱਲ ਗੇੜੇ ਮਾਰਦੇ ਰਹੇ। ਆਖਰ ਸੁਨਾਮ ਵਾਲ਼ੇ ਪਾਸੇ ਦੱਸ ਪਈ।

ਸੁਨਾਮ ਆਏ ਤਾਂ ਸਿਆਣੇ ਜਿਹੇ ਸੇਠ ਨੇ ਕਾਹਨਗੜ੍ਹ ਵਾਲ਼ੇ ਪਾਸੇ ਜਾਣ ਦੀ ਸਲਾਹ ਦਿੱਤੀ- "ਕਾਹਨਗੜ੍ਹ ਲਾਗੇ ਕਾਲੀਆ ਪਿੰਡ ਖ਼ਾਲੀ ਪਿਐ। ਉੱਥੇ ਜਾ ਕੇ ਵੇਖ ਆਉ। ਦੋਵੇਂ ਪਿੰਡਾਂ ਦਾ ਵਾਸਾ ਹੋ ਜਾਣੈ।"

ਇੰਦਰ ਹੋਰੀਂ ਪੁੱਛਦੇ-ਪੁਛਾਉਂਦੇ ਗੱਡੀ ਦੀ ਲਾਈਨ ਦੇ ਨਾਲ਼-ਨਾਲ਼ ਕਾਲੀਏ ਪਹੁੰਚ ਗਏ। ਪਿੰਡ ਤਾਂ ਉੱਜੜਿਆ ਪਿਆ ਸੀ, ਤਹਿਸ-ਨਹਿਸ ਹੋਇਆ ਪਿਆ ਸੀ। ਨਿੱਕੇ ਜਿਹੇ ਪਿੰਡ 'ਚ ਇੱਕ ਜੀਅ ਵੀ ਵਿਖਾਈ ਨਹੀਂ ਸੀ ਦੇ ਰਿਹਾ। ਹਾਂ - ਅਵਾਰਾ ਕੁੱਤੇ ਜ਼ਰੂਰ ਘੁੰਮਦੇ ਫਿਰਦੇ ਸੀ। ਓਪਰੇ ਬੰਦੇ ਪਿੰਡ ਆਏ ਵੇਖ ਕੁੱਤੇ ਭੌਂਕਣ ਲੱਗੇ।

"ਅਸੀ ਤਾਅੜਾ ਕੀ ਚੁੱਕ ਲਿਆ !" ਇੰਦਰ ਨੇ ਕੁੱਤਿਆਂ ਨੂੰ ਸੋਟੀ ਨਾਲ਼ ਪਰ੍ਹਾਂ ਭਜਾਇਆ।

"ਪਿੰਡ ਤਾਂ ਠੀਕ ਆ, ਘਰ ਵੀ ਖੁੱਲ੍ਹੇ-ਡੁੱਲ੍ਹੇ ਨੇ।" ਸਾਰੇ ਪਿੰਡ ਦਾ ਚੱਕਰ ਲਾਉਣ ਤੋਂ ਬਾਅਦ ਭਾਗ ਸਿੰਘ ਨੇ ਆਪਣੀ ਰਾਇ ਦਿੱਤੀ।

"ਜਮੀਨ ਦੀ ਪਰਖ ਕਰਲੋ, ਸਾਰੀ ਉਮਰ ਵਾਸਾ ਕਰਨੈ।" ਖੇਤਾਂ ਵੱਲ ਗੇੜਾ ਮਾਰਦਿਆਂ ਬੂਟਾ ਸਿੰਘ ਨੇ ਸੁਝਾਅ ਦਿੱਤਾ।

ਮਿੱਟੀ ਦੀ ਪਰਖ ਕੀਤੀ ਤਾਂ ਸਾਰਿਆਂ ਨੂੰ ਮਿੱਟੀ ਜਰਖੇਜ਼ ਜਾਪੀ। ਕੋਲ਼ੋਂ ਲੰਘਦੀ ਨਹਿਰ ਨੇ ਵੀ ਸਭ ਨੂੰ ਪ੍ਰਭਾਵਿਤ ਕੀਤਾ। ਸਾਰਿਆਂ ਦੀ ਸਹਿਮਤੀ ਇਸ ਗੱਲ 'ਤੇ ਬਣੀ -

"ਕਾਲੀਆ ਅਲਾਟ ਕਰਾ ਲੈਨੇ ਆਂ। ਭੋਇੰ ਵੀ ਠੀਕ ਏ, ਪਾਣੀ ਦਾ ਪ੍ਰਬੰਧ ਵੀ ਠੀਕ ਏ।"

"ਚੱਲ ਕੇ ਸਭ ਨਾਲ਼ ਗੱਲ ਸਾਂਝੀ ਕਰਦੇ ਆਂ। ਆਪਾਂ ਆਪਣੀ ਰਾਇ ਦੇ ਦੇਣੀ ਏ।" ਇੰਦਰ ਹੋਰਾਂ ਦੀ ਸਹਿਮਤੀ ਬਣ ਗਈ ਸੀ ਪਰ ਉਹ ਸਭ ਨੂੰ ਨਾਲ਼ ਲੈ ਕੇ ਚੱਲਣਾ ਚਾਹੁੰਦੇ ਸੀ।

ਚਾਰੋ ਜਣਿਆਂ ਨੇ ਸਾਰੀ ਗੱਲਬਾਤ ਪਟਿਆਲੇ ਜਾ ਕੇ ਸਭ ਨਾਲ਼ ਸਾਂਝੀ ਕੀਤੀ।

"ਲਓ ਵਈ ਸੰਗਤੇ, ਪਿੰਡ ਅਸੀਂ ਵੇਖ ਆਏ, ਸਾਨੂੰ ਤੇ ਠੀਕ ਲੱਗਿਆ, ਭੋਇੰ ਵੀ ਠੀਕ ਏ, ਲਾਗਿਓਂ ਨਹਿਰ ਵੀ ਲੰਘਦੀ ਏ। ਸਾਡੀ ਤੇ ਸਾਰਿਆਂ ਦੀ ਸਹਿਮਤੀ ਏ।" ਇੰਦਰ ਨੇ ਸਾਰੀ ਗੱਲ ਸਾਂਝੀ ਕੀਤੀ।

"ਤੁਸੀਂ ਸਿਆਣੇ ਓਂ, ਜੋ ਫੈਸਲਾ ਲਿਆ ਏ, ਸੋਚ ਸਮਝ ਕੇ ਈ ਲਿਆ ਹੋਏਗਾ। ਅਸੀਂ ਵੀ ਸਾਰੇ ਸਹਿਮਤ ਆਂ।" ਸਾਰਿਆਂ ਨੇ ਇੰਦਰ ਸਿੰਘ ਹੋਰਾਂ ਦੀ ਰਾਇ 'ਤੇ ਫੁੱਲ ਚੜ੍ਹਾਏ।

ਕੱਚੀ ਮਾਲਕੀ ਤੋਂ ਬਾਅਦ ਚੱਕ ਖਲੀਲ ਅਤੇ ਭੱਟੀ ਭੰਗੋ ਦੇ ਉੱਜੜੇ ਵਸਨੀਕ ਨਵੇਂ ਪਿੰਡ 'ਚ ਵਸਣ ਲਈ ਕਾਲੀਏ ਨੂੰ ਚੱਲ ਪਏ। ਪਟਿਆਲੇ ਤੋਂ ਸੁਨਾਮ ਤੇ ਫਿਰ ਅਗਲੀ ਸਵੇਰ ਸੁਨਾਮ ਤੋਂ, ਗੱਡੀ ਦੀ ਪਟੜੀ ਦੇ ਨਾਲ਼-ਨਾਲ਼, ਸ਼ਾਮ ਤਕ ਕਾਲੀਏ ਪਹੁੰਚ ਗਏ।

———

ਅਗਲੀ ਸਵੇਰ ਕਾਹਨਗੜ੍ਹ ਸਮੇਤ ਆਸ-ਪਾਸ ਦੇ ਪਿੰਡਾਂ ਤਕ ਖ਼ਬਰ ਪਹੁੰਚ ਗਈ –

"ਕਾਲੀਏ ਪਾਕਿਸਤਾਨੀ ਸਿੱਖ ਆਏ ਨੇ।"

"ਸੁਣਿਐ, ਕਿਸੇ ਨਾਲ਼ ਬੋਲਦੇ-ਚੱਲਦੇ ਵੀ ਨਹੀਂ।"

"ਕਾਲੀਏ ਤਾਂ ਅਜਿਹੇ ਆਦਮ ਆ ਗਏ, ਮਾਨਸਾਂ ਨੂੰ ਵੀ ਖਾ ਜਾਂਦੇ ਨੇ।"

ਕਿਸੇ ਨੇ ਇਹ ਅਫ਼ਵਾਹ ਵੀ ਫੈਲਾ ਦਿੱਤੀ। ਡਰਦਾ ਕੋਈ ਕਾਲੀਏ ਵੱਲ ਮੂੰਹ ਨਹੀਂ ਸੀ ਕਰਦਾ।

ਨਵੇਂ ਵਸਨੀਕਾਂ ਦੀ ਗੱਲ ਗੁਰਮੁਖ ਤਕ ਵੀ ਪਹੁੰਚ ਗਈ। ਉਹ ਵੀ ਕਿੰਨੇ ਦਿਨਾਂ ਤੋਂ ਬੇਚੈਨ ਹੀ ਚੱਲ ਰਿਹਾ ਸੀ। ਕਾਲੀ ਅਤੇ ਨਵਾਬ ਦੇ ਪਰਿਵਾਰ ਦਾ ਵਿਛੋੜਾ ਉਸ ਤੋਂ ਝੱਲਿਆ ਨਹੀਂ ਸੀ ਗਿਆ। ਉਹ ਹਰ ਰੋਜ਼ ਕਾਲੀਏ ਗੇੜਾ ਮਾਰਦਾ ਪਰ ਉੱਜੜਿਆ ਪਿੰਡ 'ਭਾਂਅ-ਭਾਂਅ' ਕਰਦਾ, ਉਸਨੂੰ ਖਾਣ ਨੂੰ ਆਉਂਦਾ। ਨਵਾਬ ਦੇ ਘਰ, ਮੱਝਾਂ ਤੋਂ ਸੱਖਣੇ ਅਤੇ ਖ਼ਾਲੀ ਕਿੱਲੇ ਵੇਖ, ਉਹ ਵਾਪਸ ਪਿੰਡ ਹੀ ਆ ਜਾਂਦਾ, ਕਾਲੀ ਦੀ ਭੱਠੀ ਦੇ ਆਲ਼ੇ-ਦੁਆਲ਼ੇ ਗੇੜੇ ਕੱਟਦਾ ਰਹਿੰਦਾ। ਘਰ ਆ ਕੇ ਪੰਜਾਬ ਨੂੰ ਵੇਖ ਹੋਰ ਬੇਚੈਨ ਹੋ ਜਾਂਦਾ।

ਪੰਜਾਬ ਵੀ ਖ਼ਾਮੋਸ਼ ਰਹਿਣ ਲੱਗ ਪਿਆ ਸੀ। ਹੁਣ ਉਹ ਆਪਣੇ ਹਾਣੀਆਂ ਨਾਲ਼ ਬਾਹਰ ਖੇਡਣ ਵੀ ਨਹੀਂ ਜਾਂਦਾ। ਖੇਡਣ ਵਾਲ਼ੇ ਹਾਣੀ ਤਾਂ ਰਹੱਸ ਬਣ ਕੇ, ਸਮੇਂ ਦੀ ਕਾਲੀ ਹਨੇਰੀ 'ਚ ਕਿੱਧਰੇ ਗੁਆਚ ਗਏ।

ਗੁਰਮੁਖ ਵੀ ਪੰਜਾਬ ਨੂੰ ਕੀ ਸਮਝਾਉਂਦਾ ! ਉਹ ਤਾਂ ਆਪ ਤੜਕੀ- ਆਥਣ ਕਾਲੀ ਦੇ ਸੰਦਾਂ ਵਾਲ਼ਾ ਸੰਦੂਕ ਖੋਲ੍ਹ ਕੇ ਫਰੋਲਦਾ ਰਹਿੰਦਾ ਹੈ। ਸੰਦੂਕ ਖੋਲ੍ਹਣ ਤੋਂ ਬਾਅਦ ਰੋਂਦਾ ਨਹੀਂ... ਰੋਣ ਨੂੰ ਜੀ ਤਾਂ ਬਹੁਤ ਕਰਦਾ ਹੈ ਪਰ ਮਨ ਕਰੜਾ ਕਰ ਲੈਂਦਾ ਹੈ...ਅੱਖਾਂ ਜ਼ਰੂਰ ਨਮ ਹੋ ਜਾਂਦੀਆਂ ਨੇ। ਉਹ ਭਰੇ ਮਨ ਨਾਲ਼ ਚੁੱਪ ਕਰਕੇ ਘਰੋਂ ਬਾਹਰ ਚਲਾ ਜਾਂਦਾ ਹੈ।

ਅੱਜ ਵੀ ਉਹ ਕਾਲੀ ਦੇ ਬੂਹੇ ਦੀ ਚਾਬੀ ਕਿੱਲੀ 'ਤੇ ਟੰਗ, ਕਾਲੀ ਦੇ ਘਰ ਨੂੰ ਚੱਲ ਪਿਆ। ਫਿਰ ਕਿੰਨਾ ਹੀ ਚਿਰ ਟਿਕਟਿਕੀ ਲਾ ਕੇ ਕਾਲੀ ਹੋਰਾਂ ਦੀਆਂ ਯਾਦਾਂ ਨੂੰ ਸਜੀਵ ਕਰਨ ਲੱਗਾ। ਉਸ ਨੂੰ ਕਾਲੀ ਦੇ ਹਥੌੜਿਆਂ ਦੀ ਠੱਕ-ਠੱਕ ਅਜੇ ਵੀ ਸਾਫ ਸੁਣਾਈ ਦੇ ਰਹੀ ਸੀ। ਬਸੀਰਾਂ ਵਿਹੜੇ ਵਿੱਚ ਫਿਰਦੀ ਨਜ਼ਰ ਆ ਰਹੀ ਸੀ ਤੇ ਰਫੀਕ, ਰਫੀਕ ਤਾਂ ਪੰਜਾਬ ਨਾਲ਼ ਮੱਝਾਂ ਲੈ ਕੇ ਟੋਭੇ ਵੱਲ ਜਾ ਰਿਹਾ ਸੀ। ਫਿਰ ਉਸ ਨੇ ਕਾਲੀਏ ਵੱਲ ਨਜ਼ਰ ਮਾਰੀ। ਕਾਲੀਏ ਵੀ ਉਸ ਨੂੰ ਨਵਾਬ ਦਾ ਹਰਾ-ਭਰਾ

ਪਰਿਵਾਰ ਨਜ਼ਰੀਂ ਪਿਆ। ਉਸ ਨੂੰ ਲੱਗਿਆ, ਜਿਵੇਂ ਸੁਲਤਾਨਾ ਦੁੱਧ ਵਾਲ਼ੀ ਬਾਲਟੀ ਕਿੱਲੀ 'ਤੇ ਟੰਗ ਰਹੀ ਹੋਵੇ। ਅਚਾਨਕ ਬਿਰਤੀ ਟੁੱਟੀ।

"ਕਮਲ਼ਿਆ ! ਕਾਲੀਏ ਤਾਂ ਪਾਕਿਸਤਾਨ ਵਾਲ਼ੇ ਆ ਗਏ।"

ਤੁਰੰਤ ਉਸ ਦੇ ਮਨ ਵਿੱਚ ਵਿਚਾਰ ਆਇਆ – "ਪਤਾ ਨੀ ਕਿੰਨੇ ਕੁ ਦੁੱਖ-ਤਕਲੀਫਾਂ ਝੱਲ ਕੇ ਆਏ ਨੇ ! ਸਾਡਾ ਵੀ ਫਰਜ ਬਣਦੈ, ਮੁਜਾਰਿਆਂ ਦਾ, ਜਾ ਕੇ ਉਨ੍ਹਾਂ ਦੀ ਖ਼ਬਰ-ਸਾਰ ਲਈਏ। ਜੇ ਅਸੀਂ ਨੀ ਉਨ੍ਹਾਂ ਦੇ ਦੁੱਖ ਚ ਸ਼ਰੀਕ ਹੋਮਾਂਗੇ, ਤਾਂ ਹੋਰ ਕੌਣ ਹੋਊ। ਆਖ਼ਰ ਗੁਆਂਢ ਮੱਥੈ। ਅਸੀਂ ਤਾਂ ਕਾਲੀ ਹੋਰਾਂ 'ਤੇ ਨੀ ਕੋਈ ਆਂਚ ਆਉਣ ਦਿੱਤੀ। ਇਹ ਗੱਲ ਵੱਖਰੀ ਕਿ ਹੁਣ ਪਤਾ ਨੀ ਕਿਸ ਹਾਲ 'ਚ ਹੋਣੇ।"

ਮੁਜਾਰਾ ਕਮੇਟੀ ਦੀ ਤਰਫੋਂ ਮਦਦ ਦੇਣ ਲਈ ਗੁਰਮੁਖ, ਝੰਡਾ ਸਿੰਘ ਵੱਲ ਚੱਲ ਪਿਆ। ਝੰਡਾ ਸਿੰਘ ਘਰ ਹੀ ਸੀ।

"ਕਿਮੇ ਆਉਂਣੇ ਹੋਏ ਗੁਰਮੁਖ ਸਿਆਂ ?" ਝੰਡਾ ਸਿੰਘ ਨੇ ਮੁੰਜ ਦੀ ਰੱਸੀ ਵੱਟਦਿਆਂ ਪੁੱਛਿਆ।

"ਬਾਈ ਆਪਾਂ ਕਾਲੀਏ ਚੱਲ ਕੇ ਆਈਏ। ਪਾਕਿਸਤਾਨੀ ਸਿੱਖ ਆਏ ਨੇ।" ਗੁਰਮੁਖ ਨੇ ਆਉਣ ਦਾ ਕਾਰਨ ਦੱਸਿਆ।

"ਗੱਲ ਤੇਰੀ ਠੀਕ ਐ ਗੁਰਮੁਖਾ, ਆਪਣਾ ਵੀ ਫਰਜ ਬਣਦੈ, ਉਨ੍ਹਾਂ ਦਾ ਦੁੱਖ-ਸੁੱਖ ਪੁੱਛਣ ਦਾ।" ਝੰਡਾ ਸਿੰਘ ਵੀ ਸਹਿਮਤ ਹੋ ਗਿਆ।

"ਹੂੰ ... ਦੁਖੀ ਲੋਕਾਂ ਦੀ ਬਾਂਹ ਫੜਨਾਂ ਤਾਂ ਸਾਡਾ ਧਰਮ ਰਿਹੈ।" ਗੁਰਮੁਖ ਪਾਕਿਸਤਾਨ ਤੋਂ ਉੱਜੜ ਕੇ ਆਏ ਲੋਕਾਂ ਦਾ ਦਰਦ ਝੱਲ ਨਹੀਂ ਸੀ ਸਕਦਾ।

"ਦੋ-ਚਾਰ ਸੂਝਵਾਨ ਸੱਜਣਾਂ ਨੂੰ ਵੀ ਨਾਲ਼ ਲੈ ਚੱਲਦੇ ਆਂ।" ਝੰਡਾ ਸਿੰਘ ਨੇ ਸਲਾਹ ਦਿੱਤੀ।

"ਹਾਂ ਬਾਈ, ਤੇਰੀ ਰਾਇ ਠੀਕ ਐ। ਮੈਂ ਤਾਂ ਕਹਿੰਦਾ ਸੀ ਛੰਨੋ ਤੇ ਨਸੀਬ ਭਾਬੀ ਨੂੰ ਵੀ ਲੈ ਚੱਲਦੇ ਆਂ।" ਗੁਰਮੁਖ ਨੇ ਸਲਾਹ ਦਿੱਤੀ।

"ਮੇਰੇ ਮੁਤਾਬਕ ਪਹਿਲਾਂ ਆਪਾਂ ਜਾ ਕੇ ਮਾਹੌਲ ਵੇਖੀਏ .. ਛੰਨੋ ਹੋਰ ਨੂੰ ਫਿਰ ਲੈ ਜਾਵਾਂਗੇ।" ਝੰਡਾ ਸਿੰਘ ਅਜੇ ਔਰਤਾਂ ਨੂੰ ਨਾਲ਼ ਲੈ ਕੇ ਜਾਣ ਦੇ ਹੱਕ ਵਿੱਚ ਨਹੀਂ ਸੀ।

"ਚੱਲ ਜਿਵੇਂ ਤੇਰੀ ਇੱਛਾ ਬਾਈ।" ਗੁਰਮੁਖ ਵੀ ਉਸ ਨਾਲ ਸਹਿਮਤ ਹੋ ਗਿਆ।

ਫਿਰ ਉਹ ਸੱਥ 'ਚ ਬੈਠੇ ਦੇਸੂ ਚਮਾਰ ਤੇ ਵਿਸਾਖੇ ਨੂੰ ਨਾਲ਼ ਲੈ ਕੇ ਕਾਲੀਏ ਨੂੰ ਚੱਲ ਪਏ।

ਬਠਿੰਡੇ ਤੋਂ ਚੱਲੀ ਮਾਲ-ਗੱਡੀ ਵੀ ਤੇਜ਼ੀ ਨਾਲ਼ ਜਾਖਲ ਵੱਲ ਜਾ ਰਹੀ ਸੀ। ਗੁਰਮੁਖ ਦਾ ਜੀਅ ਕਰ ਰਿਹਾ ਸੀ, ਗੱਡੀ ਤੋਂ ਵੀ ਤੇਜ਼ ਦੌੜ ਕੇ ਕਾਲੀਏ ਚਲਾ ਜਾਵੇ।

ਉਨ੍ਹਾਂ ਪਹਾੜੀ ਕਿੱਕਰਾਂ ਵਾਲ਼ੀ ਉੱਚੀ ਭੜੀਂਅ ਤੋਂ ਵੇਖਿਆ, ਪਿੰਡ 'ਚ ਓਪਰੇ

ਲੋਕ ਨਜ਼ਰ ਆਏ। ਪਿੰਡ 'ਚ ਪੈਰ ਰੱਖਿਆ, ਪਿੰਡ ਤਾਂ ਕਿੰਨਾ ਬਦਲ ਗਿਆ ਸੀ। ਇਹ ਪਹਿਲਾਂ ਵਾਲ਼ਾ ਕਾਲੀਆ ਨਹੀਂ ਸੀ। ਪਿੰਡ ਦੇ ਨਵੇਂ ਵਸਨੀਕ ਗੁਰਮੁਖ ਹੋਰਾਂ ਨੂੰ ਆਏ ਵੇਖ ਠਠੰਬਰ ਗਏ।

"ਬਾਈ ਨਵਾਬ ਦੇ ਘਰ ਕੋਲ਼ ਚੱਲਦੇ ਆਂ।" ਗੁਰਮੁਖ ਭਾਵੁਕ ਹੋ ਗਿਆ ਸੀ। ਉਸਦਾ ਕਾਹਲ਼ਾ ਮਨ ਉਸ ਨੂੰ ਨਵਾਬ ਦੇ ਘਰ ਵੱਲ ਖਿੱਚ ਰਿਹਾ ਸੀ।

ਗੁਰਮੁਖ ਦੇ ਕਹਿਣ ਤੇ ਸਾਰੇ ਜਣੇ ਨਵਾਬ ਦੇ ਘਰ ਨੂੰ ਚੱਲ ਪਏ।

ਗੁਰਮੁਖ ਦੀ ਨਿਗ੍ਹਾ ਸਿੱਧੀ ਕਿੱਲਿਆਂ 'ਤੇ ਜਾ ਪਈ। ਨਵਾਬ ਤੇ ਗੁਰਮੁਖ ਦੀ ਮੱਝਾਂ ਦੀ ਹੀ ਤਾਂ ਸਾਂਝ ਸੀ। ਗੁਰਮੁਖ ਨੇ ਬਾਹਰੋਂ ਵੇਖਿਆ, ਮੱਝਾਂ ਵਾਲ਼ੇ ਕਿੱਲੇ ਅਤੇ ਦੁੱਧ ਵਾਲ਼ੀ ਕਿੱਲੀ ਅਜੇ ਵੀ ਸੁੰਨੀ ਸੀ।

ਦਿਲ ਕਰੜਾ ਕਰਕੇ ਸਾਰੇ ਜਣੇ ਗੁਰਮੁਖ ਦੇ ਕਹਿਣ ਤੇ ਅੰਦਰ ਵੜ ਗਏ। ਢਹੇ ਪਏ ਘਰ ਅੰਦਰ ਓਪਰੇ ਬੰਦੇ ਆਏ ਵੇਖ ਪਰਿਵਾਰ 'ਚ ਅਣਡਿੱਠ ਭੈਅ ਪੈਦਾ ਹੋ ਗਿਆ।

"ਡਰੋ ਨਾ ਭਾਈ, ਅਸੀਂ ਗੁਆਂਢੀ ਪਿੰਡ ਕਾਹਨਗੜ੍ਹੋਂ ਆਏ ਆਂ, ਮੁਜਾਰਾ ਲਹਿਰ ਦੇ ਜੁਝਾਰੂ ਸਾਥੀ।" ਝੰਡਾ ਸਿੰਘ ਨੇ ਚੁੱਪ ਤੋੜੀ।

"ਦੱਸੋ ਜਨਾਬ।" ਘਸਮੈਲ਼ੀ ਜਿਹੀ ਦਾੜ੍ਹੀ ਵਾਲ਼ਾ ਸਰਦਾਰ ਆਪਣੇ ਪਰਿਵਾਰ ਵਿੱਚੋਂ ਉੱਠ ਕੇ ਝੰਡਾ ਸਿੰਘ ਹੋਰ ਮੂਹਰੇ ਹੱਥ ਜੋੜ ਖੜ੍ਹ ਗਿਆ।

"ਅਸੀਂ ਤੁਹਾਡੀ ਮਦਾਦ ਲਈ ਆਏ ਆਂ ਸਰਦਾਰ ਜੀ।" ਝੰਡਾ ਸਿੰਘ ਨੇ ਜਦ ਮਦਦ ਦੀ ਗੱਲ ਕੀਤੀ ਤਾਂ ਸਾਰੇ ਪਰਿਵਾਰ ਦਾ ਡਰ ਕੁੱਝ ਹੱਦ ਤਕ ਦੂਰ ਹੋ ਗਿਆ।

"ਸਰਦਾਰ ਜੀ। ਇਹ ਘਰ ਮੇਰੇ ਪੱਗ ਵਟ ਭਰਾ ਨਵਾਬ ਦਾ ਸੀ, ਜਿਸ 'ਚ ਤੁਸੀਂ ਬੈਠੇ ਓ।" ਗੁਰਮੁਖ ਅਜੇ ਵੀ ਭਾਵੁਕ ਹੀ ਸੀ।

"ਤੁਸੀਂ ਕਿੱਥੋਂ ਆਏ ਮਹਿਮਾਨੋ ?" ਦੇਸੂ ਨੇ ਅਜੇ ਤਾਈਂ ਵੀ ਹੱਥ ਜੋੜੀ ਖੜ੍ਹੇ, ਸਰਦਾਰ ਨੂੰ ਪੁੱਛਿਆ।

"ਚੱਕ ਖਲੀਲੋਂ ਆਏ ਆਂ। ਮੈਂ ਸਵਰਨ ਸਿੰਘ ਆਂ।"

ਗੁਰਮੁਖ ਨੇ ਸਵਰਨ ਸਿੰਘ ਨੂੰ ਘੁੱਟ ਕੇ ਜੱਫੀ ਪਾ ਲਈ।

"ਸਵਰਨ ਸਿਆਂ ! ਮੇਰੇ ਯਾਰ ਦਾ ਘਰ ਹੁਣ ਤੇਰਾ ਹੋ ਗਿਆ। ਅੱਜ ਤੋਂ ਮੈਂ ਤੈਨੂੰ ਵੀ ਆਪਣਾ ਭਰਾ ਮੰਨਦਾ ਹਾਂ।"

ਮਾਮੂਲੀ ਜਿਹੀ ਦੂਰੀ 'ਤੇ ਬੈਠਾ ਪਰਿਵਾਰ ਅਨੋਖਾ ਵਰਤਾਰਾ ਵੇਖ ਹੈਰਾਨ ਹੋ ਰਿਹਾ ਸੀ। ਪਰ ਸਵਰਨ ਸਿੰਘ ਹੁਣ ਤਕ ਭੈਅ—ਮੁਕਤ ਹੋ ਗਿਆ ਸੀ।

"ਤੂੰ ਸਾਰੇ ਬਜ਼ੁਰਗਾਂ ਨੂੰ ਬੁਲਾ ਲਿਆ, ਅਸੀਂ ਜਰੂਰੀ ਗੱਲਾਂ ਕਰਨੀਆਂ ਨੇ।" ਝੰਡਾ ਸਿੰਘ ਨੇ ਸਵਰਨ ਸਿੰਘ ਨੂੰ ਸਲਾਹ ਦਿੱਤੀ।

ਝੰਡਾ ਸਿੰਘ ਦੇ ਕਹਿਣ ਦੀ ਦੇਰ ਸੀ, ਉਹ ਇੰਦਰ ਸਿੰਘ, ਭਾਨ ਸਿੰਘ, ਬੂਟਾ ਸਿੰਘ, ਮੰਗਲ ਸਿੰਘ, ਬਹਾਦਰ ਸਿੰਘ, ਗੇਜਾ ਸਿੰਘ, ਅਨੋਖੇ ਨਿਹੰਗ ਹੋਰਾਂ ਨੂੰ ਬੁਲਾਉਣ ਚਲਾ ਗਿਆ।

ਗੁਰਮੁਖ ਹੋਰ ਖੁਰਲੀ ਕੋਲ਼ ਬੈਠ ਗਏ।

ਸਵਰਨ ਦੇ ਸੱਦਾ ਦੇਣ 'ਤੇ ਚੱਕ ਖਲੀਲ ਤੇ ਭੱਟੀ ਭੰਗੋ ਦੇ ਮੋਢੀ ਨਵਾਬ ( ਹੁਣ ਸਵਰਨ ਸਿੰਘ ) ਦੇ ਘਰ ਆ ਕੇ ਜੁੜ ਗਏ। ਗੁਰਮੁਖ ਸਿੰਘ ਤੋਂ ਬਿਨਾਂ ਬਾਕੀ ਕਾਹਨਗੜ੍ਹੀਏ ਵੀ ਹੇਠਾਂ ਬੈਠ ਗਏ। ਗੁਰਮੁਖ ਸਿੰਘ ਨੇ ਬੋਲਣਾ ਸ਼ੁਰੂ ਕੀਤਾ - "ਸਰਦਾਰੋ ਅਸੀਂ ਗੁਆਂਢੀ ਪਿੰਡ ਕਾਹਨਗੜ੍ਹ ਤੋਂ ਆਏ ਆਂ। ਅਸੀਂ ਮੁਜਾਰਾ ਲਹਿਰ ਦੇ ਆਗੂ ਹਾਂ .. ਅਸੀਂ ਥੋਡੇ ਦੁੱਖ-ਦਰਦ ਨੂੰ ਸਮਝਦੇ ਹਾਂ। ਅਸੀਂ ਥੋਡਾ ਦੁੱਖ ਵੰਡਾਉਣ ਹੀ ਆਏ ਹਾਂ।"

"ਧੰਨ—ਭਾਗ, ਜੀ ਆਇਆਂ ਨੂੰ ਜੀ।" ਭੀੜ 'ਚ ਬੈਠਾ ਇੰਦਰ ਸਿੰਘ ਬੋਲਿਆ।

"ਅਸੀਂ ਮੁਜਾਰਾ ਲਹਿਰ ਦੇ ਮੈਂਬਰ ਆਂ, ਅਸੀਂ ਵੱਢਾ-ਟੁੱਕੀ ਵੇਲ਼ੇ ਖ਼ੂਨ ਦੀ ਇੱਕ ਬੂੰਦ ਨੀ ਡੁੱਲ੍ਹਣ ਦਿੱਤੀ। ਤੇ ਹੁਣ ਥੋਡਾ ਸਹਿਯੋਗ ਕਰਨਾ ਵੀ ਸਾਡਾ ਫਰਜ ਐ।" ਗੁਰਮੁਖ ਸਿੰਘ ਲਗਾਤਾਰ ਬੋਲਦਾ ਜਾ ਰਿਹਾ ਸੀ।

"ਧੰਨਵਾਦ ਸਰਦਾਰੋ, ਤੁਸੀਂ ਸਾਡੀ ਮਦਾਦ ਲਈ ਆਏ।" ਭਾਗ ਸਿੰਘ ਨੇ ਖੜ੍ਹੇ ਹੋ ਕੇ ਹੱਥ ਜੋੜਦਿਆਂ ਧੰਨਵਾਦੀ ਸ਼ਬਦ ਆਖੇ। ਕਾਲੀਆ ਵਾਸੀ ਗੁਰਮੁਖ ਸਿੰਘ ਹੋਰਾਂ ਦੇ ਆਉਣ ਨਾਲ਼ ਕੁੱਝ ਨਾ ਕੁੱਝ ਚਿੰਤਾ ਮੁਕਤ ਹੋ ਗਏ ਸੀ।

"ਕੁਝ ਚਲਾਕ ਤੇ ਸ਼ਾਤਰ ਲੋਕਾਂ ਨੇ ਸੱਤਾ ਦੀ ਭੁੱਖ ਲਈ ਇਹ ਕੰਡੇ ਬੀਜੇ ਨੇ। ਨਹੀਂ ਤਾਂ ਤੁਸੀਂ ਵੀ ਆਪਣੇ ਘਰ ਸਰਦਾਰ ਸੀ। ਤੁਹਾਡੀ ਬੋਲ-ਬਾਣੀ ਤੇ ਚਿਹਰੇ ਇਹ ਸਭ ਕੁੱਝ ਦੱਸਦੇ ਨੇ। ਜਿਸਨੂੰ ਨਹਿਰੂ ਵਰਗੇ ਆਜ਼ਾਦੀ ਦੱਸ ਰਹੇ ਨੇ...ਇਹ ਆਜ਼ਾਦੀ ਨਹੀਂ...ਸਾਡੇ ਲਈ ਬਰਬਾਦੀ ਬਣ ਗਈ।" ਗੁਰਮੁਖ ਬੋਲਦਾ ਜਾ ਰਿਹਾ ਸੀ।

"ਤੁਸਾਂ ਸਈ ਆਖਿਆ ਏ, ਏਸ ਆਜ਼ਾਦੀ ਨੇ ਸਾਨੂੰ ਵਿਛੋੜਾ ਤੇ ਹੰਝੂ ਈ ਦਿੱਤੇ ਨੇ।" ਸਵਰਨ ਸਿੰਘ ਦੇ ਮਨ 'ਤੇ ਗੱਲ ਲੱਗ ਗਈ ਸੀ।

"ਪਾਕਿਸਤਾਨੋਂ ਕਿਸ ਪਿੰਡੋਂ ਜਾਂ ਸ਼ਹਿਰੋਂ ਆਏ ਓ ਸਰਦਾਰੋ ?" ਗੁਰਮੁਖ ਉਨ੍ਹਾਂ ਦੇ ਪਿਛੋਕੜ ਬਾਰੇ ਜਾਣਨਾ ਚਾਹੁੰਦਾ ਸੀ।

"ਪਸਰੂਰ ਲਾਗਿਓਂ ਭੱਟੀ ਭੰਗੋ ਤੇ ਚੱਕ ਖਲੀਲ ਵਾਲਾ ਤੋਂ। ਦੋਨੋਂ ਪਿੰਡ ਲਾਗੇ ਈ ਸੀ। ਚੰਗਾ ਮੋਹ ਪ੍ਰੇਮ ਏ ਸਾਡਾ। ਇਸੇ ਲਈ ਤੇ ਕਾਲੀਆ ਚੁਣਿਆ ਏ।" ਇੰਦਰ ਸਿੰਘ ਨੇ ਮੂਹਰੇ ਹੋ ਕੇ ਆਪਣੇ ਪਿਛੋਕੜ ਬਾਰੇ ਜਾਣਕਾਰੀ ਦਿੱਤੀ।

"ਸ਼ੁਕਰ ਕਰੋ ਮਾਲਕ ਦਾ ਤੁਸੀ ਬਚਦੇ ਬਚਾਉਂਦੇ ਏਥੇ ਪਹੁੰਚ ਗਏ।" ਹੇਠਾਂ ਬੈਠਾ ਦੇਸੂ ਬੋਲਿਆ।

"ਬਸ ਇੰਝ ਮੰਨੋ ਜੀ ਅੱਗ ਦਾ ਦਰਿਆ ਪਾਰ ਕਰਕੇ ਆਏ ਆਂ। ਮਾਲ-ਡੰਗਰ, ਲੀੜਾ-ਲੱਤਾ, ਜ਼ਮੀਨਾਂ-ਜੈਦਾਦਾਂ ਸਭ ਪਿੱਛੇ ਰਹਿ ਗਈਆਂ।" ਅਨੋਖੇ ਨਿਹੰਗ ਦੇ ਥਿਰਕਦੇ ਬੋਲਾਂ ਵਿੱਚ ਦਰਦ ਸੀ।

"ਪਿੰਡ ਵਾਲ਼ਿਆਂ ਨੇ ਤਾਂ ਨੀ ਲੁੱਟ ਮਾਰ ਕੀਤੀ ਜਾਂ ਬੇਵਫਾਈ ਕੀਤੀ ਹੋਵੇ ?"

ਗੁਰਮੁਖ ਨੂੰ ਇਹ ਵਾਕ ਬੋਲਣ ਤੋਂ ਪਹਿਲਾਂ ਮਨ 'ਚ ਕਾਲੀਏ ਦੇ ਗੱਜੂ ਹੋਰਾਂ ਦਾ ਭੈਅ ਆਇਆ।

"ਨਈਂ, ਪਿੰਡ ਸਾਰਾ ਪੂਰਾ ਕਦਰਦਾਨ ਸੀ। ਜਿਸ ਦਿਨ ਅਸੀਂ ਪਿੰਡ ਛੱਡਿਆ ਪਿੰਡ 'ਚ ਰੋਟੀ ਨਈਂ ਪੱਕੀ। ਸਾਰਾ ਪਿੰਡ ਸਾਨੂੰ ਆਪ ਵਿਦਾ ਕਰਨ ਆਇਆ। ਸਗੋਂ ਹੋਈਆਂ ਭੁੱਲਾਂ ਦੀ ਵੀ ਖਿਮਾਂ ਮੰਗੀ।"

ਇੰਦਰ ਸਾਨੂੰ ਪਿੰਡ ਦੇ ਮੋਢੀ ਚਿਹਰੇ ਸ਼ਾਖਸਾਤ ਨਜ਼ਰ ਆਉਣ ਲੱਗੇ। ਸਾਈ ਵੀ ਉਹਦੀਆਂ ਨਜ਼ਰਾਂ ਮੂਹਰੇ ਖੜ੍ਹਾ ਸੀ। ਝੰਡਾ ਸਿੰਘ ਕੀ? ਹਰ ਕੋਈ ਚੁੱਪ ਸੀ, ਦਰਦ ਹੰਢਾਉਣ ਵਾਲ਼ੇ ਵੀ, ਦਰਦ ਵੰਡਾਉਣ ਵਾਲ਼ੇ ਵੀ।

"ਬਹੁਤ ਖੱਜਲ-ਖੁਆਰੀਆਂ ਹੋਈਆਂ ਸੀ। ਜਿਨ੍ਹਾਂ ਘਰਾਂ 'ਚ ਰੌਣਕਾਂ ਲੱਗੀਆਂ ਹੁੰਦੀਆਂ ਸੀ, ਉਹਨਾਂ ਘਰਾਂ ਨੂੰ ਆਪਣੇ ਹੱਥੀ ਜਿੰਦਰੇ ਮਾਰਨੇ ਪਏ।" ਇੰਦਰ ਸਿੰਘ ਦੇ ਸ਼ਬਦ ਵੀ ਸਾਈਂ ਹਾਸਲ ਵਾਂਗ ਭਾਰੇ ਹੁੰਦੇ ਜਾ ਰਹੇ ਸੀ।

"ਦੋਵੇਂ ਪਿੰਡਾਂ ਨੇ ਇੱਕਠੇ ਚਾਲੇ ਪਾਏ ਸੀ ਕਿ ਅੱਡ-ਅੱਡ?" ਗੁਰਮੁਖ ਨੇ ਸਵਰਨ ਵੱਲ ਮੂੰਹ ਕਰਕੇ ਪੁੱਛਿਆ।

"ਦੋਨੋਂ ਪਿੰਡ ਵੱਖ-ਵੱਖ ਚੱਲੇ ਸੀ, ਪਟਿਆਲੇ ਆਕੇ ਮੇਲ—ਜੋਲ ਹੋਇਆ ਏ।" ਸਵਰਨ ਸਿੰਘ ਨੇ ਦੱਸਿਆ।

"ਜਾਨੀ ਤੇ ਮਾਲੀ ਨੁਕਸਾਨ ਕਿੰਨਾ ਹੋਇਆ ਏ?" ਗੁਰਮੁਖ ਨੂੰ ਭਾਰੀ ਨੁਕਸਾਨ ਹੋਣ ਦਾ ਅਨੁਮਾਨ ਸੀ।

"ਗੱਡੇ ਤੇ ਡੰਗਰ ਵੀ ਹੱਥੋਂ ਗਏ। ਕੁਝ ਬੁੱਢੇ-ਠੇਰੇ ਵੀ ਸਦਾ ਲਈ ਵਿਛੜ ਗਏ। ਅਲੀਪੁਰ ਦੇ ਸੱਯਦਾਂ ਨੇ ਸਾਨੂੰ ਘੇਰ-ਘੇਰ ਮਾਰਿਆ। ਗੱਡਿਆਂ ਨੂੰ ਬਲ਼ਦਾਂ ਸਮੇਤ ਅੱਗ ਲਾ ਦਿੱਤੀ। ਜੋ ਤਸੀਹੇ ਦਿੱਤੇ ਜਾਂ ਅਸੀਂ ਸਹਿਣ ਕੀਤੇ, ਬਿਆਨ ਨਈਂ ਕੀਤੇ ਜਾ ਸਕਦੇ।" ਇੰਦਰ ਸਿੰਘ ਸਾਰੀ ਸਭਾ ਦੀ ਨੁਮਾਇੰਦਗੀ ਕਰ ਰਿਹਾ ਸੀ।

"ਮੇਰਾ ਬਲੂਰ ਰਾਵੀ ਦਰਿਆ ਨੇ ਖਾ ਲਿਆ।" ਮੰਗਲ ਸਿੰਘ ਨੇ ਉੱਠ ਕੇ ਆਪਣੇ ਪਿਆਰੇ ਬੱਚੇ ਦਾ ਦਰਦ ਬਿਆਨ ਕੀਤਾ।

"ਓ... ਹੋ... ਹੋ ...ਓ...!" ਸੁਣ ਕੇ ਕਾਨਹਗੜ੍ਹੀਏ ਦਾ ਮਨ ਵੀ ਦੁਖੀ ਹੋਇਆ।

"ਬਸ ਕੀ ਦੱਸੀਏ ਜੀ! ਸੌ ਹੱਥ ਰੱਸਾ, ਸਿਰੇ 'ਤੇ ਗੰਢ, ਹਰ ਪਲ ਮੌਤ ਨਾਲ-ਨਾਲ ਫਿਰਦੀ ਸੀ। ਮੁੱਠੀ 'ਚ ਜਾਨ ਆਈ ਪਈ ਸੀ।" ਇੰਦਰ ਸਿੰਘ ਨੇ ਸੌ ਦੀ ਇੱਕ ਸੁਣਾ ਦਿੱਤੀ।

"ਅਸੀਂ ਤੇ ਨਾ ਘਰ ਦੇ ਰਈ੍ਹੇ, ਨਾ ਘਾਟ ਦੇ। ਜਦ ਆਪਣੀ ਧਰਤੀ ਪਰਾਈ ਹੋ ਗਈ ਤਾਂ ਬੇਗਾਨੇ ਮੁਲਕ ਦੇ ਲੋਕਾਂ ਤੋਂ ਕੀ ਆਸ ਕਰਾਂਗੇ।" ਇੰਦਰ ਸਿੰਘ ਤਾਂ ਚੁੱਪ ਕਰ ਗਿਆ ਸੀ ਪਰ ਸਵਰਨ ਸਿੰਘ ਅੰਦਰਲਾ ਦਰਦ ਉਬਲਦੇ ਦੁੱਧ ਵਾਂਗ ਬਾਹਰ ਨਿਕਲਿਆ।

"ਪਰ ਅਸੀਂ ਤਾਂ ਤੁਹਾਨੂੰ ਆਪਣਾ ਸਮਝਦੇ ਹਾਂ ਸਵਰਨ ਸਿੰਘ ਜੀ।" ਝੰਡਾ ਸਿੰਘ ਨਿਮਰਤਾ ਸਹਿਤ ਦੋਸਤੀ ਵਧਾਉਣ ਲਈ ਬੋਲਿਆ।

"ਗੱਲ ਤੁਆਡੀ ਨਈਂ ਸੱਜਣ ਜੀ, ਅਸੀਂ ਜੋ ਦੁਨੀਆਂ ਵੇਖ ਕੇ ਆਏ ਆਂ, ਓਅਦੀ ਗੱਲ ਕਰ ਰਏ ਹਾਂ। ਕੀ ਮਝੈਲ! ਕੀ ਦੁਆਬੀਏ! ਸਭ ਸਾਨੂੰ ਲੁੱਟਣ ਤੇ ਪਏ ਸੀ। ਪਹਿਲਾਂ ਆਪਣੀ ਧਰਤੀ ਵਾਲ਼ਿਆਂ ਨੇ ਲੁੱਟਿਆ ਤੇ ਫੇਰ ਆ ਨਮੇ ਮੁਲਕ ਵਾਲ਼ਿਆ ਨੇ। ਪਟਿਆਲੇ ਰਫਿਊਜੀ ਕੈਂਪ 'ਚ ਅਸਾਂ ਆਪਣੀਆਂ ਬਚੀਆਂ-ਖੁਚੀਆਂ ਧੀਆਂ ਨੂੰ ਸਾਂਭ-ਸਾਂਭ ਰੱਖਿਆ। ਧੀਆਂ ਤੇ ਸਾਡੇ ਲਈ ਕੱਚ ਦਾ ਸਮਾਨ ਬਣ ਗਈਆਂ। ਕਿੰਨਾਂ ਕੁ ਚਿਰ ਸਾਂਭ-ਸਾਂਭ ਰੱਖਦੇ। ਝੱਗਾ ਚੱਕਿਆਂ ਢਿੱਡ ਆਪਣਾ ਈ ਨੰਗਾ ਹੁੰਦੈ, ਕੀ ਦੱਸੀਏ !"

ਸਭ ਸੁਣਦੇ ਜਾ ਰਹੇ ਸੀ ਪਰ ਇੰਦਰ ਸਿੰਘ ਬੋਲੀ ਹੀ ਜਾ ਰਿਹਾ ਸੀ। ਇੰਦਰ ਸਿੰਘ ਦੇ ਸ਼ਬਦਾਂ ਨੇ ਸਭ ਨੂੰ ਸੁੰਨ ਕਰ ਦਿੱਤਾ ਸੀ। ਕਿਸੇ ਦੀ ਹਿੱਲਣ-ਜੁਲਣ ਦੀ ਜੁਰਅਤ ਨਹੀਂ ਸੀ ਪੈ ਰਹੀ।

"ਅਸੀਂ ਤੁਹਾਡੇ ਦਰਦ ਨੂੰ ਸਮਝਦੇ ਹਾਂ ਪਰ ਹੁਣ ਤੁਸੀਂ ਫ਼ਿਕਰ ਨਾ ਕਰੋ, ਜਦੋਂ ਵੀ ਕਿਸੇ ਚੀਜ-ਵਸਤ ਦੀ ਲੋੜ ਪਵੇ, ਚਾਹੇ ਅੱਧੀ ਰਾਤ ਕੁੰਡਾ ਖੜਕਾ ਦਿਓ।" ਖੜ੍ਹੇ ਹੋ ਕੇ ਝੰਡਾ ਸਿੰਘ ਨੇ ਵੀ ਲੋੜੀਂਦੀਆਂ ਵਸਤਾਂ ਦੀ ਪੇਸ਼ਕਸ਼ ਕੀਤੀ।

"ਅਸੀਂ ਚੌਵੀ ਘੰਟੇ ਥੋਡੀ ਸੇਵਾ 'ਚ ਹਾਜਰ ਆਂ। ਜਦੋਂ ਵੀ ਬੋਲ ਮਾਰੋਗੇ, ਅਸੀਂ ਭੱਜੇ-ਭੱਜੇ ਆਮਾਂਗੇ।" ਗੁਰਮੁਖ ਸਿੰਘ ਨੇ ਆਪਣੇ-ਆਪ ਨੂੰ ਸੇਵਾ ਲਈ ਪੇਸ਼ ਕੀਤਾ ਤੇ ਨਾਲ਼ ਹੀ ਸਭ ਦੇ ਨਾਂ ਦੱਸ ਕੇ ਜਾਣ-ਪਛਾਣ ਵੀ ਕਰਵਾਈ।

"ਚਲੋ ਤੁਆਡੇ ਆਸਰੇ ਸਾਡਾ ਨਿਰਬਾਹ ਹੋ ਜਾਣਾ ਏ।" ਅਨੋਖਾ ਨਿਹੰਗ ਬੋਲਿਆ। ਹੁਣ ਤਾਂ ਉਸ ਦੀ ਦਾੜ੍ਹੀ ਵੀ ਕਾਫ਼ੀ ਲੰਬੀ ਹੋ ਗਈ ਸੀ।

"ਦੱਸੋ .. ਥੋਡੀਆਂ ਕੀ-ਕੀ ਸਮੱਸਿਆਵਾਂ ਨੇ ? ਅਸੀਂ ਥੋਡੇ ਲਈ ਕੀ ਕਰ ਸਕਦੇ ਹਾਂ ?" ਗੁਰਮੁਖ ਸਿੰਘ ਉਹਨਾਂ ਦੀਆਂ ਮੁਸ਼ਕਲਾਂ ਜਾਣਨਾ ਚਾਹੁੰਦਾ ਸੀ।

"ਵੱਡੀ ਸਮੱਸਿਆ ਤਾਂ ਏਹ ਐ, ਸਾਡੀ ਕੋਈ ਵਾਕਫੀ ਨਈਂ। ਬਾਕੀ ਵਸੇਬੇ ਦੀ ਵੱਡੀ ਸਮੱਸਿਆ ਏ।" ਇੰਦਰ ਸਿੰਘ ਬੋਲਿਆ।

"ਕੁੱਝ ਔਕੜਾਂ ਸਮੇਂ ਦੇ ਨਾਲ਼, ਹੌਲ਼ੀ-ਹੌਲ਼ੀ ਹੱਲ ਹੋਣਗੀਆਂ ... ਰਹੀ ਗੱਲ ਵਾਕਫੀ ਵਾਲ਼ੀ, ਅਸੀਂ ਵਾਕਫੀ ਕਢਣ ਹੀ ਤਾਂ ਆਏ ਹਾਂ।" ਝੰਡਾ ਸਿੰਘ ਵੀ ਵਿੱਚੋਂ ਬੋਲ ਪਿਆ ਸੀ।

ਪਸ਼ੂ-ਡੰਗਰ ਜਾਂ ਸੰਦਾਂ ਦੀ ਲੋੜ ਪਵੇ, ਸਾਨੂੰ ਯਾਦ ਕਰਨਾ। ਅਸੀਂ ਵਾਹੀ ਵੀ ਆਪੇ ਕਰਜਾਂਗੇ।" ਗੁਰਮੁਖ ਬੋਲਿਆ।

"ਕੋਈ ਮੰਜਾ-ਪੀੜ੍ਹੀ, ਭਾਂਡੇ-ਟੀਂਡੇ ਦੀ ਲੋੜ ਪਵੇ, ਤਾਂ ਨਿਸੰਗ ਆ ਜਾਣਾ।" ਵਿਸਾਖਾ ਸਿੰਘ ਆਪਣੀ ਸਮਝ ਮੁਤਾਬਿਕ ਬੋਲਿਆ।

"ਸਾਡੇ ਸਾਰਿਆਂ ਤਰਫੋਂ ਤੁਆਡਾ ਬਹੁਤ-ਬਹੁਤ ਧੰਨਵਾਦ, ਤੁਸੀਂ ਸਾਡੇ ਦੁੱਖ 'ਚ ਸ਼ਰੀਕ ਹੋਏ।" ਇੰਦਰ ਸਿੰਘ ਨੇ ਗੁਰਮੁਖ ਸਿੰਘ ਹੋਰਾਂ ਦਾ ਧੰਨਵਾਦ ਕਰਨਾ ਜ਼ਰੂਰੀ ਸਮਝਿਆ। ਆਖ਼ਰ ਉਹ ਵੀ ਤਾਂ ਆਪਣੇ ਕੰਮ-ਧੰਦੇ ਛੱਡ ਕੇ ਦੁੱਖ ਵੰਡਾਉਣ ਆਏ ਸੀ।

"ਚੰਗਾ ਬਈ ਸੰਗਤੇ, ਦਿਓ ਆਗਿਆ, ਹੌਸਲਾ ਰੱਖੋ, ਚੜ੍ਹਦੀ ਕਲਾ 'ਚ

ਰਹੋ।" ਵਿਚਾਰਾਂ ਕਰਨ ਤੋਂ ਬਾਅਦ ਗੁਰਮੁਖ ਸਿੰਘ ਨੇ ਸਾਂਝਾ ਸੰਬੋਧਨ ਕਰਦਿਆਂ, ਸਭ ਨੂੰ ਹਿੰਮਤ ਤੇ ਸਿਦਕ ਰੱਖਣ ਦੀ ਸਲਾਹ ਦਿੱਤੀ ਤੇ ਨਾਲ਼ ਹੀ ਉਨ੍ਹਾਂ ਤੋਂ ਜਾਣ ਦੀ ਆਗਿਆ ਵੀ ਮੰਗੀ।

"ਗੁਰੂ ਦੇ ਸਿੰਘ ਨੀ ਪਰਵਾਹ ਮੰਨਦੇ।" ਅਨੋਖਾ ਨਿਹੰਗ ਤਾਂ ਚੜ੍ਹਦੀ ਕਲਾ 'ਚ ਸੀ।

"ਅਸੀਂ ਨੀ ਹੌਸਲਾ ਹਾਰਦੇ ਝੰਡਾ ਸਿੰਘ ਜੀ।" ਇੰਦਰ ਸਿੰਘ ਮੁਖਾਤਿਬ ਹੋਇਆ। ਉਸਦੇ ਚਿਹਰੇ 'ਤੇ ਹੁਣ ਤਕ ਵੀ ਬੇਵਸੀ ਤੇ ਚਿੰਤਾ ਦਾ ਕੋਈ ਚਿੰਨ੍ਹ ਨਹੀਂ ਸੀ।

"ਚਾਹ-ਪਾਣੀ ਤਾਂ ਪੀ ਜਾਂਦੇ।" ਘਰ ਦੇ ਮਾਲਕ ਸਵਰਨ ਸਿੰਘ ਨੇ ਚਾਹ ਪਾਣੀ ਦੀ ਸੁਲ੍ਹਾ ਮਾਰੀ।

"ਕੋਈ ਨਾ ਸਵਰਨ ਸਿਆਂ, ਹੁਣ ਅਸੀਂ ਲੰਘਦੇ-ਟੱਪਦੇ ਚਾਹ ਪਾਣੀ ਪੀ ਕੇ ਹੀ ਜਾਇਆ ਕਰਾਂਗੇ। ਤੁਸੀਂ ਵੀ ਉੱਧਰ ਗੇੜਾ ਮਾਰਦੇ ਰਹਿਣਾ।" ਉੱਠਦਿਆਂ ਗੁਰਮੁਖ ਨੇ ਸਵਰਨ ਸਿੰਘ ਨੂੰ ਫਿਰ ਕਲ਼ਾਵੇ 'ਚ ਲੈ ਗਿਆ।

ਸਭ ਉੱਠ ਖੜੋਤੇ।

"ਕੋਈ ਨਾ ਭਰਾਵੋ, ਅਸੀਂ ਵੀ ਸਾਂਝ ਬਣਾ ਕੇ ਚੱਲਾਂਗੇ।" ਘਰਾਂ ਨੂੰ ਜਾਣ ਤੋਂ ਪਹਿਲਾਂ ਸਾਰਿਆਂ ਨੇ ਆਪਸੀ ਸਾਂਝ ਦੀ ਹਾਮੀ ਭਰੀ।

ਸਮਾਂ ਕਾਫ਼ੀ ਹੋ ਗਿਆ ਸੀ। ਗੁਰਮੁਖ ਸਿੰਘ ਹੋਰੀਂ ਵੀ ਵਾਪਸ ਕਾਹਨਗੜ੍ਹ ਨੂੰ ਚੱਲ ਪਏ।

ਅਜੇ ਪਹਾੜੀ ਕਿੱਕਰਾਂ ਕੋਲ਼ ਹੀ ਆਏ ਸੀ, ਗੁਰਮੁਖ ਰੁਕ ਗਿਆ। ਉਸਨੇ ਕਾਲੀਏ ਨੂੰ ਗਹੁ ਨਾਲ਼ ਵੇਖਿਆ, ਕਾਲੀਆ ਫਿਰ ਵਸ ਗਿਆ ਸੀ ਪਰ ਪਿੰਡ 'ਚ ਉਸਨੂੰ ਨਵਾਬ ਤੇ ਸੁਲਤਾਨਾ ਕਿਤੇ ਨਜ਼ਰੀਂ ਨਾ ਆਏ।

ਕਾਲੀਏ ਪਿੰਡ ਦੇ ਨਵੇਂ ਵਾਸੀ ਹੁਣ ਉਨ੍ਹਾਂ ਸਾਰਿਆਂ ਲਈ ਓਪਰੇ ਨਹੀਂ ਸੀ। ਵਤਨ ਦੀ ਮਿੱਟੀ ਛੱਡ ਆਏ, ਦਰਦ ਪਰੋਏ ਲੋਕ ਹੁਣ ਆਪਣੇ ਸੀ ..... ਆਪਣੇ ਲੋਕ।

———

'ਆਪਣੇ ਲੋਕਾਂ' ਦੀਆਂ ਦੁੱਖ—ਤਕਲੀਫ਼ਾਂ, ਸੰਤਾਪ ਅਤੇ ਮੁੜ ਵਸੇਬੇ ਦੀਆਂ ਚੁਣੌਤੀਆਂ ਬਾਰੇ ਗੱਲਾਂ ਕਰਦਿਆ, ਕੱਕੇ ਰੇਤ ਦੇ ਟਿੱਬੇ ਪਾਰ ਕਰਕੇ, ਉਹ ਤੀਆਂ ਵਾਲ਼ਾ ਟੋਭਾ ਲੰਘ ਕੇ ਪਿੰਡ 'ਚ ਵੜ ਗਏ।

ਸੱਥ ਕੋਲ਼ ਪਹੁੰਚੇ, ਗੁਰਮੁਖ ਸਿੰਘ ਬੋਲਿਆ - "ਚੰਗਾ ਬਈ ਸੱਜਣੋ, ਆਹ ਕੰਮ ਤਾਂ ਆਪਾਂ ਵਧੀਆ ਕੀਤਾ।"

"ਚਲੋ ਐਨਾ ਕ ਤਾਂ ਆਪਣਾ ਵੀ ਫਰਜ ਬਣਦਾ ਸੀ।" ਝੰਡਾ ਸਿੰਘ ਬੋਲਿਆ।

"ਬਾਈ ਆਪਾਂ ਹੁਣ ਸਤੀਆ ਰਾਮ ਹੋਰਾਂ ਨੂੰ ਵੀ ਲੈ ਕੇ ਆਈਏ। ਮੈਂ ਚਾਹੁੰਦਾ ਸਤੀਏ ਹੋਰੀਂ ਨਵੇਂ ਵਾਸੀਆਂ ਦੇ ਮੋਢੇ ਨਾਲ਼ ਮੋਢਾ ਲਾ ਕੇ ਚੱਲਣ ਤੇ ਕਾਲੀਆਂ ਪਿੰਡ ਪਹਿਲਾਂ ਵਾਂਗ ਤਰੱਕੀ ਕਰੇ।" ਗੁਰਮੁਖ ਚਾਹੁੰਦਾ ਸੀ, ਸਤੀਆ ਰਾਮ ਹੋਰੀਂ ਵੀ

ਵਾਪਸ ਆਪਣੇ ਪਿੰਡ ਆ ਕੇ ਵਸਣ। ਹੁਣ ਤਕ ਮਾਹੌਲ ਵੀ ਸ਼ਾਂਤ ਹੋ ਚੁੱਕਾ ਸੀ। ਕਹਿਰ ਦੀ ਹਨੇਰੀ ਮਨੁੱਖਤਾ ਨੂੰ ਤੀਲਾ-ਤੀਲਾ ਕਰਕੇ ਮੱਠੀ ਪੈ ਗਈ ਸੀ।

"ਕਿੱਥੇ ਨੇ ਹੁਣ ਓ ?" ਵਿਸਾਖਾ ਸਿੰਘ ਨੇ ਐਨਕ ਠੀਕ ਕਰਦਿਆਂ ਪੁੱਛਿਆ।

"ਚੋਟੀਏਂ ਨੇ, ਮੈਨੂੰ ਸੁਨੇਹਾ ਮਿਲਿਆ ਸੀ, ਕਈ ਘਰ ਅਲੀਸ਼ੇਰ ਵੀ ਬੈਠੇ ਨੇ।" ਝੰਡਾ ਸਿੰਘ ਨੂੰ ਉਨ੍ਹਾਂ ਬਾਰੇ ਪੂਰਨ ਜਾਣਕਾਰੀ ਸੀ।

"ਊਂ ਠੀਕ ਤਾਂ ਨੇ !" ਦੇਸੂ ਨੂੰ ਡਰ ਸੀ, ਪਤਾ ਨੀ ਕਿਨ੍ਹਾਂ ਹਾਲਾਤਾਂ 'ਚ ਹੋਣੇ।

"ਹਾਂ ... ਹਾਂ ... ਬਿਲਕੁਲ ਠੀਕ ਨੇ।" ਝੰਡਾ ਸਿੰਘ ਵਿਸ਼ਵਾਸ ਨਾਲ਼ ਬੋਲਿਆ।

"ਫਿਰ ਬੈਠ ਕੇ ਵਿਚਾਰ ਕਰਾਂਗੇ, ਉਹਨਾਂ ਬਾਰੇ ਵੀ।" ਗੁਰਮੁਖ ਨੇ ਆਪਣਾ ਸੁਝਾਅ ਦਿੱਤਾ।

"ਹਾਂ ... ਹਾਂ ... ਬੈਠ ਕੇ ਕਰਲਾਂਗੇ ਗੱਲ। ਲੈ ਆਮਾਂਗੇ ਫਿਰ ਮੁਖਤਿਆਰ ਹੋਰਾਂ ਨੂੰ ਵੀ।" ਝੰਡਾ ਸਿੰਘ ਬੋਲਿਆ।

"ਚਲੋ ਠੀਕ ਐ ਸੰਗਤੇ।" ਵਿਸਾਖਾ ਤਾਂ ਫ਼ਤਹਿ ਬੁਲਾ ਕੇ ਆਪਣੀ ਬੀਹੀ ਪੈ ਗਿਆ।

"ਮੈਨੂੰ ਤਾਂ ਜਦੋਂ ਮਰਜੀ ਬੁਲਾ ਲਿਓ।" ਦੇਸੂ ਦਾ ਜਵਾਬ ਸੀ।

ਸਮਾਂ ਕਾਫ਼ੀ ਹੋ ਗਿਆ ਸੀ।

ਫਿਰ ਉਹ ਆਪੋ-ਆਪਣੀ ਬੀਹੀ ਨੂੰ ਹੋ ਤੁਰੇ।

ਗੁਰਮੁਖ ਕਾਲੀ ਦੀ ਭੱਠੀ ਕੋਲ਼ ਪਹੁੰਚ ਗਿਆ। ਕਾਲੀ ਦੀ ਭੱਠੀ ਨੂੰ ਤੱਕਿਆ ਪਰ ਉੱਥੇ ਨਾ ਕੋਈ ਆਪਣਾ ਸੀ ਤੇ ਨਾ ਹੀ ਕੋਈ ਬਿਗਾਨਾ। ਭੱਠੀ ਵਾਲ਼ੀ ਥਾਂ 'ਤੇ ਅਵਾਰਾ ਕੁੱਤਿਆਂ ਨੇ ਡੇਰਾ ਲਾਇਆ ਹੋਇਆ ਸੀ। ਕਿਸੇ ਆਂਢੀ-ਗੁਆਂਢੀ ਨੇ ਲੱਕੜਾਂ ਦਾ ਪਚਾਸਾ ਵੀ ਲਾ ਰੱਖਿਆ ਸੀ।

ਉਹ ਕਿੰਨਾ ਹੀ ਚਿਰ ਕਾਲੀ ਦੀ ਭੱਠੀ ਵੱਲ ਟਿਕਟਿਕੀ ਲਾ ਕੇ ਵੇਖਦਾ ਰਿਹਾ, ਜਿੱਥੇ ਕਾਲੀ ਲੋਹੇ ਦੇ ਹਲ਼ ਚੰਡਦਾ ਹੁੰਦਾ ਸੀ। ਉਸ ਤੋਂ ਹੋਰ ਝੱਲਿਆ ਨਾ ਗਿਆ। ਉਸ ਦਾ ਦਿਲ ਕਾਹਲ਼ਾ ਪੈਣ ਲੱਗਾ।

ਨਿਰਾਸ਼ ਤੇ ਉਦਾਸ ਹੋ ਕੇ ਉਹ ਘਰ ਆ ਗਿਆ। ਘਰ ਆ ਕੇ ਉਸਨੇ ਵੇਖਿਆ, ਪੰਜਾਬਾ ਵੀ ਕਾਲੀ ਵਾਲ਼ੀ ਸੰਦੂਕ ਖੋਲ੍ਹੀ ਬੈਠਾ ਸੀ। ਉਹ ਸੰਦਾਂ ਦੀ ਫਰੋਲ਼ਾ-ਫਰਾਲ਼ੀ ਕਰ ਰਿਹਾ ਸੀ। ਉਸ ਨੇ ਸੰਦਾਂ ਦੇ ਵਿੱਚ, ਛੈਣੀ ਅਤੇ ਹਥੌੜੇ ਦੇ ਕੋਲ਼ ਪਈ ਗੁੱਲੀ ਬਾਹਰ ਕੱਢ ਕੇ ਚੁੰਮ ਲਈ। ਉਸਨੇ ਅੰਦਰੋਂ ਝਰਨਾਹਟ ਜਿਹੀ ਮਹਿਸੂਸ ਕੀਤੀ। ਫਿਰ ਉਸਦਾ ਖੇਡਣ ਨੂੰ ਦਿਲ ਕੀਤਾ, ਪਰ ਖੇਡਦਾ ਕਿਸ ਨਾਲ਼ ! ਡੰਡਾ ਤਾਂ ਰਫੀਕ ਲੈ ਗਿਆ ਸੀ। ਉਸ ਦੇ ਹੱਥ ਸਿਰਫ ਗੁੱਲੀ ਸੀ, ਡੰਡਾ ਤਾਂ ਸਰਹੱਦ ਪਾਰ ਚਲਾ ਗਿਆ। ਇਹ ਵੀ ਨਹੀਂ ਪਤਾ, ਸਰਹੱਦ ਪਾਰ ਗਿਆ ਵੀ ਹੈ ਕਿ ਰਸਤੇ 'ਚ ਹੀ ਕਿੱਧਰੇ ਗੁਆਚ ਗਿਆ।

ਪੰਜਾਬ ਨੂੰ ਵੇਖ ਗੁਰਮੁਖ ਸੁੰਨ ਜਿਹਾ ਹੋ ਗਿਆ। ਉਸ ਨੂੰ ਸਮਝ ਨਹੀਂ ਸੀ ਆ ਰਹੀ, ਕੀ ਵਾਪਰ ਰਿਹਾ ਹੈ। ਉਸਨੇ ਪੰਜਾਬ ਨੂੰ ਬਾਂਹੋਂ ਫੜ ਉਠਾਇਆ।

"ਚੱਲ ... ਛੇਤੀ ਉੱਠ ਪੁੱਤ।"

ਗੁਰਮੁਖ ਨੇ ਕਿੱਲੇ ਤੋਂ ਮੱਝ ਖੋਲ੍ਹੀ। ਹੱਥ ਸੰਗਲ਼ ਫੜ ਲਿਆ। ਵਿਹੜੇ ਵਿੱਚ ਕੰਮ ਕਰਦੀ ਛੰਨੋ ਇਹ ਸਭ ਵੇਖ ਕੇ ਹੈਰਾਨ ਸੀ। ਉਹ ਪੰਜਾਬ ਦੇ ਬਾਪੂ ਨੂੰ ਵੇਖ ਬੋਲੀ ਕੁੱਝ ਨਾ ... ਅਵਾਕ ਤੇ ਮੂਕ ਦਰਸ਼ਕ ਬਣ ਕੇ ਖੜ੍ਹੀ ਰਹੀ।

"ਕਾਲੀਏ ਜਾਨੈ ....." ਗੁਰਮੁਖ ਨੇ ਛੰਨੋ ਨੂੰ ਬਿਨਾਂ ਪੁੱਛੇ ਹੀ ਉੱਤਰ ਦਿੱਤਾ।

"ਹੱਕੀ ਆ ਪੁੱਤ ... ਹੱਕੀ ਆ ..." ਫਿਰ ਉਸ ਨੇ ਪੰਜਾਬ ਨੂੰ ਮੱਝ ਹੱਕਣ ਲਈ ਕਿਹਾ। ਆਪ ਮੂਹਰੇ ਹੋ ਕੇ, ਸੰਗਲ਼ ਫੜ ਮੱਝ ਨੂੰ ਧੂਹਣ ਲੱਗਾ।

ਛੰਨੋ ਨੂੰ ਕੁੱਝ ਨਾ ਕੁੱਝ ਕਹਾਣੀ ਸਮਝ ਆ ਗਈ ਸੀ।

ਉਹ ਵੇਖਦੀ-ਵੇਖਦੀ ਸੱਥ ਵਾਲ਼ੇ ਬੋਹੜ ਤਕ ਆ ਗਈ।

ਦੋਵੇਂ ਪਿਉ ਪੁੱਤ ਕਾਲੀਏ ਪਿੰਡ ਵਿੱਚ ਦਾਖਲ ਹੋ ਗਏ। ਨਵਾਬ ਦਾ ਘਰ ਹੁਣ ਦੂਰ ਨਹੀਂ ਸੀ। ਸਵਰਨ ਸਿੰਘ ਦਾ ਪਰਿਵਾਰ ਬੈਠਣ ਲਈ ਥਾਂ ਪੱਧਰਾ ਕਰ ਰਿਹਾ ਸੀ। ਵਿਹੜੇ ਵਿੱਚ ਮੱਝ ਨੇ ਰਿੰਗਣਾ ਸ਼ੁਰੂ ਕੀਤਾ ਤਾਂ ਪਰਿਵਾਰ ਹੈਰਾਨ ਹੋ ਗਿਆ।

ਗੁਰਮੁਖ ਨੇ ਜਾਣ ਸਾਰ ਮੱਝ ਖ਼ਾਲੀ ਕਿੱਲੇ ਨਾਲ਼ ਬੰਨ੍ਹ ਦਿੱਤੀ।

"ਲੈ ਬਈ ਸਵਰਨ ਸਿਆਂ ... ਅੱਜ ਤੋਂ ਬਾਅਦ ਮੱਝ ਤੇਰੀ।" ਗੁਰਮੁਖ ਨੇ ਸਵਰਨ ਸਿੰਘ ਨੂੰ ਜੱਫੀ ਵਿੱਚ ਲੈ ਲਿਆ।

"ਪੰਜਾਬੇ ਦੇ ਬਾਪੂ ਹੁੰਦੇ ਕਿੱਲਾ ਕਿਮੇ ਖਾਲੀ ਰਹਿ ਸਕਦੈ।" ਵਿਹੜੇ ਵਿੱਚ ਪੈਰ ਰੱਖਦੀ ਛੰਨੋ ਬੋਲੀ। ਉਹ ਵੀ ਪਿਉ—ਪੁੱਤ ਦੇ ਮਗਰ ਆ ਗਈ ਸੀ।

ਸਵਰਨ ਦਾ ਪਰਿਵਾਰ ਇਹ ਸਭ ਵੇਖ ਕੇ ਹੈਰਾਨ ਸੀ।

ਛੰਨੋ ਦੁੱਧ ਵਾਲ਼ੀ ਬਾਲਟੀ ਵੀ ਆਪਣੇ ਨਾਲ਼ ਲੈ ਆਈ ਸੀ। ਗੁਰਮੁਖ ਨੇ ਉਸ ਤੋਂ ਦੁੱਧ ਵਾਲ਼ੀ ਬਾਲਟੀ ਫੜ ਕੇ ਖ਼ਾਲੀ ਕਿੱਲੀ 'ਤੇ ਟੰਗ ਦਿੱਤੀ। ਉਸ ਨੇ ਪਹਿਲਾਂ ਮੱਝ ਦੇ ਕਿੱਲੇ ਵੱਲ਼ ਤੇ ਫਿਰ ਦੁੱਧ ਵਾਲ਼ੀ ਕਿੱਲੀ ਵੱਲ ਟਿਕ—ਟਿਕੀ ਲਾ ਕੇ ਵੇਖਿਆ, ਫਿਰ ਸਵਰਨ ਨੂੰ ਜੱਫੀ ਪਾ ਆਖਣ ਲੱਗਾ –

"ਛੋਟੇ ਵੀਰ, ਅੱਜ ਤੋਂ ਬਾਅਦ ਮੱਝ ਦਾ ਕਿੱਲਾ ਖਾਲੀ ਨੀ ਰਹਿਣਾ ..." ਗੁਰਮੁਖ ਨੇ ਜੱਫੀ ਹੋਰ ਮਜ਼ਬੂਤ ਕਰ ਲਈ।

"ਤੇ ਨਾ ਹੀ ਦੁੱਧ ਵਾਲ਼ੀ ਕਿੱਲੀ ...." ਸਵਰਨ ਦੀ ਪਤਨੀ ਨਾਲ ਸਾਂਝ ਪਾਉਂਦਿਆਂ ਛੰਨੋ ਵੀ ਬੋਲੀ।

"ਦੇਖ ਛੰਨੋ .... ਮੈਨੂੰ ਨਵਾਬ ਮਿਲ ਗਿਆ ..." ਗੁਰਮੁਖ ਆਪੇ ਤੋਂ ਬਾਹਰ ਹੁੰਦਿਆਂ ਭਾਵੁਕ ਹੋ ਗਿਆ।

ਅਚਾਨਕ ਕੋਲ਼ ਖੜ੍ਹੇ ਪੰਜਾਬ ਨੇ ਬਾਪੂ ਦਾ ਚਿੱਟਾ ਝੁੱਗਾ ਖਿੱਚਿਆ ਤੇ ਉਤਾਂਹ ਮੂੰਹ ਕਰਕੇ ਪੁੱਛਣ ਲੱਗਾ – " ਬਾਪੂ, ਤੈਨੂੰ ਤਾਂ ਤਾਇਆ ਮਿਲ ਗਿਆ ...

ਤੇ ..... ਤੇ ਮੇਰਾ ਰਫੀਕ ਕਿੱਥੇ ਐ !"

"ਹੈਂ ...!" ਛੰਨੋ ਸੁਣ ਕੇ ਸੁੰਨ ਹੋ ਗਈ।

"ਤੂੰ ਫਿਕਰ ਨਾ ਕਰ ਪੁੱਤਰ ... ਆਹ ਵਿਹੜੇ ਵਿੱਚ ਫਿਰਦਾ ਮੇਰਾ ਬਾਲ ਰਫੀਕ ਈ ਏ।" ਸਵਰਨ ਨੇ ਪੰਜਾਬ ਨੂੰ ਗੋਦੀ ਵਿੱਚ ਲਿਆ।

ਪਰ ਪੰਜਾਬ ਦੇ ਹੱਥ ਅਜੇ ਵੀ ਸਿਰਫ ਤੇ ਸਿਰਫ ਗੁੱਲੀ ਹੀ ਸੀ।

———

ਚਲਦਾ

**ਨਾਵਲ ਲਿਖਣ ਲਈ ਸਹਾਇਕ ਸ੍ਰੋਤ, ਵਿਅਕਤੀ, ਸਥਾਨ ਅਤੇ ਪੁਸਤਕਾਂ—**

1. ਸ੍. ਟਾਹਣੂ ਸਿੰਘ, ਪੀਰਾਂਵਾਲੀ ਰਿਉਂਦ ( ਸਤਿਕਾਰਯੋਗ ਤਾਇਆ ਜੀ)
2. ਸ੍. ਗੁਰਦੇਵ ਸਿੰਘ ਗੁੱਜਰ ਪੁੱਤਰ ਸਤੀਆ ਰਾਮ, ਕਾਲੀਆ
3. ਸ੍. ਦਲੀਪ ਸਿੰਘ ਪੁੱਤਰ ਇੰਦਰ ਸਿੰਘ, ਚੱਕ ਖਲੀਲ ਪਰ ਹੁਣ ਕਾਲੀਆ
4. ਸ੍. ਮਨਦੀਪ ਸਿੰਘ ਲੈਕ. ਰਾਜਨੀਤੀ ਸ਼ਾਸਤਰ, ਭੱਟੋ ਭੰਗੋ ਪਰ ਹੁਣ ਕਾਲੀਆ (ਮੇਰਾ ਗੂੜ੍ਹਾ ਮਿੱਤਰ)
5. ਸਮੁੱਚਾ ਕਾਲੀਆ, ਕਾਹਨਗੜ੍ਹ, ਪੀਰਾਂਵਾਲੀ ਰਿਉਂਦ ਅਤੇ ਨੇੜਲੇ ਪਿੰਡ
6. 'ਦੇਸ਼ ਨਿਕਾਲਾ' ਮੁਹੰਮਦ ਜਕਰੀਆ ਆਫਤਾਬ (ਮਾਮੂਲੀ ਜਿਹੇ ਅੰਸ਼)
7. 'ਪੈਪਸੂ ਦੀ ਮੁਜਾਰਾ ਲਹਿਰ' ਡਾ. ਬੀ ਅਲੈਕਸੇਈ
8. 'ਅੱਗ ਦੀ ਖੇਡ' ਨਾਨਕ ਸਿੰਘ
9. 'ਭਾਰਤੀ ਲੋਕ ਨੀਚ ਕਿਵੇਂ ਬਣੇ' ਪ੍ਰੋ. ਗੁਰਨਾਮ ਸਿੰਘ ਮੁਕਤਸਰ
10. ਕੱਚੇ ਖਰੜੇ ਦਾ ਪਾਠ ਕਰਨ ਵਾਲ਼ੇ/ਸੁਝਾਅ ਦੇਣ ਵਾਲ਼ੇ ਸਾਥੀ
11. ਜਗਸੀਰ ਜੱਗੀ 'ਗੰਢੂਆਂ'-ਪਰੂਫ਼ ਰੀਡਿੰਗ ਲਈ




ਮੈਂ ਤੇ ਸਾਥੀ ਮਨਦੀਪ, ਗੁਰਦੇਵ ਸਿੰਘ ਪੁੱਤਰ ਸਤੀਆ ਰਾਮ ਨਾਲ਼



ਸਤਿਕਾਰਯੋਗ ਤਾਇਆ ਜੀ ਸ੍. ਟਾਹਣੂ ਸਿੰਘ ਤੋਂ ਪੀਰਾਂਵਾਲੀ ਸੰਬੰਧੀ ਜਾਣਕਾਰੀ ਲੈਣ ਸਮੇਂ



ਦਲੀਪ ਸਿੰਘ ਪੁੱਤਰ ਸ੍. ਇੰਦਰ ਸਿੰਘ (ਚੱਕ ਖਲੀਲ) ਨਾਲ਼ ਮੁਲਾਕਾਤ ਦੌਰਾਨ
ਮੈਂ ਤੇ ਮਨਦੀਪ ਸਿੰਘ



ਪਿੰਡ ਕਾਲੀਆ ਵਿਖੇ ਪਖੀਰਾਂ ਦਾ ਪੁਰਾਣਾ ਘਰ



ਮੈਂ ਤੇ ਮੇਰੇ ਦੋਸਤ ਪੀਰਾਂਵਾਲੀ ਦੀ ਇਤਿਹਾਸਕ ਮਸੀਤ ਕੋਲ਼, ਜਿੱਥੋਂ ਕਾਫ਼ਲਾ ਲਹਿੰਦੇ ਪੰਜਾਬ ਨੂੰ ਰਵਾਨਾ ਹੋਇਆ ਸੀ



ਲੇਖਕ ਆਪਣੀ ਪਤਨੀ ਰਘਵੀਰ ਕੌਰ ਅਤੇ ਬੇਟੀ ਜੈਸਮੀਨ ਸਰੋਏ ਨਾਲ